
ਵਰਿਆਮ

ਸਤਿਗੁਰੂ ਹਰੀ ਸਿੰਘ ਅੰਕ

੩੧ਵਾਂ ਸਾਲ
ਅਕਤੂਬਰ, ੨੦੦੯




ਹਰੀ ਨਾਮ ਵਰਖਾ ਕੀ ਆਮਾ ॥ ਤਾਰੇ ਸਹਿਸ ਪਤਿਤ ਜੇ ਜਾਮਾ ॥
ਦੇ ਕਰ ਭਜਨ ਕ੍ਰਿਤਾਰਥ ਕੀਏ ॥ ਤਾਂ ਤੇ ਭਾਏ ਯੌਂ ਮਮ ਹੀਏ ॥

ਸਤਿਗੁਰੂ ਹਰੀ ਸਿੰਘ ਅੰਕ



ਨਾਮਧਾਰੀ ਇਤਿਹਾਸ ਦੇ ਇਕ ਪਰਸਿਧ ਪਰਸੰਗ ਦਾ ਮੁਸੱਵਰ ਵਰਿਆਮ ਸਿੰਘ ਦੁਆਰਾ ਚਿਤਰਨ। ਹਰਦੁਆਰ ਗੰਗਾ ਦੇ ਕੰਢੇ ਤੇ ਇਕ ਬਹੁਤ ਵੱਡੀ ਲਕੜ ਦੀ ਅਗ ਲੱਗੀ ਗੇਲੀ ਨੂੰ ਸਤਿਗੁਰੂ ਰਾਮ ਸਿੰਘ ਅਤੇ ਸਤਿਗੁਰੂ ਹਰੀ ਸਿੰਘ ਜੀ ਆਪ ਹੀ ਚੁੱਕ ਨਦੀ ਵਿਚ ਪਰਵਾਹ ਕਰਦੇ ਹੋਏ।



ਸ੍ਰੀ ਭੈਣੀ ਸਾਹਿਬ ਗੁਰੂ ਦਰਾਂ ਦੇ ਬੂਹੇ ਅਗੇ ਪੁਲਿਸ ਚੌਕੀ ਬੈਠੀ ਸੀ। ਹਾਜ਼ਰੀ ਲਾ ਕੇ ਕੁਝ ਸਰੀਰਾਂ ਨੂੰ ਹੀ ਅੰਦਰ ਜਾਣ ਦੀ ਆਗਿਆ ਮਿਲਦੀ ਸੀ। ਅਜਿਹੀ ਸਥਿਤੀ ਵਿਚ ਗੁਰੂ ਹਰੀ ਸਿੰਘ ਨਾਮਧਾਰੀ ਪੰਥ ਦੀ ਸਿਖੀ ਹਰੀ ਰਖੀ

ਵਰਿਆਮ

ਅਕਤੂਬਰ-੨੦੦੬
ਜਿਲਦ-੩੧
ਅੰਕ- ੧੨

ਸੰਪਾਦਕ
ਜਗਦੀਸ਼ ਸਿੰਘ 'ਵਰਿਆਮ'

ਦਫਤਰ ਦਾ ਪਤਾ:	Office Address:
ਮਾਸਿਕ ਵਰਿਆਮ	Monthly WARIAM
ਲਾਡੋਵਾਲੀ ਰੋਡ	
(ਸਾਹਮਣੇ ਸੈਂਟਰਲ ਟਾਊਨ)	Ladowali Road.
ਜਲੰਧਰ- ੧੪੪੦੦੧	Opp. Central Town,
	Jalandhar-144001
ਫੋਨ-:੦੧੮੧- ੨੨੨੨੫੪੩	Ph. :0181-2222543 (O)
ਘਰ : ੦੧੮੧-੨੪੫੬੨੮੯	0181-2456289 (R)

ਵਰਿਆਮ ਦੇ ਦਰ

ਇਹ ਅੰਕ	੨੦-੦੦
ਸਲਾਨਾ ਚੰਦਾ	੨੦੦-੦੦
ਪੰਜ ਸਾਲ ਲਈ	੮੦੦-੦੦
ਜੀਵਨ ਮੈਂਬਰ	੨੦੦੦-੦੦
ਵਿਦੇਸ਼ ਲਈ	੩੦ ਪੌਂਡ ਜਾਂ ੪੦ ਡਾਲਰ ਅਮਰੀਕੀ
ਹਵਾਈ ਡਾਕ ਰਾਹੀਂ	(ਸਾਲਾਨਾ)

ਚੈਕ ਡਰਾਫਟ Monthly Wariam ਜਾਂ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।

ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

ਤਤਕਰਾ

ਗਏ ਸਿੰਘ ਜੋ ਸੋ ਮਿਲ ਆਇ। ਪਤ੍ਰ ਹੁਕਮ ਨਾਮ ਗੁਰ ਲਿਆਇ॥
ਮਹਾਰਾਜ ਛੋਟਿਓਂ ਕਾ ਨਾਮ॥ ਆਦਿ ਹੁਤੋ ਬੁਧ ਸਿੰਘ ਗੁਣ ਧਾਮ॥
ਦਸਖਤ ਨਿਜ ਪਾ ਕਰ ਗੁਰ ਲਿਖਿਆ॥ ਯਾਦ ਰਖੋ ਮੇਰੀ ਸਭ ਸਿਖਿਆ।
ਅਨੁਜਹਿ ਭ੍ਰਾਤ ਹਰੀ ਸਿੰਘ ਨਾਮਾ॥ ਸੰਗਤ ਕੀਨੀ ਹਰੀ ਤਮਾਮਾਂ॥
—*ਸੰਤ ਧਿਆਨ ਸਿੰਘ ਜੀ ਕਾਦਰਾਬਾਦ*

ਗੁਰੂ ਹਰੀ ਸਿੰਘ ਦੇਵ, ਦੀਪ ਤੇ ਦੀਪਕ ਬਲਿਓ।
ਵਿਸ਼ਨ ਰੂਪ ਕ੍ਰਿਪਾਲ, ਬ੍ਰਿਖ ਅੰਮ੍ਰਿਤ ਕੋ ਫਲਿਓ।
ਚਾਰ ਕੂੰਟ ਕੇ ਦਾਸ, ਜਿਨੈ ਭਵ ਸਾਗਰ ਤਾਰੇ।
ਉੱਜਲ ਤਿਨ ਕੇ ਭਾਗ, ਜਾਇ ਜਿਨ ਚਰਨ ਨਿਹਾਰੇ।
ਜੋ ਯਾ ਮੇਂ ਸੰਸਾ ਕਰੇ, ਸੋ ਜਾ ਪੇਖੇ ਨੈਨ ਕਰ।
ਊਚ ਨੀਚ ਕੇ ਮੇਘ ਜਿਓਂ, ਬਰਖਤ ਸਭ ਥਾਂ ਏਕ ਸਰ।
—*ਸੰਤ ਲਾਲ ਸਿੰਘ*

ਸਤਿਗੁਰੂ ਹਰੀ ਸਿੰਘ ਜੀ

ਸਤਿਗੁਰੂ ਹਰੀ ਸਿੰਘ ਜੀ ਦੀ ਕਹਾਣੀ ਬੜੀ ਦਰਦ ਭਰੀ ਦਾਸਤਾਨ ਹੈ। ਕਈ ਵਾਰ ਪੜ੍ਹੇ, ਸੁਣੇ ਹੋਣ ਦੇ ਬਾਵਜੂਦ ਇਹ ਦਿਲ ਨੂੰ ਹਿਲਾ ਦੇਣ ਵਾਲਾ ਇਤਿਹਾਸ ਹੈ। ਗੁਰੂ ਰਾਮ ਸਿੰਘ-ਗੁਰੂ ਹਰੀ ਸਿੰਘ ਜੀ ਦੀ ਭਰਜਾਈ, ਮਾਮੇ ਦੀ ਨੂੰਹ ਭੋਲੀ ਜਦੋਂ ਮੰਗਤੀ ਬਣ ਕੇ ਸ੍ਰੀ ਭੈਣੀ ਸਾਹਿਬ ਗੁਰਾਂ ਦੇ ਦਰ ਤੇ ਆਉਂਦੀ ਹੈ ਕਿ ਪਰਸ਼ਾਦਾ ਛਕਣਾ ਹੈ ਤਾਂ ਇਹ ਬਿਰਤਾਂਤ ਪੜ੍ਹ ਕੇ ਪਲਕਾਂ ਵਿਚ ਬਦੋ ਬਦੀ ਹੰਝੂ ਛਲਕ ਪੈਂਦੇ ਹਨ।

ਤਖਤਾਂ ਤਾਜਾਂ ਤੇ ਬਾਜਾਂ ਵਾਲੇ ਸ਼ਾਹਸਵਾਰ ਪਾਤਸ਼ਾਹਾਂ ਨੂੰ ਕਦੇ ਨੰਗੇ ਪੈਰੀਂ ਮਾਛੀਵਾੜੇ ਦੇ ਜੰਗਲਾਂ ਵਿਚ ਇਕਲਿਆਂ ਵਿਚਰਨਾ ਪਿਆ ਸੀ। ਜਿਨ੍ਹਾਂ ਦੇ ਹਜ਼ੂਰ ਵਿਚ ਆਪ ਭਗਵਾਨ ਰਹਿੰਦੇ ਸਨ ਉਹਨਾਂ ਪਾਂਡਵਾਂ ਨੂੰ ਮਜ਼ਦੂਰ ਬਣਨਾ ਪਿਆ। ਇਹ ਇਤਿਹਾਸ ਦਾ ਸੱਚ ਹੈ ਇਹ ਤਬਦੀਲੀ ਦਾ ਗੁਰ ਹੈ ਭਾਵ ਇਨਕਲਾਬ ਦਾ ਮੰਤਰ ਹੈ। ਸਤਿਗੁਰੂ ਹਰੀ ਸਿੰਘ ਦੀ ਕਹਾਣੀ ਹੰਝੂਆਂ ਦੀ ਵੀ ਕਹਾਣੀ ਹੈ ਅਤੇ ਨਾਲ ਦੀ ਨਾਲ ਇਹ ਸ਼ੁਜਾਅਤ, ਭਗਤੀ ਅਤੇ ਦਰਸ਼ਨ ਪਿਆਸ ਦੀ ਗਾਥਾ ਵੀ ਹੈ।

ਇਹ ਉਦੋਂ ਦੀ ਕਹਾਣੀ ਹੈ ਜਦੋਂ ਬਾਹਰੋਂ ਆਏ ਗੋਰੇ ਹੁਕਮਰਾਨ ਨੇ ਆਜ਼ਾਦੀ ਦੇ ਚਮਕਦੇ ਸੂਰਜ ਸਤਿਗੁਰੂ ਰਾਮ ਸਿੰਘ ਦੀਆਂ ਕਿਰਨਾਂ ਨੂੰ ਲਕਾਉਣ ਲਈ ਬਦੇਸ਼ ਭੇਜ ਦਿੱਤਾ। ਆਪਣੇ ਸਮੇਂ ਦਾ ਸਭ ਤੋਂ ਕਰੂਰ ਦਮਨਕਾਰੀ ਅਤੇ ਦਰਦਨਾਕ ਨਰ ਸੰਘਾਰ ਪੰਜਾਬ ਵਿਚ ਕੀਤਾ। ਮਲੇਰ ਕੋਟਲੇ ਵਿਚ ਤੋਪਾਂ ਨਾਲ ਗੁਰੂ ਰਾਮ ਸਿੰਘ ਦੇ ਪੈਰੋਕਾਰ ਨਾਮਧਾਰੀ ਸਿੰਘ ਉਡਾ ਦਿੱਤੇ ਗਏ। ਦੇਸ਼ ਵਿਦੇਸ਼ ਵਿਚ ਕੁਲ ਕੂਕਾ ਪੰਥ ਨਜ਼ਰ ਬੰਦ ਜਾਂ ਕੈਦ ਕਰ ਕੇ ਆਪਣੇ ਵੱਲੋਂ ਅੰਗਰੇਜ਼ ਨੇ ਸਦਾ ਲਈ ਖ਼ਤਮ ਕਰ ਦਿੱਤਾ ਜਾਣਿਆਂ। ਪ੍ਰਚੱਲਤ ਇਤਿਹਾਸ ਮਲੇਰ ਕੋਟਲੇ ਕਾਂਡ ਨਾਲ ਚੁੱਪ ਹੋ ਜਾਂਦਾ ਹੈ। ਸਤਿਗੁਰੂ ਹਰੀ ਸਿੰਘ ਦਾ ਇਤਿਹਾਸ ਇਥੋਂ ਸ਼ੁਰੂ ਹੁੰਦਾ ਹੈ। ਭਾਵੇਂ ਇਹ ਇਤਿਹਾਸ ਲੋਕਾਂ ਦੇ ਸਾਹਮਣੇ ਬਾਹਲਾ ਨਹੀਂ ਆਇਆ ਪਰ ਹੈ ਤਾਂ ਇਹ ਪਰਵਾਨਤ ਹਕੀਕਤ ਹੀ। ਇਹ ਸੱਚ ਹੈ ਕਿ ਉਸ ਸਮੇਂ ਪਰਚਾਰ ਅਤੇ ਸੰਚਾਰ ਦੇ ਏਨੇ ਸਾਧਨ ਨਹੀਂ ਸਨ, ਪਰ ਅੱਜ ਜਦੋਂ ਤਕਨਾਲੋਜੀ ਦੀ 'ਤਰੱਕੀ' ਨਾਲ ਇਹ ਸਾਧਨ ਬਹੁਤ ਤਾਕਤਵਰ ਹੋ ਗਏ ਹਨ ਤਾਂ ਵੀ ਇਹ ਕੀ ਖੋਹਣ ਖੋਹ ਰਹੇ ਹਨ, ਸਭ ਜਾਣਦੇ ਹਨ।

ਸਮਾਂ ਵੀ ਕਈ ਵਾਰ ਅਜੀਬ ਅਜੀਬ ਰੰਗ ਵਖਾਉਂਦਾ ਹੈ। ਤ੍ਰਾਸਦੀ ਵੇਖੋ, ਗੁਰੂ ਹਰੀ ਸਿੰਘ ਆਜ਼ਾਦੀ ਦੀ, ਆਪਣੇ ਲੋਕ ਰਾਜ ਦੀ, ਖਾਲਸਾ ਰਾਜ ਦੀ ਸਥਾਪਤੀ ਦੀ ਜੰਗ ਲੜ ਰਹੇ ਹਨ ਅਤੇ ਉਸ ਵੇਲੇ ਜਿਹੜਾ ਭਾਈਚਾਰਾ ਇਹਨਾਂ ਦੀ ਜੀਅ ਜਾਨ ਨਾਲ ਮੁਖਾਲਫਤ ਵਿਚ ਅੰਗਰੇਜ਼ ਦੀ ਮਦਦ ਵਿਚ ਖੜਾ ਹੈ ਉਹ ਨਾਅਰਾ 'ਰਾਜ ਕਰੇਗਾ ਖਾਲਸਾ' ਦਾ ਲਾ ਰਿਹਾ ਹੈ। ਇਸੇ ਤਰ੍ਹਾਂ ਹੀ ਕੂਕਿਆਂ ਨੂੰ ਪਾਠ, ਅਖੰਡ ਪਾਠ ਕਰਣ ਨਹੀਂ ਦਿੱਤੇ ਜਾਂਦੇ। ਇਹ ਗੁਰਬਾਣੀ ਪਾਠ ਵੀ ਖੁਫੀਆ ਤੌਰ ਤੇ ਕਰਦੇ ਹਨ ਅਤੇ ਪਾਠ ਕਰਨ ਤੇ 'ਅੰਦਰ' ਵੀ ਕੀਤੇ ਜਾਂਦੇ ਹਨ ਪਰ ਅੰਗਰੇਜ਼ ਸਰਕਾਰ ਦੀ ਮਦਦ ਉਹ ਲੋਕ ਕਰ ਰਹੇ ਹਨ ਜਿਹਨਾਂ ਦੀ ਸ਼ਕਲ ਸਿੱਖਾਂ ਵਾਲੀ ਅਤੇ ਨਾਅਰਾ ਹੈ "ਗੁਰੂ ਮਾਨਿਓ ਗ੍ਰੰਥ"।

ਵਰਿਆਮ ਦੇ ਅਗਲੇ ਪੰਨਿਆਂ ਤੇ ਕੁੱਝ ਵਿਸਥਾਰ ਨਾਲ ਗੁਰੂ ਹਰੀ ਸਿੰਘ ਕਾਲ ਦੀ ਵੀਰ ਗਾਥਾ ਦਾ ਜ਼ਿਕਰ ਆ ਰਿਹਾ ਹੈ ਜੋ ਪੰਜਾਬ ਤੋਂ ਲੈ ਕੇ ਬਰਮਾ ਅਤੇ ਰੂਸ ਦੇਸ਼ ਤੱਕ ਫੈਲੀ ਹੋਈ ਹੈ। ਗੁਰੂ ਹਰੀ ਸਿੰਘ ਬਾਹਰਲਿਆਂ ਦਾ ਵੀ ਮੁਕਾਬਲਾ ਕਰਦੇ ਰਹੇ ਅਤੇ ਆਪਣਿਆਂ ਦਾ ਵੀ। ਅੱਜ ਤੋਂ ਸੌ ਸਾਲ ਪਹਿਲਾਂ ਧਰਤੀ ਜਿਹੇ ਧੀਰਜਵਾਨ ਗੁਰੂ ਹਰੀ ਸਿੰਘ ਜੀ ਨੇ ਨਾਮਧਾਰੀ ਜਗਤ ਦੀ ਸਰਦਾਰੀ ਸੰਪੂਰਣ ਕੀਤੀ ਅਤੇ ਸਤਾਰਾਂ ਸਾਲ ਦੀ ਗਭਰੇਟ ਉਮਰ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਹ ਵਾਗ ਡੋਰ ਸੰਭਾਲੀ। ਜਿੱਥੋਂ ਤੱਕ ਸਤਿਗੁਰੂ ਹਰੀ ਸਿੰਘ ਮਹਾਰਾਜ ਜੀ ਦੀ ਕਹਾਣੀ ਦਾ ਪਰਚਾਰ ਹੈ ਉਹ ਅਸਾਂ ਕੀਹ ਕਰਨਾ ਹੈ ਪਰ ਇਸ ਅੰਕ ਰਾਹੀਂ ਉਹਨਾਂ ਦੀ ਪਾਵਨ ਕੀਰਤੀ ਨੂੰ ਯਾਦ ਕਰਨ ਦਾ ਜਤਨ ਕੀਤਾ ਹੈ।

ਨਾਮਧਾਰੀ ਪੰਥ ਦੇ ਆਫੀਸ਼ੀਅਲ ਪਰਚੇ ਸਤਿਜੁਗ ਨੇ ਕਿਸੇ ਸਮੇਂ ਸਤਿਗੁਰੂ ਹਰੀ ਸਿੰਘ ਅੰਕ ਛਾਪਿਆ ਸੀ। ਸਾਡੇ ਸਵਰਗੀ ਮਿੱਤਰ ਅਤੇ ਬਜ਼ੁਰਗ ਸ੍ਰੀ ਪ੍ਰੀਤਮ ਸਿੰਘ ਕਵੀ ਦੀ ਸੰਪਾਦਨਾ ਵਿਚ ਛਪਿਆ ਇਹ ਯਾਦਗਾਰੀ ਅੰਕ ਆਪਣੇ ਵਿਸ਼ੇ ਤੇ ਮੂਲ ਸਾਮਗਰੀ (Source Material) ਦੀ ਹੈਸੀਅਤ ਰੱਖਦਾ ਹੈ।

ਨਿਰਸੰਦੇਹ ਅਸੀਂ ਵਰਿਆਮ ਦੇ ਇਸ ਅੰਕ ਵਾਸਤੇ ਕਵੀ ਜੀ ਦੁਆਰਾ ਸੰਪਾਦਤ ਇਸ ਅਹਿਮ ਅੰਕ ਦੀ ਸਹਾਇਤਾ ਲਈ ਹੈ। ਇਹ ਅੰਕ ੨੫ ਭਾਦਰੋਂ ਸੰਮਤ ੨੦੨੨ ਅਥਵਾ ਸੰਨ ੧੯੬੫ ਦੇ ਸਤੰਬਰ ਵਿਚ ਪ੍ਰਕਾਸ਼ਤ ਹੋਇਆ ਅੱਜ ਤੋਂ ਇਕਤਾਲੀ ਸਾਲ ਪਹਿਲਾਂ। ਹੁਣ ਪਾਠਕਾਂ ਦੀ ਨਵੀਂ ਪੌਧ ਆ ਚੁੱਕੀ ਹੈ ਬਲਕਿ ਦੋ ਪੀਹੜੀਆਂ ਦਾ ਫਰਕ ਹੈ। ਇਹ ਨਵੀਂ ਪੀਹੜੀ ਆਪਣੇ

ਇਤਿਹਾਸ ਦੀ ਪੁਨਰ ਵਿਆਖਿਆ ਮੰਗਦੀ ਹੈ। ਇਹ ਬਹੁਤ ਸੁਭਾਗ ਦੀ ਗੱਲ ਹੈ ਕਿ ਸਤਿਜੁਗ ਦੇ ਉਸ ਅੰਕ ਵਿਚ ਨੌਜਵਾਨ ਅਵਸਥਾ ਵਿਚ ਭਰਪੂਰ ਮਦਦ ਕਰਨ ਵਾਲੇ ਸ. ਸੁਵਰਨ ਸਿੰਘ ਵਿਰਕ ਅੱਜ ਵੀ ਸਾਡੇ ਅੰਗ ਸੰਗ ਵਰਿਆਮ ਦੇ ਪਰਮ ਸਹਿਯੋਗੀ ਅਤੇ ਪ੍ਰਮੁੱਖ ਲੇਖਕ ਹਨ। ਇਸ ਅੰਕ ਦੀ ਤਿਆਰੀ ਵਿਚ ਉਹਨਾਂ ਦੀ ਮੋਹਰੀ ਭੂਮਿਕਾ ਹੈ। ਦਰ ਅਸਲ ਉਹਨਾਂ ਦਾ ਹੀ ਇਕ ਵਿਸ਼ੇਸ਼ ਲੇਖ ਇਸ ਅੰਕ ਵਿਚ ਦੇ ਕੇ ਅਸੀਂ ਆਪਣੀ ਹਾਜ਼ਰੀ ਲੁਆਣ ਦਾ ਮਨ ਬਣਾਇਆ ਸੀ ਅਤੇ ਉਸ ਲੇਖ ਦੀ ਏਨੀ ਸਮਰਥਾ ਵੀ ਹੈ। ਵੱਡੇ ਆਕਾਰ ਵਾਲੇ ਅੰਕ ਵੱਡੇ ਸਾਧਨਾਂ ਦੀ ਮੰਗ ਕਰਦੇ ਹਨ ਇਸ ਕਰ ਕੇ ਵੀ ਵਰਿਆਮ ਦੇ ਸੀਮਤ ਸਾਧਨਾਂ ਦੇ ਰੂ-ਬ-ਰੂ, ਗੁਰੂ ਹਰੀ ਸਿੰਘ ਕਾਲ ਦੇ ਸਾਰੇ ਪੱਖਾਂ ਨੂੰ ਕਲਾਵੇ ਵਿਚ ਲੈਂਦਾ ਵਿਰਕ ਜੀ ਦਾ ਇਕੋ ਲੇਖ ਹੀ ਸਾਡੀ ਵਿਉਂਤ ਵਿਚ ਸੀ ਪਰ ਫਿਰ ਅਸੀਂ ਮਹਿਸੂਸ ਕੀਤਾ ਕਿ ਅਜੇ ਕੁਝ ਹੋਰ ਵਿਸਥਾਰ ਦੇਣ ਦੀ ਗੁੰਜਾਇਸ਼ ਪੈਦਾ ਹੋ ਸਕਦੀ ਹੈ। ਫਲ ਸਰੂਪ ਗੁਰੂ ਦੀ ਟੇਕ ਲੈ ਕੇ ਹੋਰ ਜਾਨਦਾਰ ਲੇਖ ਇਸ ਅੰਕ ਵਿਚ ਸ਼ਾਮਲ ਕੀਤੇ ਗਏ ਹਨ। ਇਹ ਪੰਨਿਆਂ ਦੇ ਪਖੋਂ ਅਤੇ ਇਸ਼ਤਿਹਾਰਾਂ ਦੇ ਪੱਖੋਂ ਇਕ ਆਮ ਮਾਸਕ ਅੰਕ ਹੀ ਹੈ ਪਰ ਸਾਮਗਰੀ ਦੇ ਮਹੱਤਵ ਪੱਖੋਂ ਬਹੁਤ ਵਿਸ਼ੇਸ਼ ਹੈ, ਐਸਾ ਸਾਡਾ ਅਨੁਮਾਨ ਹੈ।

ਇਹਨਾਂ ਇਕਤਾਲੀ ਸਾਲਾਂ ਵਿਚ ਕੁਝ ਮੂਲ ਸਾਮੱਗਰੀ ਪ੍ਰਦਾਨ ਕਰਨ ਵਾਲੇ ਮੁਲਵਾਨ ਗ੍ਰੰਥ ਛੱਪ ਚੁੱਕੇ ਹਨ ਜਿਹਾ ਕਿ ਸ੍ਰੀ ਸਤਿਗੁਰੂ ਬਿਲਾਸ ਕ੍ਰਿਤ ਸੰਤ ਧਿਆਨ ਸਿੰਘ ਕਾਦਰਾਬਾਦ (ਕਾਵਿ ਗ੍ਰੰਥ) ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰਵਚਨ, ਭਾਈ ਸੰਤੋਖ ਸਿੰਘ ਬਾਹੂਵਾਲ ਵਾਲਾ ਸਤਿਗੁਰੂ ਬਿਲਾਸ, ਪ੍ਰੋ. ਕਿਰਪਾਲ ਸਿੰਘ ਕਸੇਲ ਰਚਿਤ ਵਡ ਆਕਾਰੀ ਤਵਾਰੀਖ ਸੰਤ ਖਾਲਸਾ (ਹਿਸਾ ਪਹਿਲਾ) ਜਿਨ੍ਹਾਂ ਵਿਚ ਗੁਰੂ ਹਰੀ ਸਿੰਘ ਕਾਲ ਦੀ ਵਚਿਤਰ ਗਾਥਾ ਦੇ ਅੰਸ਼ ਮਿਲਦੇ ਹਨ। ਕੁਝ ਲੇਖ ਸੰਤ ਟਹਿਲ ਸਿੰਘ ਸੱਦੋਵਾਲ ਦੇ ਵੀ ਇਸ ਪਰਸੰਗ ਵਿਚ ਵਰਨਣ ਯੋਗ ਹਨ ਅਤੇ ਇਹਨਾਂ ਲਿਖਤਾਂ ਦੇ ਆਧਾਰ ਤੇ ਮਾਸਟਰ ਅਜੀਤ ਸਿੰਘ ਚੀਮਾ ਨੇ ਜੋਤ ਦਾ ਜਾਮਾ ਪੁਸਤਕ ਵੀ ਲਿਖੀ। ਸਵ: ਮਾਸਟਰ ਨਿਹਾਲ ਜੀ ਦੀ ਪੂਰੀ ਕਾਵਿ ਪੁਸਤਕ ਸੀਤਲਤਾ ਦਾ ਸ੍ਰੋਤ ਵੀ ਅਹਿਮ ਹੈ। ਪਰ ਇਹ ਵਚਿਤਰ ਕਹਾਣੀ ਸਮੇਂ-ਸਮੇਂ ਪਰਸੰਗਾਂ ਵਿਚ ਛਪਣ ਦੇ ਬਾਵਜੂਦ ਵੀ ਬਹੁਤੀ ਲੋਕਾਂ ਸਾਹਮਣੇ ਨਹੀਂ ਆਈ। ਸਮਾਂ ਨਿਤ ਬਦਲ ਰਿਹਾ ਹੈ। ਇਸ ਅੰਕ ਵਿਚ ਕੁਝ ਸੰਦਰਭ ਅਜਿਹੇ ਹੋਣਗੇ ਜੋ ਹੁਣ ਨਹੀਂ ਲਭਣਗੇ, ਕੁਝ ਲੇਖਾਂ ਵਿਚ ਘਟਨਾਵਾਂ ਦਾ ਦੂਹਰਾ ਵੀ ਹੋਵੇਗਾ ਜੋ ਕੁਦਰਤੀ ਹੈ। ਗੁਰੂ ਹਰੀ ਸਿੰਘ ਦਾ ਨਾਮ ਸੰਕਟ ਨਿਵਾਰਨ ਹੈ। ਜਦੋਂ ਕਿਤੇ ਚਿੰਤਾ ਘੇਰਦੀ ਹੈ ਤਾਂ ਗੁਰੂ ਹਰੀ ਸਿੰਘ ਦਾ ਨਾਮ ਅਤੇ ਇਤਿਹਾਸ ਬਹੁਤ ਧੀਰਜ ਦੇਂਦਾ ਹੈ।

ਹਰੀ ਨਾਮ ਵਰਖਾ ਕੀ ਆਮਾ॥ ਤਾਰੇ ਸਹਿਸ ਪਤਿਤ ਜੇ ਜਾਮਾ॥
ਦੈ ਕਰ ਭਜਨ ਕ੍ਰਿਤਾਰਥ ਕੀਏ॥ ਤਾਂਤੇ ਭਾਏ ਯੋ ਮਮ ਹੀਏ॥ (ਸੰਤ ਧਿਆਨ ਸਿੰਘ)

ਭੁਲ ਚੁੱਕ ਅਤੇ ਤਰੁਟੀਆਂ ਦੇ ਬਾਵਜੂਦ ਪਾਠਕ ਤਿਲਫੁਲ ਪਰਵਾਨ ਕਰਣ।

—ਜਗਦੀਸ਼ ਸਿੰਘ ਵਰਿਆਮ

ਸ. ਦਇਆ ਸਿੰਘ ਮਠਾੜੂ

ਭਾਵੇਂ ਸੰਚਾਰ ਦੀਆਂ ਤਕਨੀਕਾਂ ਬਹੁਤ ਤਰੱਕੀ ਕਰ ਗਈਆਂ ਹਨ ਪਰ ਦੂਰੀਆਂ ਤਾਂ ਦੂਰੀਆਂ ਹੀ ਹਨ। ਬਹੁਤ ਦੇਰ ਨਾਲ ਪਤਾ ਲੱਗਾ ਹੈ ਕਿ ਵਰਿਆਮ ਦੇ ਪਰਮ ਸਨੇਹੀ ਅਤੇ ਸੁਚੇਤ ਪਾਠਕ ਸ. ਦਇਆ ਸਿੰਘ ਮਠਾੜੂ ਸਦੀਵੀ ਵਿਛੋੜਾ ਦੇ ਗਏ ਹਨ।

ਸ. ਦਇਆ ਸਿੰਘ ਮਠਾੜੂ ਬਹੁਤ ਪ੍ਰਭਾਵਸ਼ਾਲੀ ਸ਼ਖਸੀਅਤ ਵਾਲੇ ਉੱਚੇ ਲੰਬੇ ਅਤੇ ਭਰਵੇਂ ਸਰੀਰ ਦੇ ਸੁਆਮੀ ਸਨ। ਤਨਜ਼ਾਨੀਆਂ ਦੀ ਰਾਜਧਾਨੀ ਦਾਰਾਸਲਾਮ ਵਿਚ ਉਹਨਾਂ ਦੀ ਮਹੱਲ ਵਰਗੀ ਕੋਠੀ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਅਸੀਂ ਅਕਸਰ ਜਾਂਦੇ ਰਹੇ ਹਾਂ। ਬਾਦ ਵਿਚ ਉਹਨਾਂ ਆਪਣਾ ਨਿਵਾਸ ਇੰਗਲੈਂਡ ਵਿਚ ਵੀ ਕਰ ਲਿਆ। ਸ. ਦਇਆ ਸਿੰਘ ਦੇ ਜਲੰਧਰ ਵਿਚ ਰਹਿੰਦੇ ਛੋਟੇ ਵੀਰ ਸ. ਹਰਚਰਨ ਸਿੰਘ ਤੋਂ ਪ੍ਰਾਂਪਤ ਜਾਣਕਾਰੀ ਅਨੁਸਾਰ ਉਹਨਾਂ ਅੰਤਮ ਸੁਆਸ ੧੨ ਅਗਸਤ ੨੦੦੬ ਨੂੰ ਲਿਆ। ਬਗੈਰ ਬੀਮਾਰੀ ਤੋਂ ਬਹੁਤ ਸਹਿਜ ਰੂਪ ਵਿਚੋਂ ਉਹ ਇਸ ਸੰਸਾਰ ਤੋਂ ਵਿਦਾਅ ਹੋ ਗਏ। ਦਸ ਅਗਸਤ ਨੂੰ ਆਪਣੇ ਇਕਾਸੀਵੇਂ ਜਨਮ ਦਿਨ ਤੇ ਉਹਨਾਂ ਕਹਿ ਦਿੱਤਾ ਕਿ ਸਾਡਾ ਹਿਸਾਬ ਪੂਰਾ ਹੋ ਗਿਆ ਹੈ ਅਤੇ ਦੋ ਦਿਨ ਬਾਅਦ ਬਿਰਾਜੇ ਹੋਇਆਂ ਹੀ ਆਰਾਮ ਨਾਲ ਸਰੀਰ ਛੱਡ ਦਿੱਤਾ। ਇਕੀ ਅਗਸਤ ਨੂੰ ਨਾਮਧਾਰੀ ਕੇਂਦਰ ਸਾਊਥਾਲ ਲੰਡਨ ਵਿਚ ਉਹਨਾਂ ਨਮਿਤ ਪਾਠ ਦਾ ਭੋਗ, ਕੀਰਤਨ ਅਤੇ ਸ਼ਰਧਾਂਜਲੀ ਸਮਾਗਮ ਵੀ ਹੋ ਗਿਆ। ਸ. ਦਇਆ ਸਿੰਘ ਮਠਾੜੂ ਪਿੰਡ ਭਾਣੋਂ ਲੰਗਾ ਜ਼ਿਲਾ ਕਪੂਰਥਲਾ ਵਿਚ ਪਿਤਾ ਸੰਤ ਰਾਮ ਸਿੰਘ – ਮਾਤਾ ਬਿਸ਼ਨ ਕੌਰ ਦੇ ਘਰ ੧੦ ਅਗਸਤ ੧੯੨੫ ਨੂੰ ਜਨਮੇ। ਜੀਵਨ ਵਿਚ ਉਹਨਾਂ ਸਖ਼ਤ ਸੰਘਰਸ਼ ਕੀਤਾ। ਭਾਰਤ ਵਿਚ ਕਈ ਥਾਈਂ ਐਬਟਾਬਾਦ-ਕਲੱਕਤਾ ਆਦਿਕ ਥਾਵਾਂ ਬਾਦ ੧੯੪੮ ਵਿਚ ਉਹ ਈਸਟ ਅਫਰੀਕਾ ਦੇ ਦੇਸ਼ ਤਨਜ਼ਾਨੀਆ ਚਲੇ ਗਏ। ਆਪ ਸ਼ੁਧ ਪਾਠ ਕਰਣ ਵਾਲੇ ਅਖੰਡ ਪਾਠੀ ਵੀ ਸਨ। ਤਨਜ਼ਾਨੀਆ ਵਿਚ ਮਠਾੜੂ ਵੁੱਡ ਵਰਕਸ ਪ੍ਰਾਈਵੇਟ ਲਿਮਿਟਿਡ ਨਾਮ ਨਾਲ ਵਿਸ਼ਾਲ ਕਾਰੋਬਾਰ ਸਥਾਪਤ ਕੀਤਾ ਅਤੇ ਦਾਰਾਸਲਾਮ ਵਿਚ ਨਾਮਧਾਰੀ ਸੰਗਤ ਨੂੰ ਸੰਗਠਿਤ ਕੀਤਾ। ਸਤਿਗੁਰੂ ਜਗਜੀਤ ਸਿੰਘ ਜੀ ਦੇ ਤਨਜ਼ਾਨੀਆਂ ਦੌਰਿਆਂ ਦੀ ਸੇਵਾ ਕਈ ਵਾਰ ਪ੍ਰਾਪਤ ਕੀਤੀ। ੧੯੮੫ ਵਿਚ

ਦਾਰਾ ਸਲਾਮ ਵਿਚ ਨਾਮਧਾਰੀ ਕੌਮਾਂਤਰੀ ਹੋਲਾ ਮਹੱਲਾ ਵੀ ਅਸੀਂ ਮਾਣਿਆ ਹੈ। ਸ. ਮਹਿੰਦਰ ਸਿੰਘ ਪਾਲਰੇ ਦੇ ਸਪੁੱਤਰ ਸ. ਸਤਵੰਤ ਸਿੰਘ ਪਾਲਰੇ ਘਰ ਆਪ ਦੀ ਸਪੁੱਤਰੀ ਹਰਜਿੰਦਰ ਕੌਰ ਵਿਆਹੀ ਹੈ। ਸਤਵੰਤ ਸਿੰਘ ਜੀ ਨਾਮਧਾਰੀ ਸੰਗਤ ਤਨਜ਼ਾਨੀਆ ਦੇ ਪ੍ਰਧਾਨ ਹਨ। ਆਪ ਦੇ ਸਪੁੱਤਰ ਸ. ਨਰਿੰਦਰ ਸਿੰਘ ਪਿਤਾ ਵਾਂਗ ਹੀ ਹਲੀਮ ਅਤੇ ਗੁਰੂ ਘਰ ਦੇ ਪ੍ਰੇਮੀ ਹਨ। ਆਪ ਦੇ ਭਰਾ ਸ. ਸਵਰਨ ਸਿੰਘ ਮਠਾੜੂ ਕਪੂਰਥਲਾ ਵਿਖੇ ਅਤੇ ਸ. ਹਰਚਰਨ ਸਿੰਘ ਜਲੰਧਰ ਵਿਚ ਰਹਿ ਕੇ ਕਾਰੋਬਾਰ ਕਰ ਰਹੇ ਹਨ। ਇਹਨਾਂ ਦੇ ਆਪਣੇ ਕਾਰੋਬਾਰ ਅਤੇ ਬਾਗ ਪਰਿਵਾਰ ਸਥਾਪਤ ਹਨ। ਦੋ ਭੈਣਾਂ ਵਡੀ ਬੀਬੀ ਸਵਰਨ ਕੌਰ ਅਤੇ ਛੋਟੀ ਮਲਕੀਤ ਕੌਰ ਹੈ। ਆਪ ਦੇ ਭਾਣਜੇ ਸ. ਦਲਜੀਤ ਸਿੰਘ ਕਲਸੀ ਮੋਸ਼ੀ ਤਨਜ਼ਾਨੀਆਂ ਵਿਚ ਸਥਾਪਤ ਹਨ ਅਤੇ ਸ. ਹਰਬੰਸ ਸਿੰਘ ਕਲਸੀ ਜਲੰਧਰ ਵਿਚ। ਸਭ ਦੇ ਬੜੇ ਪਿਆਰੇ ਪਰਿਵਾਰ ਹਨ। ਦਾਰਾਸਲਾਮ ਵਿਚ ਹਰ ਵੀਰਵਾਰ ਨੂੰ ਦੀਵਾਨ ਸਜਦੇ ਰਹੇ, ਨਾਮ ਸਿਮਰਨ ਕੀਰਤਨ ਅਤੇ ਲੰਗਰ ਸ. ਦਇਆ ਸਿੰਘ ਦੀ ਕੋਠੀ ਵਿਚ ਹੁੰਦੇ ਰਹੇ ਹਨ। ਬਹੁਤ ਸਾਰੀ ਨਵੀਂ ਨਾਮਧਾਰੀ ਸੰਗਤ ਆਪ ਦੀ ਪ੍ਰੇਰਨਾ ਨਾਲ ਗੁਰੂ ਘਰ ਨਾਲ ਜੁੜੀ ਰਹੀ ਹੈ। ਸ. ਦਇਆ ਸਿੰਘ ਦੇ ਜਾਣ ਨਾਲ ਵਰਿਆਮ ਪਰਿਵਾਰ ਨੂੰ ਤਾਂ ਘਾਟਾ ਪਿਆ ਹੀ ਹੈ ਪਰ ਉਹ ਸੰਸਾਰ ਤੋਂ ਵਿਦਾ ਪੂਰੇ ਸੰਤਾਂ ਵਾਲੀ ਸ਼ਾਨ ਨਾਲ ਹੋਏ ਹਨ।

ਸੂਬਾ ਸ. ਮਹਿੰਦਰ ਸਿੰਘ ਭਮਰਾ

ਸੂਬਾ ਸ. ਮਹਿੰਦਰ ਸਿੰਘ ਭਮਰਾ ਜੀ ਮੋਰੋਂ ਪਿੰਡ ਵਾਲੇ ਡੂਬਈ ਵਿਚ ਸਥਾਪਤ ਪਰਸਿਧ ਹਸਤੀ ਸਨ। ਇਹਨਾਂ ਦਾ ਨਿਵਾਸ ਅਸਥਾਨ ਨਾਮਧਾਰੀ ਸੰਗਤ਼ ਦੀ ਧਾਰਮਕ ਅਤੇ ਸਮਾਜਕ ਸਰਗਰਮੀਆਂ ਦਾ ਕੇਂਦਰ ਸੀ। ਵਰਿਆਮ ਪਰਚੇ ਅਤੇ ਸੰਪਾਦਕ ਵਰਿਆਮ ਦੇ ਮਿਤਰ ਮੰਡਲ ਵਿਚ ਸਰਗਰਮ ਸਨ। ਬਹੁਤ ਪਿਆਰੇ ਨਿਘੇ ਅਤੇ ਪ੍ਰਭਾਵਸ਼ਾਲੀ ਸ਼ਖਸੀਅਤ ਦੇ ਸੁਆਮੀ ਸਨ। ਸਤਿਗੁਰੂ ਜਗਜੀਤ ਸਿੰਘ ਜੀ ਨਾਲ ਦੌਰੇ ਸਮੇਂ ਇਹਨਾਂ ਦੇ ਗ੍ਰਹਿ ਡੂਬਈ ਵਿਖੇ ਅਸੀਂ ਬਹੁਤ ਰੌਣਕਾਂ ਵੇਖੀਆਂ ਅਤੇ ਵਰਕਸ਼ਾਪ ਵਿਚ ਸੰਗਤਾਂ ਦਾ ਭਾਰੀ ਮੇਲੇ ਦਾ ਅਨੰਦ ਮਾਣਿਆ ਹੈ। ਉਹ ਪਿਛਲੇ ਦਿਨੀਂ ਚੜ੍ਹਾਈ ਕਰ ਗਏ ਹਨ। ਇਸ ਬਾਰੇ ਸੂਚਨਾ ਬਹੁਤ ਦੇਰ ਬਾਦ ਦੂਰ ਦੇ ਸੋਮਿਆਂ ਤੋਂ ਮਿਲੀ ਹੈ। ਅਸੀਂ ਇਸ ਵਿਛੜੇ ਮਿੱਤਰ ਦੀ ਯਾਦ ਵਿਚ ਨਤ ਮਸਤਕ ਹਾਂ।

ਬਲਵਿੰਦਰ ਸਿੰਘ ਨਾਮਧਾਰੀ

ਨੌਜਵਾਨ ਬਲਵਿੰਦਰ ਸਿੰਘ ਨਾਮਧਾਰੀ ਦੀ ਨਿੱਘੀ ਜਾਨ ਪਛਾਣ ਪੰਜਾਬੀ ਲੇਖਕਾਂ ਨਾਲ ੧੯੯੭ ਵਿਚ ਹੋਈ। ਮਿਲਵਾਇਕੀ ਅਮਰੀਕਾ ਵਿਚ ਹੋਈ ਸੰਸਾਰ ਪੰਜਾਬੀ ਕਾਨਫਰੰਸ ਦੇ ਡੈਲੀਗੇਟਾਂ ਦੇ ਪਾਸਪੋਰਟ ਅਤੇ ਵੀਜ਼ੇ ਲਵਾਉਣ ਵਿਚ ਉਹ ਦਿਲੀ ਵਿਚ ਸੁਆਗਤੀ ਕਮੇਟੀ ਵਲੋਂ ਪਰਮੁਖ ਸਹਾਇਕ ਸੀ। ਉਹ ਹਰ ਰੋਜ਼ ਅਮਰੀਕਨ ਅੰਬੈਸੀ ਵਿਚ ਵੀ ਹਾਜ਼ਰ ਹੁੰਦਾ ਅਤੇ ਸੁਆਗਤੀ ਦਫਤਰ ਵਿਚ ਵੀ। ਨਾਮਧਾਰੀ ਪੰਥ ਦੇ ਪ੍ਰਮੁੱਖ ਕਪੜਿਆਂ ਦੇ ਕਲਾਕਾਰ ਸ. ਜਸਵੰਤ ਸਿੰਘ (ਨਾਮਧਾਰੀ ਟੇਲਰਜ਼ ਦਿਲੀ) ਦਾ ਹੋਣਹਾਰ ਸੁੰਦਰ ਅਤੇ ਜਵਾਨ ਸਪੁੱਤਰ ਬਲਵਿੰਦਰ ਸਿਆਸਤ ਵਿਚ ਵੀ ਸਰਗਰਮ ਸੀ ਅਤੇ ਯੂਥ ਕਾਂਗਰਸ ਦੇ ਅਹਿਮ ਅਹੁਦਿਆਂ ਤੇ ਵੀ ਬਰਾਜਮਾਨ ਰਿਹਾ। ਉਹ ਜਿਹੜੇ ਘਰ ਵਿਆਹਿਆ ਉਹ ਸੀ ਨਾਮਧਾਰੀ ਸੰਗਤਾਂ ਵਿਚ ਪ੍ਰਸਿੱਧ ਸ. ਨਰਿੰਦਰ ਸਿੰਘ (ਹਿਮਾਚਲ) ਵਾਲੇ ਜੋ ਹਿੰਦੀ ਪੱਤਰ ਯੁੱਗ ਮਰਯਾਦਾ ਦੇ ਸੰਸਥਾਪਕ ਸੰਪਾਦਕ ਹਨ। ਉਹਨਾਂ ਦੀ ਸਪੁੱਤਰੀ ਨਿਰਮਲ ਕੌਰ ਬਲਵਿੰਦਰ ਸਿੰਘ ਦੀ ਜੀਵਨ ਸਾਥਨ ਬਣੀ।

ਭਰ ਜਵਾਨੀ ਦੀ ਉਮਰ ਵਿਚ ਬਲਵਿੰਦਰ ਸਿੰਘ ਇਸ ਸੰਸਾਰ ਦੇ ਸਫਰ ਨੂੰ ਪੂਰਾ ਕਰ ਗਿਆ ਹੈ। ਸਿਖਰ ਜਵਾਨੀ ਵਿਚ ਹੋਈ ਮੌਤ ਦਾ ਜੋ ਅਫਸੋਸ ਅਤੇ ਦੁੱਖ ਦਾ ਪ੍ਰਭਾਵ ਸਮਾਜ ਤੇ ਪੈਂਦਾ ਹੈ ਉਸ ਦਾ ਕੁਝ ਕੁਝ ਅੰਦਾਜ਼ਾ ਲਾਇਆ ਜਾ ਸਕਦਾ ਹੈ। ਬਲਵਿੰਦਰ ਸਿੰਘ ੨੫ ਅਗਸਤ ਨੂੰ ਅਕਾਲ ਚਲਾਣਾ ਕਰ ਗਿਆ ਅਤੇ ੩ ਸਤੰਬਰ ੨੦੦੬ ਨੂੰ ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ ਨਵੀਂ ਦਿੱਲੀ ਵਿਚ ਉਸ ਨਮਿਤ ਭੋਗ ਪਾਇਆ ਗਿਆ। ਹੁਕਮ ਅਤੇ ਰਜ਼ਾ ਦੀ ਖੇਡ ਵਿਚ ਸਮੁੱਚਾ ਦੁਖ ਵੀ ਸ਼ਾਮਲ ਹੈ। ਸ. ਜਸਵੰਤ ਸਿੰਘ, ਨਰਿੰਦਰ ਸਿੰਘ ਹੋਰਾਂ ਦੇ ਦੁਖੀ ਪਰਿਵਾਰ ਦੇ ਗ਼ਮ ਵਿਚ ਅਸੀਂ ਸ਼ਰੀਕ ਹਾਂ।

ਗਿਆਨੀ ਕੇਸਰ ਸਿੰਘ ਜੀ

ਪੰਜਾਬੀ ਦੇ ਇਤਿਹਾਸਕ ਨਾਵਲਾਂ ਦੇ ਪ੍ਰਸਿੱਧ ਲੇਖਕ, ਆਜ਼ਾਦ ਹਿੰਦ ਫੌਜ ਦੇ ਸਿਪਾਹੀ ਅਤੇ ਉੱਘੇ ਸੁਤੰਤਰਤਾ ਸੰਗਰਾਮੀ ਗਿਆਨੀ ਕੇਸਰ ਸਿੰਘ ਜੀ ਲੰਮੀ ਬੀਮਾਰੀ ਬਾਦ ਕਨੇਡਾ ਦੇ ਐਡਮੰਟਨ ਸ਼ਹਿਰ ਵਿਚ ੨੧ ਸਤੰਬਰ ੨੦੦੬ ਨੂੰ ੯੫ ਸਾਲ ਦੀ ਉਮਰ ਵਿਚ ਅੰਤਮ ਸੁਆਸ ਪੂਰੇ ਕਰ ਗਏ ਹਨ।

ਉਹ ਪੰਜਾਬੀ ਸਾਹਿਤ ਨਾਲ, ਗ਼ਦਰ ਪਾਰਟੀ ਨਾਲ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਨਾਲ ਸਗਰਰਗਰਮੀ ਨਾਲ ਜੁੜੇ ਹੋਏ ਸਨ। ਅਜੇ ਪਿਛਲੇ ਸਾਲ ਹੀ ਪੰਜਾਬ ਸਰਕਾਰ ਨੇ ਉਹਨਾਂ ਨੂੰ ਵਿਸ਼ੇਸ਼ ਪੁਰਸਕਾਰ ਨਾਲ ਨਿਵਾਜਿਆ ਸੀ। ਸਾਡੇ ਨਿਕਟ ਦੇ ਲੇਖਕਾਂ ਵਿਚ ਸਨ। ਉਹਨਾਂ ਦੇ ਵਿਛੋੜੇ ਨਾਲ ਪੰਜਾਬੀ ਸਾਹਿਤ ਅਤੇ ਇਤਿਹਾਸ ਜਗਤ ਦੇ ਨਾਲ ਨਾਲ ਸਾਨੂੰ ਜ਼ਾਤੀ ਨੁਕਸਾਨ ਵੀ ਹੋਇਆ ਹੈ।

—ਜਗਦੀਸ਼ ਸਿੰਘ ਵਰਿਆਮ

"ਦਿਆਲ-ਪੁਰਖ" ਸ੍ਰੀ ਗੁਰੂ ਹਰੀ ਸਿੰਘ ਜੀ

—ਸੁਵਰਨ ਸਿੰਘ ਵਿਰਕ

ਪੰਜਾਬ ਜਿਸ ਨੂੰ ਦੇਸ਼ ਦੇ ਅੰਨ ਭੰਡਾਰ ਭਰਨ ਵਾਲਾ ਅਤੇ ਭਾਰਤ ਦੀ ਖੜਗ ਭੁਜਾ ਦੇ ਤੌਰ ਤੇ ਵੀ ਜਾਣਿਆ ਜਾਂਦਾ ਹੈ ਆਪਣਾ ਵਿਲੱਖਣ ਇਤਿਹਾਸ ਅਤੇ ਸ਼ਾਨਦਾਰ ਪਰੰਪਰਾਵਾਂ ਰੱਖਦਾ ਹੈ। ਜਿਹੜਾ ਇਹਨੂੰ ਮਨੁੱਖੀ, ਸੱਭਿਆਤਾਵਾਂ ਦੇ ਇਤਿਹਾਸ ਵਿਚ ਜੇ ਕਿਸੇ ਨਾਲੋਂ ਮੋਹਰੀ ਵੀ ਨਹੀਂ ਤਾਂ ਫਾਡੀ ਸਥਾਨ ਵੀ ਨਹੀਂ ਦੁਆਉਂਦਾ। ਵੇਲੇ ਦੀਆਂ ਜ਼ਰੂਰਤਾਂ ਮੁਤਾਬਿਕ ਲੋਕ ਲਹਿਰਾਂ ਜਨਮ ਲੈਂਦੀਆਂ ਹਨ। ਸਮਾਜਿਕ ਆਰਥਿਕ ਢਾਂਚੇ ਵਿੱਚੋਂ ਇਸ ਦੇ ਬੁਨਿਆਦੀ ਅਤੇ ਦੋਮ ਦਰਜੇ ਦੇ ਅੰਤਰ ਵਿਰੋਧ ਸਮਾਜਿਕ ਜੀਵਨ ਨੂੰ ਗਤੀਮਾਨ ਰੱਖਦੇ ਹਨ। ਪੰਜਾਬੀਆਂ ਦੇ ਆਜ਼ਾਦੀ ਪਸੰਦ ਸੁਭਾਉ ਬਾਰੇ ਹੀ ਵਾਰ ਕਾਰ ਹਰਸਾ ਸਿੰਘ ਚਾਤਰ ਹੋਰੀਂ ਕਹਿ ਗਏ ਹਨ : "ਹੋ ਜਾਣ ਗੁਲਾਮ ਜੇ ਸੂਰਮੇ, ਦਿਨ ਰਹਿੰਦੇ ਥੋਹੜੇ" ਪੰਜਾਬ ਅੰਗਰੇਜ਼ੀ ਜਕੜ ਵਿਚ ੧੮੪੯ ਈ. ਦੀ ਪਹਿਲੀ ਤਿਮਾਹੀ ਵਿਚ ਆਉਣ ਵਾਲਾ ਹਿੰਦੁਸਤਾਨ ਦਾ ਆਖਰੀ ਪ੍ਰਾਂਤ ਸੀ। ਵਿਅਕਤੀਗਤ ਤੌਰ ਤੇ ਉਚੀ ਰੱਬੋਂ ਵਾਲੇ ਮਹਾਂਪੁਰਖਮ ਬਾਬਾ ਭਾਈ ਮਹਾਰਾਜ ਸਿੰਘ ਹੋਰਾਂ ਦੇ ਸੁਤੰਤਰਤਾ ਲਈ ਕੀਤੇ ਭਰਪੂਰ ਯਤਨਾਂ ਨੂੰ ਅਵਪਾਦ ਸਰੂਪ ਲੈਂਦਿਆਂ ਪੰਜਾਬ ਵਿਚ ਬ੍ਰਿਟਿਸ਼ ਸਰਕਾਰ ਵਿਰੁੱਧ ਵਿਆਪਕ ਪੱਧਰ ਤੇ ਪਹਿਲੀ ਜਨਤਕ ਰੋਸ ਕਾਰਵਾਈ, ਸ੍ਰੀ ਸਤਿਗੁਰੂ ਰਾਮਸਿੰਘ ਜੀ ਦੀ ਅਗੁਆਈ ਹੇਠ ਪ੍ਰਗਟ ਹੋਣ ਵਾਲਾ ਨਾਮਧਾਰੀ ਜਾਂ ਕੂਕਾ ਅੰਦੋਲਨ ਹੀ ਸੀ। ਇਸ ਲਹਿਰ ਦੇ ਦੂਸਰੇ ਨਾਇਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਛੋਟੇ ਵੀਰ ਸ੍ਰੀ ਗੁਰੂ ਹਰੀ ਸਿੰਘ (੧੮੧੯ ਈ. ੧੯੦੬ ਈ.) ਜੀ ਸਨ, ਜਿਹਨਾਂ ਦੇ ਸਿਰ ਨਾਮਧਾਰੀ ਸਾਧ ਸੰਗਤ ਦੀ ਵਾਗਡੋਰ ਸੰਭਾਲਣ ਦੀ ਜ਼ਿੰਮੇਵਾਰੀ, ਚੀਨੀ ਵਾਲੇ ਸਤਿਗੁਰੂ ਦੇ ੧੮ ਜਨਵਰੀ ੧੮੭੨ ਈ. ਨੂੰ ਦੇਸ਼ ਨਿਕਾਲੇ ਤੋਂ ਬਾਅਦ ਉਹਨਾਂ ਦੀ ਇੱਛਿਆ ਅਨੁਸਾਰ ਪਾ ਦਿਤੀ ਗਈ। ਨਾਮਧਾਰੀ ਪੰਥ ਦੀ ਗੁਰਿਆਈ ਦੇ ਇਹ ਚੌਤੀ ਵਰੇ ਜਿਵੇਂ ਗੁਰੂ ਹਰੀ ਸਿੰਘ ਜੀ ਨੇ ਬਿਤਾਏ, ਇਹ ਨਾਮਧਾਰੀ ਇਤਿਹਾਸ ਦੇ ਖੂਨੀ ਪੱਤਰੇ ਹੋ ਨਿੱਬੜੇ ਹਨ। ਗੁਰੂ ਹਰੀ ਸਿੰਘ ਅਤੇ ਉਹਨਾਂ ਦੇ ਸਮੇਂ ਚੱਲਣ ਵਾਲੀ ਨਾਮਧਾਰੀ ਲਹਿਰ ਨੂੰ ਯਾਦ ਕਰਨਾ, ਸੇਵਾ, ਸਿਮਰਨ, ਤਿਆਗ, ਕੁਰਬਾਨੀ ਅਤੇ ਮੁਕਤ ਮਨੁੱਖ ਦੇ ਜਲੌਅ ਨੂੰ ਯਾਦ ਕਰਨਾ ਹੈ। ਉਹਨਾਂ ਦਾ ਜੀਵਨ ਇਹ ਸਿੱਖਿਆ ਦਿੰਦਾ ਹੈ ਕਿ ਜਾਗੇ ਹੋਏ ਛੋਟੇ ਛੋਟੇ ਲੋਕ ਵੀ ਸ਼ਾਹੀ ਤਖਤਾਂ ਅਤੇ ਤਾਜਾਂ ਦੀ ਰਾਤਾਂ ਦੀ ਨੀਂਦ ਹਰਾਮ ਕਰ ਦਿੰਦੇ ਹਨ। ਬੁੱਧੀਜੀਵੀਆਂ ਨੇ ਉਹਨਾਂ ਦੀ ਤੁਲਨਾ ਉਸ ਨਾਮੀ ਮੁਹਾਣੇ ਨਾਲ ਕੀਤੀ ਹੈ, ਜਿਹੜਾ ਬਿੱਫਰੇ ਸਾਗਰ ਵਿਚ ਵੀ ਚੱਪੂ ਹੱਥ ਵਿਚ ਲੈਣ ਦੀ ਜੁੱਰਅਤ ਕਰ ਸਕਦਾ ਸੀ।

ਜੀਵਨ ਦੇ ਮੁੱਢਲੇ ੫੨-੫੩ ਸਾਲਾਂ ਵਿਚ ਗੁਰੂ ਹਰੀ ਸਿੰਘ ਜੀ ਦੇ ਰੂਪ ਵਿਚ ਚਰਚਿਤ ਹੋਣ ਵਾਲੇ ਗੁਰੂ ਵਿਅਕਤੀ ਨੇ, ਬੜਾ ਗੁੰਮਨਾਮੀ ਦਾ ਜੀਵਨ ਹੰਢਾਇਆ। ਸਾਡੇ ਗਰੰਥਾਂ ਵਿਚ ਉਹਨਾਂ ਬਾਰੇ ਏਨਾ ਕੁ ਹੀ ਲਿਖਿਆ ਮਿਲਦਾ ਹੈ ਕਿ ਉਹਨਾਂ ਦਾ ਜਨਮ ਉਸ ਰਾਤ ਦਾ ਸੀ, ਜਿਸ ਰਾਤ ਸ੍ਰੀ ਭੈਣੀ ਸਾਹਿਬ ਪਿੰਡ ਵਿਚ ਇਕ ਹੋਰ ਕਿਸਾਨ, ਖੇਮੇ ਜੱਟ ਦਾ ਜਨਮ ਹੋਇਆ ਸੀ। ਜਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਫੌਜੀ ਜੀਵਨ ਸਮੇਂ ਇਕ ਦੋ ਵੇਰ ਉਹ ਲਾਹੌਰ ਤੱਕ ਵਿਦਾਅ ਕਰਨ ਉਹਨਾਂ ਦੇ ਨਾਲ ਗਏ ਸਨ। ਹੋਰ ਛੋਟੀਆਂ ਮੋਟੀਆਂ ਘਟਨਾਵਾਂ ਅਤੇ ਕੁਝ ਸਾਖੀਆ ਤਾਂ ਦੋਹਾਂ ਭਾਈਆਂ ਦੇ ਪਰਸਪਰ ਸੰਬੰਧਾਂ ਬਾਰੇ ਮਿਲਦੀਆਂ ਹਨ ਜਿਹਨਾਂ ਤੋਂ ਇਹ ਸੰਕੇਤ ਮਿਲਦਾ ਹੈ ਕਿ ਸ੍ਰੀ ਸਤਿਗੁਰੂ ਜੀ ਬੁੱਧ ਸਿੰਘ ਹੋਰਾਂ ਨੂੰ (ਗੁਰਤਾ ਦਾਤ ਅਰਪਣ ਹੋਣ ਤੋਂ ਪਹਿਲਾਂ ਦਾ ਗੁਰੂ ਹਰੀ ਸਿੰਘ ਜੀ ਦਾ ਨਾਂ) ਆਪਣੇ ਭਾਵੀ ਵਾਰਿਸ ਦੇ ਤੌਰ ਤੇ ਵੇਖ ਰਹੇ ਸਨ, ਪਰ ਉਚੇਚੇ ਯਤਨ ਇਸ ਦਿਸ਼ਾ ਵਿਚ ਉੱਕਾ ਨਹੀਂ ਹੋਏ। ਬਾਲ ਅਤੇ ਯੁਵਾ ਬੁੱਧ ਸਿੰਘ ਹੋਰਾਂ ਤੇ, ਸ੍ਰੀ ਸਤਿਗੁਰੂ ਰਾਮ ਸਿੰਘ ਹੋਰਾਂ ਦੀ ਮਸਤਾਨੀ ਬਿਰਤੀ ਕਰਕੇ ਪਿਤਾ ਬਾਬਾ ਜੱਸਾ ਸਿੰਘ ਜੀ ਦੇ ਨਾਲ ਘਰ ਦੇ ਕਾਰ ਵਿਹਾਰ ਵਿਚ ਪੂਰੀ ਤਨਦੇਹੀ ਨਾਲ ਹਿੱਸਾ ਲੈਣਾ ਆਇਆ। ਕੁਝ ਵੱਡੇ ਭਰਾ ਦਾ ਅਦਬ ਸਤਿਕਾਰ ਵੀ ਰੱਖਣਾ, ਇਹ ਸੋਚ ਕੇ ਕਿ ਇਹ ਤਾਂ ਕਿਸੇ ਖਾਸ ਮਕਸਦ ਲਈ, ਬੰਧਨ ਕੱਟਣ ਲਈ ਆਏ ਹਨ, ਇਸ ਲਈ ਇਹਨਾਂ ਨੂੰ ਕਾਰੋਬਾਰੀ ਅਤੇ ਗ੍ਰਹਿਸਤੀ ਉਲਝਣਾਂ ਤੋਂ ਵਾਫਰ ਸਮਾਂ ਮਿਲ ਜਾਵੇ, ਬੁੱਧ ਸਿੰਘ ਹੋਰਾਂ ਨੇ ਆਪਣੇ ਮੋਢਿਆਂ ਨੂੰ ਹੋਰ ਮਜ਼ਬੂਤ ਕਰ ਲਿਆ। ਅਣਗੌਲੇਪਣ ਦੀ ਵੀ ਕੋਈ ਹੱਦ ਹੁੰਦੀ ਹੋਵੇਗੀ। ਪਰ ਇੱਥੇ ਤੇ ਕੋਈ ਹੱਦ ਹੀ ਨਹੀਂ ਸੀ ਬਾਕੀ ਬਚੀ। ਬੁੱਧ ਸਿੰਘ ਖੇਤੀ ਕਾਰਜ ਕਰਦੇ ਸਨ। ਖੂਹ ਤੋਂ ਸਿੰਚਾਈ ਬੋਕੇ ਨਾਲ ਹੁੰਦੀ ਸੀ, ਜਿਸ ਨੂੰ ਖਿੱਚਣ ਲਈ ਆਪ ਨੇ ਡੇਰਾ ਭੈਣੀ ਸਾਹਿਬ ਦੀਆਂ ਲੱਜਾਂ ਲੈ ਲਈਆਂ। ਵੇਲੇ ਦੇ ਇਕ ਮੁਖਤਿਆਰ ਨੇ ਇਹ ਕਹਿ ਕੇ ਲੱਜਾਂ ਆਪਦੇ ਹੱਥੋਂ ਲੈ ਲਈਆਂ ਕਿ ਇਹ ਡੇਰੇ ਦੀਆਂ ਹਨ ਅਤੇ ਅਸੀਂ ਡੇਰੇ ਦੇ ਕੰਮ ਬਿਨਾਂ ਕਿਸੇ ਨੂੰ ਇਹ ਲੱਜਾਂ ਨਹੀਂ ਦਿੰਦੇ। ਸ਼ਾਇਦ ਭਾਈ ਲਈ ਅਪਮਾਨ ਭਰੇ ਇਸ ਵਤੀਰੇ ਕਾਰਨ ਹੀ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਇਸ ਘਟਨਾ ਬਾਅਦ ਹੁਕਮ ਲਾਇਆ ਕਿ ਹੁਣ

ਹਲ ਛੱਡ ਦਿਉ। ਬਹੁਤ ਵਾਹ ਲਿਆ ਹੈ। ਪ੍ਰਸ਼ਾਦਾ ਲੰਗਰੋਂ ਛਕੋ ਅਤੇ ਨਾਮਬਾਣੀ ਵਿਚ ਜੁੱਟ ਜਾਓ। ਇਸ ਤੋਂ ਪਹਿਲਾਂ ਇਕ ਵੇਰ ਉੱਤਮ ਸਿੰਘ ਰਾਇਸਰੀਏ ਪਾਸ ਆਪ ਗਏ। ਉਸਦੇ ਨਗਰ ਵਿਚ ਜਾ ਕੇ ਸੁਨੇਹਾ ਇਹ ਭਿਜਵਾਇਆ ਕਿ ਇਕ ਲੁਹਾਰ ਸਿੱਖ ਤੁਹਾਨੂੰ ਮਿਲਣਾ ਚਾਹੁੰਦਾ ਹੈ। ਬਾਬਾ ਉਤਮ ਸਿੰਘ ਅਚੰਭਿਤ ਹੋਏ ਕਿ ਮਹਾਰਾਜ ਐਨੀ ਅਧੀਨਗੀ ਕਿਉਂ ? ਤੁਸਾਂ ਆਪਣੀ ਪੂਰੀ ਪਹਿਚਾਣ ਕਿਉਂ ਨਹੀਂ ਦੱਸ ਭੇਜੀ। ਜੁਆਬ ਦਿੱਤਾ ਕਿ ਸਾਰੀ ਮਹਿਮਾਂ ਤਾਂ ਸ੍ਰੀ ਸਤਿਗੁਰੂ ਜੀ ਦੀ ਹੀ ਹੈ। ਮੈਂ ਤਾਂ ਇਕ ਸਾਧਾਰਨ ਲੁਹਾਰ ਹੀ ਹਾਂ। ਮੈਂ ਸਤਿਗੁਰੂ ਜੀ ਦੇ ਜਲੌਅ ਦਾ, ਆਪਣੇ ਲਈ, ਆਪਣੀ ਹਸਤੀ ਦੇ ਉਲਟ, ਦੁਰਉਪਯੋਗ ਕਿਉਂ ਕਰਾਂ ?

੧੮ ਜਨਵਰੀ ੧੮੭੨ ਈ. ਦਾ ਦਿਨ 'ਨਾਮਧਾਰੀ ਇਤਿਹਾਸ' ਵਿਚ ਕਹਿਰ ਦਾ ਦਿਨ ਕਰਕੇ ਯਾਦ ਕੀਤਾ ਜਾਂਦਾ ਹੈ। ਇਸ ਦਿਨ ਮਲੇਰ ਕੋਟਲੇ ਦੇ ਰੱਕੜ ਵਿਚ ੧੭ ਜਨਵਰੀ ਤੋਂ ਬਾਦ ਕੂਕਾ ਸ਼ਹੀਦਾਂ ਦਾ ੧੬ ਸਿੰਘਾਂ ਦਾ ਦੂਜਾ ਜਥਾ, ਸਿੱਖ ਰਿਆਸਤਾਂ ਅਤੇ ਅੰਗ੍ਰੇਜ਼ ਬਸਤੀਵਾਦੀਆਂ ਦੀਆਂ ਤੋਪਾਂ ਨਾਲ ਉਡਾਇਆ ਗਿਆ ਸੀ। ਇਸੇ ਦਿਨ ਅੱਧੀ ਰਾਤ ਦੇ ਵੇਲੇ (੧੭ ਅਤੇ ੧੮ ਦੀ ਵਿਚਕਾਰਲੀ ਰਾਤੀ) ਸਤਿਗੁਰੂ ਰਾਮ ਸਿੰਘ ਨੂੰ ਭੈਣੀ ਸਾਹਿਬ ਵਿਖੇ ਜਲਾਵਤੀ ਦੇ ਹੁਕਮ ਪਹੁੰਚਾਏ ਗਏ। ਇਹ ਬੁੱਧ ਸਿੰਘ ਜੀ ਸਨ ਜਿਹਨਾਂ ਕਿਹਾ ਸੀ ਕਿ ਮਲੇਰ ਕੋਟਲੇ ਅਤੇ ਇਸ ਤੋਂ ਪਹਿਲਾਂ ਦੇ ਬੁੱਚੜ ਬੱਧ ਦੇ ਸਾਰੇ ਸਾਕਿਆਂ ਦਾ ਭਾਰ ਮੈਂ ਆਪਣੇ ਸਿਰ ਲੈਣ ਨੂੰ ਤਿਆਰ ਹਾਂ। ਸਿੰਘਾਂ ਨੂੰ ਪਰੇਰ ਕੇ ਭੇਜਣ ਵਾਲਾ ਮੈਂ ਹੀ ਸਾਂ। ਇਹ ਤੇ ਸਿਰਫ ਭਜਨ ਬਾਣੀ ਕਰਨ ਵਾਲੇ ਹਨ। ਮੈਨੂੰ ਸਰਕਾਰ ਲੈ ਜਾਵੇ ਜਿੱਥੇ ਮਰਜ਼ੀ, ਪਰ ਇਸ ਬਾਗ ਦੇ ਮਾਲੀ ਨੂੰ ਹੱਥ ਨਾ ਪਾਇਆ ਜਾਏ। ਫਿਰ ਜਦੋਂ ਸ੍ਰੀ ਸਤਿਗੁਰੂ ਜੀ ਨੇ ਕੋਈ ਇਕ ਸਿੱਖ ਸੇਵਾ ਵਾਸਤੇ ਸਾਡੇ ਨਾਲ ਚੱਲੇ ਕਿਹਾ ਤਾਂ ਬੁੱਧ ਸਿੰਘ ਜੀ ਇਹ ਸੇਵਾ ਸਵੀਕਾਰ ਕਰਨ ਵਾਲੇ ਵੀ ਪਹਿਲੇ ਸੱਜਣ ਸਨ। ਪਰ ਗੁਣਾਂ ਰੁੜਕੀ ਪਿੰਡ ਦੇ ਭਾਈ ਨਾਨੂੰ ਸਿੰਘ ਤੇ ਪਿਆ। ਸ੍ਰੀ ਸਤਿਗੁਰੂ ਜੀ ਬੁੱਧ ਸਿੰਘ ਹੋਰਾਂ ਨੂੰ ਵਡੇਰੀਆਂ ਜ਼ਿੰਮੇਵਾਰੀਆਂ ਲਈ ਮਹਿਫੂਜ਼ ਕਰ ਰਹੇ ਸਨ। ਇਹ ਉਹਨਾਂ ਦਾ ਕੂਟਨੀਤਕ ਪੈਂਤੜਾਂ ਵੀ ਸੀ ਜੋ ਸਮੇਂ ਨੇ ਸਹੀ ਸਿੱਧ ਕੀਤਾ। ਜੇ ਥੋੜੀ ਬਹੁਤ ਪ੍ਰਤਿਭਾ ਵੀ ਇਸ ਤੋਂ ਪਹਿਲਾਂ, ਉਹਨਾਂ ਦੇ ਹਿੱਸੇ ਆ ਜਾਂਦੀ ਤਾਂ ਦੇਸ਼ ਨਿਕਾਲੇ ਸਮੇਂ ਸਤਿਗੁਰੂ ਜੀ ਅਤੇ ਸੂਬਿਆਂ ਦੀ ਕਤਾਰ ਵਿਚ ਉਹਨਾਂ ਦਾ ਨਾਂ ਵੀ ਜੁੜ ਸਕਦਾ ਸੀ।

ਦੇਸ਼ ਨਿਕਾਲੇ ਤੋਂ ਕੁਝ ਦਿਨ ਮਗਰੋਂ ਹੀ, ਇਲਾਹਾਬਾਦ ਕਿਲੇ ਵਿਚ ਕੈਦ, ਸਤਿਗੁਰੂ ਰਾਮ ਸਿੰਘ ਜੀ ਨੂੰ ਅੰਗ੍ਰੇਜ਼ ਹਾਕਮਾਂ ਨੇ ਡੇਰਾ ਭੈਣੀ ਸਾਹਿਬ ਦਾ ਪ੍ਰਬੰਧ ਕਿਸਦੇ ਹਵਾਲੇ ਕਰਨ ਬਾਰੇ ਪੁੱਛਿਆ। ਸਤਿਗੁਰੂ ਜੀ ਨੇ ਸੂਬਿਆਂ ਨਾਲ ਵਿਚਾਰ ਵਿਮ੍ਰਸ਼ ਕੀਤਾ। ਭਿੰਨ-ਭਿੰਨ ਰਾਵਾਂ ਸਨ। ਸੂਬਾ ਕਾਹਨ ਸਿੰਘ ਨਿਹੰਗ ਪਿੰਡ ਚੱਕ ਵਾਲੇ ਅਤੇ ਸਤਿਗੁਰੂ ਜੀ ਦੀ ਰਾਇ ਰਲ ਗਈ। ਉਪਰ ਵਰਣਿਤ ਧੂਣੀ ਕਾਰੇ ਵਾਲੇ ਦਿਨ ਤੋਂ ਪੂਰੇ ੧੮ ਦਿਨ ਬਾਅਦ ਡੇਰੇ ਦੀਆਂ ਕੁੰਜੀਆਂ ਬਾਬਾ ਬੁੱਧ ਸਿੰਘ ਜੀ ਨੂੰ ਮਿਲ ਗਈਆਂ ਸਰਕਾਰੀ ਅਫਸਰਾਂ ਪਾਸੋ। ਸੰਗਤ ਆਪ ਨੂੰ "ਮਹਾਰਾਜ ਜੀ" ਦੇ ਨਾਮ ਨਾਲ ਯਾਦ ਕਰਨ ਲੱਗ ਪਈ।

ਡੇਰੇ ਦੀਆਂ ਕੁੰਜੀਆਂ ਹਾਸਲ ਕਰਨ ਤੋਂ ਬਾਅਦ ਆਪ ਜੀ ਦਾ ਮੁੱਖ ਕਾਰਜ, ਇਸ ਸਰਕਾਰੀ ਗੁਪਤ ਭੇਦ ਦੀ ਜਾਣਕਾਰੀ ਹਾਸਲ ਕਰਨੀ ਸੀ ਕਿ ਬਦੇਸ਼ੀ ਹਕੂਮਤ ਨੇ ਸ੍ਰੀ ਸਤਿਗੁਰੂ ਜੀ ਨੂੰ ਕਿਸ ਜਗ੍ਹਾ ਪਹੁਚਾਇਆ ਹੈ। ਤਾਂ ਕਿ ਫਿਰ ਉਹਨਾਂ ਤੋਂ ਅਗਲੇਰੀਆਂ ਕਾਰਵਾਈਆਂ ਲਈ ਦਿਸ਼ਾ ਨਿਰਦੇਸ਼ ਪ੍ਰਾਪਤ ਕੀਤੇ ਜਾ ਸਕਣ। ਇਸ ਕੰਮ ਵਿਚ ਆਪ ਨੂੰ ਦੋ ਢਾਈ ਸਾਲਾਂ ਬਾਅਦ ਸਫਲਤਾ ਹੱਥ ਆਈ। ਸਤਿਗੁਰੂ ਜੀ ਕਿੱਥੇ ਹਨ ਇਸਦਾ ਥਹੁ ਪਤਾ, ਬਾਬਾ ਦਰਬਾਰਾ ਸਿੰਘ ਵਾਸੀ ਰਾਇਪੁਰ (ਲੁਧਿਆਣਾ) ਨੂੰ ਬੜੇ ਜਤਨ ਅਤੇ ਇੱਕ ਹਿਰਦੇ ਵੇਧਕ ਘਟਨਾ ਦੁਆਰਾ ਲੱਗਿਆ। ਇਹ ਬਾਬਾ ਦਰਬਾਰਾ ਸਿੰਘ ਗਰੇਵਾਲ ਸਰਦਾਰਾਂ ਵਿਚੋਂ ਸੀ। ਨਾਮਧਾਰੀ ਬਣਨ ਤੋਂ ਪਹਿਲਾਂ ਉਹ ਘੋਰ ਅਮਲੀ ਅਤੇ ਵੱਡਾ ਅਫੀਮਚੀ ਸੀ। ਖੇਤਾਂ ਵਿੱਚ ਰੁੱਖਾਂ ਨੂੰ ਅਫੀਮ ਥੋਪ ਛੱਡਦਾ। ਜਦੋਂ ਮਰਜ਼ੀ ਚੱਕ ਵੱਢ ਲਵਾਂਗੇ। "ਪੰਜ ਪੰਜ ਸੌ ਚਿੜਾ, ਸੌ-ਸੌ ਮੁਰਗਾ, ਪੰਜ-ਪੰਜ ਬੱਕਰੇ ਸ਼ਰਾਬ ਦੇ ਲਾਹਣ ਵਿਚ ਪਾਉਂਦਾ ਸੀ। ਸਤਿਗੁਰੂ ਜੀ ਦਾ ਸਿੱਖ ਸੈਨਿਕ ਜੀਵਨ ਦਾ ਸੰਗੀ ਸੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਰੀਕਾਰਡ ਉਪਦੇਸ਼ ਵਿਚ ਜ਼ਿਕਰ ਹੈ ਕਿ ਤੇਰਾਂ ਡੁੱਬਦੇ ਹੋਏ ਆਦਮੀ ਇਸ ਸਭਰਾਵਾਂ ਦੀ ਜੰਗ ਸਮੇਂ, ਆਪਣੇ ਘੋੜੇ ਨਾਲ ਦਰਿਆ ਪਾਰ ਕਰਾਏ ਸਨ। ਇਹਨਾਂ ਤੇ ਸਰਕਾਰ ਦੀ ਬੜੀ ਕਰੜੀ ਨਜ਼ਰ ਸੀ ਕਿਉਂ ਜੁ ਇਹ 'ਬਾਗੀਆਂ ਵਿਚੋਂ ਸਨ।'

"ਇਹ ਬਾਬਾ ਜੀ ਗੁਰਦਵਾਰਾ ਭੈਣੀ ਸਾਹਿਬ ਉਦੋਂ ਰਹਿੰਦੇ ਸਨ। ਸਤਿਗੁਰਾਂ ਆਖਿਆ 'ਸਿੱਟ ਦੇਹ ਦਰਬਾਰਾ ਸਿਹਾਂ ਡੱਬੀ।" ਉਸੇ ਵੇਲੇ ਡੱਬੀ ਸੁੱਟ ਕੇ ਫੇਰ ਨਹੀਂ ਫੀਮ ਖਾਧੀ।" ਉਹ ਬਾਬਾ ਦਰਬਾਰਾ ਸਿੰਘ ਜੀ ਗੁਰੂ ਹਰੀ ਸਿੰਘ ਦੇ ਸਮੇਂ ਡੇਰੇ ਦੇ ਸਰਕਾਰੇ ਦਰਬਾਰੇ ਕੰਮ ਕਾਰ ਕਰਦੇ ਸਨ। ਹੇਠਾਂ ਅਸੀਂ ਇਕ ਨਾਮਧਾਰੀ ਕਵੀ ਭਾਈ ਨਿਰੰਜਨ ਸਿੰਘ ਮ੍ਰਿਗੇਸ਼ ਦੀ ੨੦੧੦ ਬਿਕਰਮੀ ਦੇ ਸਤਿਜੁਗ ਦੇ ਬਸੰਤ ਅੰਕ ਵਿਚ ਛਪੀ ਕਵਿਤਾ ਦੁਆਰਾ ਜੋ ਮਾਹੌਲ ਇਸ ਸੰਬੰਧ ਵਿਚ ਸਿਰਜਿਆ ਗਿਆ ਸੀ, ਉਹਨੂੰ ਦੁਹਰਾਉਂਦੇ ਹਾਂ—

"ਇੰਡੀਅਨ ਐਂਗਲੋ ਪੁਲਿਸ ਕਪਤਾਨ ਲੱਗਾ,
ਲੁਧਿਆਣੇ ਦੇ ਵਿਚ ਜ਼ਰੂਰ ਹੈਸੀ।
ਬਾਰ ਬਟਣ ਸੀ ਆਖਦੇ ਨਾਮ ਉਸਦਾ,
ਜ਼ਾਲਮ ਨੀਚ ਇਨਸਾਫ ਤੋਂ ਦੂਰ ਹੈ ਸੀ।
'ਯੋਰਪੀਨ ਘਰ ਏਸ ਦੇ ਮੇਮ ਹੈਸੀ,
ਨੇਕ ਦਿਲ ਇਨਸਾਫ ਵਿਚਾਰ ਵਾਲੀ।
ਕੀਤਾ ਦਰਸ ਉਸਨੇ ਚੀਨੀ ਵਾਲੜੇ ਦਾ,
ਖਿੜ ਪਈ ਕਲੀ ਉਹ ਭੌਰ ਦੀਦਾਰ ਵਾਲੀ।

....

ਬਾਬਾ ਗਿਆ ਦਰਬਾਰਾ ਸਿੰਘ ਲੁਧਿਆਣੇ
ਰਾਇਪੁਰ ਦਾ ਖਾਸ ਵਸਨੀਕ ਹੈ ਸੀ।
ਪੰਥਕ ਮਾਮਲੇ ਕੁਲ ਨਜਿਠਣੇ ਲਈ,
ਕੀਤਾ ਗੁਰਾਂ ਨੀਯਤ ਉਸਨੂੰ ਠੀਕ ਹੈ ਸੀ।
ਬਾਰ ਬਟੱਣ ਨੇ ਸਦਿਆ ਓਸ ਤਾਈਂ,
ਕਰਦਾ ਕੰਮ ਕੋਈ ਤਸਦੀਕ ਹੈ ਸੀ।
ਗੱਲਾਂ ਕਰਦਿਆਂ ਸੱਦਾਂ ਦੇ ਲਾਲ ਵਾਲਾ,
ਸਾਰਾ ਖੋਹਲਿਆਂ ਹਾਲ ਹਕੀਕ ਹੈ ਸੀ।
ਭਰਿਆ ਵਾਂਗ ਫੋੜੇ ਦਿਲ ਦਰਦ ਹੈਸੀ,
ਵੱਜੀ ਸੱਟ ਵੈਰਾਗ ਝੱਟ ਖੁੱਲ੍ਹ ਗਿਆ।
ਬੁੱਝੀ ਬਿਰਹੋਂ ਦੀ ਅੱਗ ਸੀ ਭੜਕ ਉੱਠੀ,
ਘਿਓ ਆਣ ਅੰਗਾਰ ਤੇ ਡੁੱਲ੍ਹ ਗਿਆ।
ਉੱਠੀ ਦਿਲ ਦਰਿਆ ਥੀਂ ਲਹਿਰ ਜਦੋਂ,
ਓਥੇ ਮਹਿਕਮਾ ਸਾਫ ਹੋ ਡੁੱਲ ਗਿਆ।
ਪੱਥਰ ਦਿਲ ਢਲ ਮੋਮ ਦੇ ਵਾਂਗ ਬਣ ਗਏ,
ਅਤੇ ਨੈਣਾਂ ਤੋਂ ਨੀਰ ਅਡੁੱਲ ਗਿਆ।
ਮੇਮ ਵੇਖ ਕੇ ਹਾਲ ਨਾ ਜਰ ਸੱਕੀ,
ਝੱਟ ਵਾਂਗ ਪਤੰਗ ਨਿਸ਼ੰਗ ਹੋ ਗਈ।
ਗੱਜੀ ਸ਼ੇਰਨੀ ਜਦੋਂ ਮੈਦਾਨ ਅੰਦਰ,
ਚਾਲ ਸਾਹਿਬ ਦੀ ਵਾਂਗ ਕੁਰੰਗ ਹੋ ਗਈ।
ਦੜ ਵੱਟ ਖ਼ਰਗੋਸ਼ ਖ਼ਮੋਸ਼ ਹੋਇਆ,
ਪਾਪ ਹਰਨ ਭਗੀਰਥੀ ਗੰਗ ਹੋ ਗਈ।
"ਘਰ ਦੈਂਤ ਦੇ ਪੁੱਤ ਪ੍ਰਹਿਲਾਦ ਜਿਵੇਂ,
ਰਾਮ ਨਾਮ ਦਾ ਕਰਨ ਉਪਦੇਸ਼ ਆਈ।
ਜਾਂ ਉਹ ਆਪ ਅਕਾਲ ਦੀ ਖੇਡ ਹੈਸੀ,
ਚੀਨੀ ਵਾਲੇ ਦਾ ਦੇਣ ਸੰਦੇਸ਼ ਆਈ।

....

"ਬੋਲੀ ਨਾਲ ਜੁਬਾਨ ਰਸੀਲੜੀ ਦੇ,
ਜਿਸਨੂੰ ਸੁਣਦਿਆਂ ਚਿੱਤ ਅਨੰਦ ਹੋਵੇ।
ਉਧੋ ਦੱਸਿਆ ਹਾਲ ਜਿਉਂ ਗੋਪੀਆਂ ਦਾ,
ਮਿਲਿਆ ਆਪ ਜਿਉਂ ਆਣ ਮੁਕੰਦ ਹੋਵੇ।
ਖਿਜ਼ਾਂ ਰੁੱਤ ਦੇ ਵਿਚ ਬਸੰਦ ਖਿੜ ਪਈ,
ਦਿਸਿਆ ਜਿਵੇਂ ਚਕੋਰ ਨੂੰ ਚੰਦ ਹੋਵੇ।
ਖੁਸ਼ੀ ਨਾਲ ਨਾ ਮਿਉਂਦੀ ਵਿਚ ਜਾਮੇ,
ਮਿਲਿਆ ਰੰਕ ਨੂੰ ਤਖਤ ਬੁਲੰਦ ਹੋਵੇ.
ਜਾਗੇ ਭਾਗ ਬਰਮਾ ਦੇ ਵਾਸੀਆਂ ਦੇ,
ਕੋਹ ਨੂਰ ਜਿਉਂ ਨੂਰ ਫੈਲਾ ਬੈਠਾ।
ਪਾਰਸ ਛੋਹੰਦਿਆਂ ਲੋਹੇ ਨੂੰ ਕਰੇ ਸਿਉਂਨਾ,
ਚੰਨਣ ਬ੍ਰਿਛ ਜਿਉ ਨਿੰਮ ਮਹਿਕਾ ਬੈਠਾ।
ਬੱਦਲ ਉਡ ਗਏ ਦੇਸ਼ ਪੰਜਾਬ ਉਤੋਂ,
ਓਥੇ ਮੇਹਰ ਦਾ ਮੀਂਹ ਵਰਸਾ ਬੈਠਾ।
ਰੋਵਨ ਗੋਪੀਆਂ ਸ਼ਾਮ ਨੂੰ ਯਾਦ ਕਰ ਕਰ,
ਕਾਹਨ ਵੱਖਰੀ ਪੁਰੀ ਰਚਾ ਬੈਠਾ।

ਮੇਮ ਪਾਸੋਂ ਇਹ ਗੁਪਤ ਸਰਕਾਰੀ ਭੇਦ ਹਾਸਲ ਕਰ ਕੇ ਬਾਬਾ ਦਰਬਾਰਾ ਸਿੰਘ ਚਾਈਂ ਚਾਈਂ ਮਹਾਰਾਜ ਬੁੱਧ ਸਿੰਘ ਜੀ ਪਾਸ ਪਹੁੰਚਦਾ ਹੈ। ਆਪ ਨੇ ਫਰਮਾਇਆ ਕਿ ਹੁਣ ਜਾ ਵੀ ਦਰਬਾਰਾ ਸਿੰਘ ਤੂੰ ਹੀ ਰੰਗੂਨ ਅਤੇ ਦਰਸ਼ਨ ਕਰਕੇ ਆ। ਸਰਕਾਰੀ ਰੀਕਾਰਡ ਮੁਤਾਬਿਕ ੧੯੭੪ ਈ. ਵਿਚ ਭਾਣਾ ਪਿੰਡ ਦੇ ਹਰਨਾਮ ਸਿੰਘ ਨੂੰ ਪਤਨੀ ਚੰਦੋ ਸਮੇਤ ਸਤਿਗੁਰੂ ਜੀ ਦੇ ਰੰਗੂਨ ਵਿਚ ਦਰਸ਼ਨਾਂ ਦੀ ਲਿਖਤੀ ਆਗਿਆ ਸਰਕਾਰ ਤੋਂ ਮਿਲੀ ਸੀ। ਪਰ ਉਹ ਤਿਆਰੀ ਵਗੈਰਾ ਵਿਚ ਲੇਟ ਵੀ ਹੋ ਸਕਦੇ ਸਨ। ਸਾਡੇ ਪੰਥਕ ਸਰੋਤਾਂ ਅਨੁਸਾਰ ਪਹਿਲਾਂ ਨਾਮਧਾਰੀ ਸਿੰਘ ਸਾਗਰੋਂ ਪਾਰ ਜਾ ਕੇ ਗੁਰੂ ਦਰਸ਼ਨਾਂ ਦੀ ਦਾਤ ਵਸੂਲਣ ਵਾਲਾ ਬਾਬਾ ਦਰਬਾਬਾ ਸਿੰਘ ਰਾਇਪੁਰੀਆ ਹੀ ਸੀ। ਬਾਬਾ ਜੀ ਨੇ ਡੇਰੇ ਭੈਣੀ ਸਾਹਿਬ ਤੋਂ ਬਾਹਰ, ਇਕ ਮਹੀਨਾ ਪਟਿਆਲੇ ਆਪਣੇ ਪੁੱਤਰ ਪਾਸ ਰਹਿਣ ਦੀ ਛੁੱਟੀ ਲਈ। ਕਿਉਂ ਜੁ ਡੇਰੇ ਦੇ ਬੂਹੇ ਤੇ ਪੁਲਿਸ ਚੌਕੀ ਸੀ। ਅੰਦਰੋਂ ਬਾਹਰ ਤੇ ਬਾਹਰੋਂ ਅੰਦਰ ਬਿਨਾਂ ਸਰਕਾਰੀ ਆਗਿਆ ਤੋਂ ਕੋਈ ਜਾ ਨਹੀਂ ਸੀ ਸਕਦਾ। ਸੋ ਲੜਕੇ ਨੂੰ ਇਹ ਸਮਝਾਕੇ ਕਿ ਜੇ

ਕੋਈ ਪੁੱਛੇ ਕਿੱਥੇ ਹੈ ਤਾਂ ਕਹਿਣਾ ਅੰਦਰ ਭਜਨ ਕਰਦਾ ਹੈ, ਦਿਨੇ ਨਹੀਂ ਨਿਕਲਦਾ ਬਾਹਰ, ਰਾਤ ਨੂੰ ਹੀ ਰਤਾ ਨਿਕਲਦਾ ਹੈ। ਸਤਿਗੁਰੂ ਪਰਤਾਪ ਸਿੰਘ ਜੀ ਦੇ ਉਪਦੇਸ਼ਾਂ ਵਾਲੀ ਪੁਸਤਕ ਨਾਲ ਏਹਿ ਰਤਨ" ਭਾਗ ੩ ਵਿਚ ਦਰਜ ਹੈ "ਫਿਰ ਬਾਬਾ ਜੀ ਗਏ ਰੰਗੂਨ। ਉਹਨਾਂ ਦਿਨਾਂ 'ਚ ਸੱਚੇ ਪਾਤਸ਼ਾਹ ਬੱਘੀ ਤੇ ਚੜ੍ਹਕੇ ਬਾਹਰ ਜਾਂਦੇ ਸੀ। ਦਰਸ਼ਨ ਕੀਤਾ। ਫਿਰ ਉਹਨਾਂ (ਸਤਿਗੁਰਾਂ) ਉਲਾਂਭਾ ਦਿਤਾ—ਮੌਜ ਦੇ ਮਾਲਕ ਹਨ—"ਕਿਸੇ ਦੀ ਵੱਛੀ ਗੁਆਚ ਜਾਏ, ਤੁਸੀਂ ਤਾਂ ਮੇਰਾ ਵੱਛੀ ਜਿੰਨਾ ਵੀ ਫਿਕਰ ਨਹੀਂ ਕੀਤਾ।" ਫਿਰ ਆਖਿਆ "ਜੇ ਮੁਰਗੀ ਦਾ ਬੱਚਾ ਗੁਆਚ ਜਾਏ, ਤੁਸੀਂ ਮੇਰਾ ਓਨਾ ਫਿਕਰ ਨਹੀਂ ਕੀਤਾ।"

"ਬਾਬੇ ਹੋਰਾਂ ਹੱਥ ਜੋੜ ਕੇ ਅਰਜ਼ ਕੀਤੀ," ਸੱਚੇ ਪਾਤਸ਼ਾਹ! ਅਸੀਂ ਕੀ ਭਾਲ ਕਰ ਸਕਦੇ ਸਾਂ, ਸਾਨੂੰ ਤੇ ਹੁਣ ਵੀ ਕੋਈ ਪਤਾ ਨਹੀਂ ਸੀ ਲਗਦਾ, ਇਹ ਭੀ ਤੁਸਾਂ ਕਿਰਪਾ ਕੀਤੀ ਹੈ, ਉਹ ਮੇਮ੍ ਦੇ ਅੰਦਰ ਵੱਸੇ ਹੋ ਤੇ ਸਾਨੂੰ ਪਤਾ ਲੱਗਾ ਹੈ।"...

ਆਪਣੇ ਘਰ ਦਾ ਜਾਂ ਡੇਰੇ ਦਾ ਪ੍ਰਬੰਧ ਚਲਾਉਣ ਦਾ ਅਧਿਕਾਰ ਤਾਂ ਮਹਾਰਾਜ ਬੁੱਧ ਸਿੰਘ ਜੀ ਨੂੰ ਪਹਿਲਾਂ ਹੀ ਮਿਲ ਚੁੱਕਾ ਸੀ ਪਰ ਹੁਣ ਸੰਗਤ ਦੀ ਧਾਰਮਕ ਅਗੁਆਈ ਕਰਨ ਦੇ ਅਧਿਕਾਰ ਦਾ ਆਦੇਸ਼ ਵੀ ਬਾਬਾ ਦਰਬਾਰਾ ਸਿੰਘ ਉਸ ਹੁਕਨਾਮੇ ਪਹਿਲੇ ਵਿਚ ਲੈ ਕੇ ਆਏ। ਸਤਿਗੁਰੂ ਪਰਤਾਪ ਸਿੰਘ ਜੀ ਉਪਰੋਕਤ ਉਪਦੇਸ਼ ਵਿਚ ਫਰਮਾਉਂਦੇ ਹਨ।

"ਤਾਂ ਬਾਬਾ ਜੀ ਗਏ, ਸਤਿਗੁਰਾਂ ਪਹਿਲਾਂ ਲੰਗਰ ਦੀ ਗੱਲ ਪੁੱਛੀ, ਫਿਰ ਇਕ ਹੁਕਮਨਾਮਾ ਲਿਖ ਕੇ ਦਿੱਤਾ, ਕਿਉਂਕਿ ਹੁਕਮਨਾਮੇ ਸਾਡੇ ਕੋਲ ਸਾਰੇ ਨਹੀਂ। ਕਈਆਂ ਦਾ ਅੱਧ-ਅੱਧ ਸਾਨੂੰ ਮਿਲਿਐ, ਉਸ ਵੇਲੇ ਸੜ ਗਏ, ਅੰਗਰੇਜ਼ ਲੈ ਗਏ ਉਹ ਹੁਕਮਨਾਮਾ ਜੀਹਦੇ 'ਚ ਲਿਖਿਆ ਸੀ, "ਇਸਦਾ ਨਾਉਂ ਅੱਜ ਤੋਂ ਹਰੀ ਸਿੰਘ ਰੱਖਿਆ ਹੈ, ਔਰ ਇਸਨੂੰ ਸਿਰ-ਕਰਤਾ ਜਾਨਣਾ, ਮੇਰੇ ਧੱਕੇ ਹੋਏ ਨੂੰ ਇਹ ਬਖਸ਼ ਲਵੇਗਾ, ਇਹਦੇ ਧੱਕੇ ਹੋਏ ਨੂੰ ਮੈਂ ਨਹੀਂ ਬਖੱਸ਼ਾਂਗਾ।

"ਅਗਰ ਇਤਿਹਾਸ ਕੋਈ ਦਿਨ ਤੁਹਾਡੇ ਸਾਹਮਣੇ ਆਇਆ ਤਾਂ ਤੁਹਾਨੂੰ ਪਤਾ ਲੱਗੇਗਾ, ਚੌਤੀ ਸਾਲ ਸਤਿਗੁਰਾਂ ਦੇ ਜਾਣ ਤੋਂ ਬਾਅਦ ਜਿਸ ਤਰ੍ਹਾਂ ਦੀ ਤਕਲੀਫ ਉਸ ਵਕਤ 'ਚ ਮਾਤਾ ਜੀ (ਮਾਤਾ ਜਿਊਣ ਕੌਰ ਜੀ) ਨੇ, ਗੁਰੂ ਹਰੀ ਸਿੰਘ ਜੀ ਨੇ ਝੱਲੀ ਹੈ, ਸਿੱਖਾਂ ਨੇ ਝੱਲੀ ਹੈ। ਵੜਨਾ ਨਹੀਂ ਸੀ ਮਿਲਦਾ, ਪੰਜਾਂ ਨੂੰ ਇਕੱਠਾ ਨਹੀਂ ਸੀ ਹੋਣਾ ਮਿਲਦਾ। ਉਹ ਮੈਨੂੰ ਇਹ ਪਤਾ ਹੈ, ਬਈ ਅਨੰਦ ਨਾ ਭੈਣੀ ਸਾਹਿਬ ਪੜ੍ਹਾਉਣਾ ਮਿਲੇ, ਤੇ ਅੰਦਰ ਮੰਦਰ ਦੇ ਥੰਮ ਦੇ ਦੁਆਲੇ ਗੁਰੂ ਹਰੀ ਸਿੰਘ ਜੀ ਨੇ ਫੇਰੇ ਦੁਆਏ—ਚੋਰੀ ਬੂਹੇ ਬੰਦ ਕਰਕੇ। ਸਿੱਖਾਂ ਦੇ ਲੜਕਿਆਂ ਦੇ ਅਨੰਦ ਨਾ ਪੜ੍ਹਾਉਣ ਦੇਣ— ਇਹ ਮੇਰੇ ਦੇਖਣ ਦੀ ਗੱਲ ਹੈ।"

ਪਹਿਲਾਂ ਪੰਜ ਸਿੰਘ ਅੱਠਾਂ ਪਹਿਰਾਂ ਪਿਛੋਂ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਵਿਚ ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਕਰ ਸਕਦੇ ਸਨ। ਫਿਰ ੭-੮ ਸਾਲ ਬਾਅਦ ਦਸ ਸਿੰਘਾਂ ਨੂੰ ਦਰਸ਼ਨ ਦੀ ਆਗਿਆ ਮਿਲੀ। ਗੁਰੂ ਹਰੀ ਸਿੰਘ ਜੀ ਦੇ ਸਮੇਂ ਨਾਮਧਾਰੀਆਂ ਦੀਆਂ ਸਮੂਹਿਕ ਸਰਗਰਮੀਆਂ ਤਕਰੀਬਨ ਦੋ ਸਾਲ ਤੱਕ ਬੰਦ ਰਹੀਆਂ। ਨਾ ਆਸਾ ਦੀ ਵਾਰ ਨਾ ਸ਼ਾਮ ਦਾ ਦੀਵਾਨ ਨਾ ਰਾਤ ਨੂੰ ਜੋਟੀਆਂ ਦੇ ਸ਼ਬਦ ਪੜ੍ਹਨ ਦਿੰਦੇ। ਸਤਿਗੁਰੂ ਰਾਮ ਸਿੰਘ ਜੀ ਅਤੇ ਗੁਰੂ ਹਰੀ ਸਿੰਘ ਦੇ ਪਿਤਾ ਬਾਬਾ ਜੱਸਾ ਸਿੰਘ ੧੮੭੪ ਈ. ਵਿਚ ਅਕਾਲ ਚਲਾਣਾ ਕਰ ਗਏ ਸਨ। ਉਹਨਾਂ ਦੀਆਂ ਅੰਤਿਮ ਰਸਮਾਂ ਦੇ ਸਬੰਧ ਵਿਚ ਲੁਧਿਆਣੇ ਤੋਂ ਲਿਖਤੀ ਮਨਜ਼ੂਰੀ ਲਈ। ਪਾਠ ਕਰਨ ਵਾਸਤੇ ਅਤੇ ਦੁਆਬੇ ਤੋਂ ਆਏ ਰਾਗੀ ਸਿੰਘਾਂ ਦੇ ਜਥੇ ਨੇ ਕੀਰਤਨ ਕਰਨਾ ਵੀ ਸ਼ੁਰੂ ਕੀਤਾ। ਪਿੰਡ ਦੇ ਜੱਟਾਂ ਨੇ ਰਾਮਸਰ ਪਾਸ ਬਾਬਾ ਜੱਸਾ ਸਿੰਘ ਦੀ ਚਿਣੀ ਹੋਈ ਚਿਖਾ ਤੇ ਸਸਕਾਰ ਨਾ ਹੋਣ ਦਿੱਤਾ ਅਖੇ ਸਾਡੇ ਅਨਾਜ ਵਿਚ ਹੱਡੀਆਂ ਰਲਣਗੀਆਂ। ਰਾਈਆਂ ਪਿੰਡ ਦੇ ਮਨਸਾ ਰਾਮ ਦੀ ਸਮਾਧ ਕੋਲ ਸਸਕਾਰ ਕੀਤਾ। ਮਨਸਾ ਰਾਮ ਬਾਬਾ ਜੀ ਦਾ ਮਿੱਤਰ ਵੀ ਸੀ। ਬਾਬੇ ਦੇ ਭੋਗ ਤੋਂ ਬਾਅਦ ਹੌਲੇ ਹੌਲੇ ਸਾਰੀਆਂ ਧਾਰਮਿਕ ਰਹੁ ਰੀਤਾਂ ਹੋਣ ਲੱਗ ਪਈਆਂ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਅਨੁਸਾਰ ਡੇਰੇ ਵਿਚ ਗੁਪਤ ਤੌਰ ਤੇ ਆਪ ਦੇ ਨਮਿੱਤ ਅਖੰਡ ਪਾਠ ਕਰਨੇ ਸ਼ੁਰੂ ਹੋਏ। ਵਿੱਚੇ ਹੀ ਮੁਖਬਰ ਸਨ ਜੋ ਪਾਠਾਂ ਦੀ ਸੂਚਨਾ ਸਰਕਾਰ ਨੂੰ ਪੁਚਾਉਂਦੇ ? ਪੁਲਿਸ ਕਪਤਾਨ ਐਸ.ਪੀ. ਵਾਰਬਰਟਨ ਖੁਦ ਛਾਪੇ ਮਾਰਦਾ ਸਿੰਘ ਚੌਕਸੀ ਨਾਲ ਇਧਰ ਉਧਰ ਹੋ ਜਾਂਦੇ। ਲੰਗਰ ਵਾਲੀ ਕੋਠੜੀ ਵਿਚ ਇਕ ਗੁਫਾ ਸੀ ਉਸ ਵਿਚ ਪਾਠ ਹੁੰਦੇ। ਗੁਫਾ ਦੇ ਮੂੰਹ ਤੇ ਵੱਡੀਆਂ ਲੋਹਾਂ ਆਦਿਕ ਰੱਖ ਦਿੰਦੇ ਜਦੋਂ ਪੜਤਾਲ ਹੁੰਦੀ। ਗੁਰੂ ਹਰੀ ਸਿੰਘ ਜੀ ਦੇ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਵੀ ਦਰਸ਼ਨਾਂ ਲਈ ਕਈ ਸੁਆਂਗ ਕਰਨੇ ਪੈਂਦੇ। ਆਪਦੇ ਮਾਮੇ ਦੀ ਨੂੰਹ ਬੀਬੀ ਭੋਲੀ ਜੋ ਲੁਧਿਆਣੇ ਰਹਿੰਦੀ ਸੀ, ਮੰਗਤੀ ਬਣਕੇ ਡੇਰੇ ਵਿਚ ਆਈ ਕਿ ਪਰਸ਼ਾਦਾ ਛਕਣਾ ਹੈ। ਮਨਜ਼ੂਰੀ ਲੈ ਕੇ ਅਖੰਡ ਪਾਠ ਕਰਵਾਉਣ ਤੇ ਵੀ ਲੋਹਗੜ੍ਹ ਦੇ ਭਾਈ ਅਤਰ ਸਿੰਘ ਨੂੰ ਹੋਰਨਾਂ ਸਿੰਘਾਂ ਸਮੇਤ ਦੋ ਸਾਲ ਕੈਦ ਕਰ ਦਿੱਤੀ। ਉਹ ਜਿਹਲ ਵਿਚ ਹੀ ਸ਼ਹੀਦ ਹੋਏ। ਆਪਦਾ ਭਾਈ ਦੇਵਾ ਸਿੰਘ ਮਲੇਰ ਕੋਟਲੇ ਸ਼ਹੀਦ ਹੋਇਆ ਸੀ।

ਗੁਰੂ ਹਰੀ ਸਿੰਘ ਜੀ ਦਾ ਸਤਿਗੁਰੂ ਰਾਮ ਸਿੰਘ ਜੀ ਵਿਚ ਕਿੰਨਾ ਸਨੇਹ ਸੀ ਅਤੇ ਕਿੰਨਾ ਸਤਕਾਰ ਆਪ ਉਹਨਾਂ ਦਾ

ਕਰਦੇ ਸਨ। ਇਸ ਦਾ ਵਰਣਨ ਵੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਉਪਦੇਸ਼ਾਂ ਵਾਲੀ ਪੁਸਤਕ ਦੇ ਤੀਜੇ ਭਾਗ ਵਿਚ ਮਿਲਦਾ ਹੈ। "ਇਹ ਚੀਜ਼ ਭਾਈ ਸੱਦਾ ਸਿੰਘ ਜੀ ਹੁਰੀ ਅੰਮ੍ਰਿਤਸਰੋਂ ਮੈਨੂੰ ਯਾਦ ਹੈ — ਇਕ ਆਰਾਮ ਕੁਰਸੀ ਬਣਾਕੇ ਲਿਆਏ ਗੁਰੂ ਹਰੀ ਸਿੰਘ ਜੀ ਦੇ ਕੋਲ। ਆਖਣ ਲੱਗੇ, "ਭਾਈ ਸਤਿਗੁਰ ਆਉਣਗੇ ਤੇ ਬੈਠਣਗੇ। ਅਸੀਂ ਨਹੀਂ ਇਹਦੇ ਤੇ ਬਹਿਣਾਂ।" ਕਹਿੰਦੇ ਨੇ — ਰਾਮ ਤੇ ਭਰਤ ਜੀ ਭ੍ਰਾਤ ਜੁੱਗੋ ਜੁੱਗ ਆਉਂਦੇ ਭਏ।"

ਡੇਰਾ ਸ੍ਰੀ ਭੈਣੀ ਸਾਹਿਬ ਦੀ ਮੁੱਢਲੀ ਉਸਾਰੀ ਵਿਚ ਵੀ ਆਪ ਜੀ ਦਾ ਯੋਗਦਾਨ ਅਹਿਮ ਸੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਆਪ ਨੇ ਛੱਪੜ ਉੱਤੇ ਇਟਾਂ ਪੱਥੀਆਂ ਜਿਹਨਾਂ ਇੱਟਾਂ ਨਾਲ ਮਕਾਨ ਬਣਾਏ ਗਏ। ਦਸਤਕਾਰੀ ਅਤੇ ਕਿਸਾਨੀ ਕੰਮਾਂ ਵਿਚ ਵੀ ਆਪ ਪੂਰੇ ਉਸਤਾਦ ਸਨ। ਪੰਜ ਪੰਜ ਆਦਮੀਆਂ ਜਿੰਨਾਂ ਕੰਮ ਆਪ ਇਕੱਲੇ ਕਰਦੇ। ਕਦੇ ਦਲਿੱਦਰ ਨੂੰ ਨੇੜੇ ਫਟਕਣ ਨਹੀਂ ਸੀ ਦਿੱਤਾ। ਇਕ ਵੇਰ ਗੁਰੂ ਕੇ ਲੰਗਰ ਦੇ ਉਗਰਾਹੀਏ ਗੱਡਿਆਂ ਵਾਲੇ ਸਿੰਘ ਰਾਤ ਕੁਵੇਲੇ ਆਏ। ਆਉਂਦਿਆਂ ਨੂੰ ਸੋਧੀ ਸਿੰਘ ਸਾਰੇ ਖੁੱਲੇ ਹੋ ਚੁੱਕੇ ਸਨ। ਸੋ ਗੱਡਿਆਂ ਵਾਲਿਆਂ ਨੇ ਰਾਤ ਕੜਾਕਾ ਹੀ ਕੱਟਿਆ। ਦਿਨ ਚੜ੍ਹੇ ਜਦੋਂ ਗੁਰੂ ਹਰੀ ਸਿੰਘ ਜੀ ਪਾਸ ਖਬਰ ਪਹੁੰਚੀ ਤਾਂ ਉਹਨਾਂ ਗੱਡਿਆਂ ਵਾਲਿਆਂ ਨੂੰ ਕਿਹਾ, "ਤੁਸੀਂ ਮੇਰੇ ਪਾਸ ਕਿਉਂ ਨਾ ਆਏ। ਮੈਂ ਤਾਂ ਉਸ ਵੇਲੇ ਸੋਧ ਵਿਚ ਹੀ ਸਾਂ। ਤੁਹਾਨੂੰ ਪਰਸ਼ਾਦੇ ਮੈਂ ਛਕਾਉਂਦਾ।"

ਸਤਿਗੁਰੂ ਰਾਮ ਸਿੰਘ ਜੀ ਦੁਆਰਾ ਜਾਰੀ ਕੀਤੀ ਲੰਗਰ–ਸਦਾ ਬਰਤ ਦੀ ਮਰਿਆਦਾ ਨੂੰ ਗੁਰੂ ਹਰੀ ਸਿੰਘ ਜੀ ਨੇ ਬੜੇ ਸਿਹੜ ਨਾਲ ਨਿਭਾਇਆ ਅਤੇ ਇਸਨੂੰ ਪੱਕੇ ਪੈਰੀਂ ਕਰਨ ਲਈ ਸਾਰੇ ਪੰਜਾਬ ਵਿਚ ਜਿੱਥੇ ਜਿੱਥੇ ਨਾਮਧਾਰੀ ਸੰਗਤ ਦਾ ਨਿਵਾਸ ਸੀ, ਹਰ ਛਿਮਾਹੀ ਬਾਦ ਗੁਰੂ ਕੇ ਲੰਗਰ ਲਈ ਗੁਰੂ ਕੇ ਉਗਰਾਹੀਏ ਭੇਟਾ ਅਨਾਜ ਜਾਂ ਨਕਦੀ ਦੇ ਰੂਪ ਵਿਚ ਇਕੱਤਰ ਕਰਦੇ ਸਨ। ਗੁਰੂ ਹਰੀ ਸਿੰਘ ਜੀ ਦੀਆਂ ਪ੍ਰਾਥਮਿਕ ਚਿੰਤਾਵਾਂ ਵਿਚੋਂ ਵੱਡੀ ਚਿੰਤਾ ਲੰਗਰ ਦੀ ਹੀ ਸੀ– ਜਿੱਥੇ ਨਾ ਸਿਰਫ ਡੇਰੇ ਵਿਚ ਰਹਿਣ ਵਾਲੀ ਸਾਧ ਸੰਗਤ ਜਾਂ ਗੁਰੂ ਦਰਸ਼ਨ ਅਭਿਲਾਖੀਆਂ ਨੂੰ ਲੰਗਰ ਮਿਲਦਾ ਸੀ– ਸਗੋਂ ਰਾਹੀਂ ਪਾਂਧੀ ਇੱਥੋਂ ਤੱਕ ਕੇ ਕਈ ਵੇਰ ਪੁਲਿਸ, ਸੈਨਾ ਜਾਂ ਸਰਕਾਰੀ ਕਾਰਿੰਦੇ ਵੀ ਜਦੋਂ ਕਿਸੇ ਕਾਰ ਵਿਹਾਰ ਕਾਰਨ, ਇਧਰ ਆਉਂਦੇ, ਭੋਜਨ, ਗੁਰੂ ਕੇ ਲੰਗਰ ਵਿਚੋਂ ਹੀ ਪਾਉਂਦੇ ਸਨ। ਗੁਰੂ ਹਰੀ ਸਿੰਘ ਜੀ ਇਥੋਂ ਤੱਕ ਫਰਮਾਇਆ ਕਰਦੇ ਸਨ ਕਿ ਮੇਰੇ ਚੀਨੀ ਵਾਲੇ ਪਾਤਸ਼ਾਹ ਦੇ ਲੰਗਰ ਵਿਚ ਜੇ ਬਾਲਣ ਦੀ ਥਾਂ ਮੈਨੂੰ ਆਪਣੇ ਹੱਡ ਲੀ ਝੋਕਣ ਦੀ ਨੌਬਤ ਆ ਗਈ ਤਾਂ ਮੈਂ ਸੰਕੋਚ ਨਹੀਂ ਕਰਾਂਗਾ। ਇਕ ਸੂਬਾ ਸੁਧ ਸਿੰਘ ਮਢੌਰ (ਅੰਬਾਲਾ) ਦੇ ਨਿਵਾਸੀ ਸਨ। ਅਤਰ ਸਿੰਘ ਨਾਂ ਦਾ ਇਕ ਨਾਮਧਾਰੀ ਸਿੰਘ ਸੀ ਜਿਸਨੂੰ ਸਰਕਾਰ ਤੋਂ ਕਿਸੇ ਸੇਵਾ ਬਦਲੇ ਪੈਨਸ਼ਨ ਮਿਲਦੀ ਸੀ। ਉਹ ਅਤਰ ਸਿੰਘ ਆਪਣੀ ਸਾਰੀ ਪੈਨਸ਼ਨ ਸੂਬਾ ਸੁੱਧ ਸਿੰਘ ਜੀ ਨੂੰ ਭੇਟਾ ਕਰ ਦਿੰਦਾ ਸੀ। ਸੂਬਾ ਜੀ ਤੋਂ ਬਾਅਦ ਉਹ ਗੁਰਦੁਆਰੇ ਸ੍ਰੀ ਭੈਣੀ ਸਾਹਿਬ ਆਇਆ ਤਾਂ ਉਸਨੇ ਦੋ ਰੁਪੈ ਗੁਰੂ ਹਰੀ ਸਿੰਘ ਜੀ ਨੂੰ ਮੱਥਾ ਟੇਕਿਆ ਤਾਂ ਆਪ ਨੇ ਫਰਮਾਇਆ "ਭਾਈ ਅਤਰ ਸਿਹਾਂ ਸਤਿਗੁਰੂ ਰਾਮ ਸਿੰਘ ਦੇ ਲੰਗਰ ਵਿਚ ਤੇਰੇ ਆਹ ਦੋ ਰੁਪਈਏ ਹੀ ਪਏ ਹਨ। ਲੰਗਰ ਦੀ ਚੀਜ਼ ਤੁਹਾਡੀ ਅਮਾਨਤ ਹੈ। ਸਤਿਗੁਰਾਂ ਦਾ ਲੰਗਰ ਹੈ, ਉਹਨਾਂ ਨੇ ਲੰਗਰ ਚਲਾਇਆ ਹੈ। ਉਨਾਂ ਦਾ ਹੁਕਮ ਹੈ, "ਭਾਈ ਜਿਹੜਾ ਲੰਗਰ 'ਚ ਪਾਵੇਗਾ ਮੇਰੇ ਮੂੰਹ 'ਚ ਪਾਵੇਗਾ।" ਉਹਨਾਂ ਨੇ ਹੁਕਮ ਦਿੱਤਾ ਹੈ। ਤੁਹਾਨੂੰ ਇਹ ਧਿਆਨ ਰੱਖਣਾ ਚਾਹੀਦਾ ਹੈ। ਘਰ ਘਰ ਵੀ ਸਤਿਗੁਰਾਂ ਦਾ ਲੰਗਰ ਹੈ। ਘਰ ਆਇਆ ਵੀ ਤੁਹਾਡੇ ਭੁੱਖਾ ਨਹੀਂ ਜਾਣਾ ਚਾਹੀਦਾ। ਪਰ ਜਿਹੜੇ ਪੈਸੇ ਤੁਸੀਂ ਕੱਢਦੇ ਹੋ, ਦਸਵੰਧ ਦੇ ਕਿਸੇ ਤਰ੍ਹਾਂ ਦੇ ਉਹ ਤੁਹਾਡਾ ਫਰਜ਼ ਹੈ ਕਿ ਉਹ ਲੰਗਰ ਚ ਜਾਣ।" ਉਪਦੇਸ਼ਾਂ ਦੀ ਉਪਰੋਕਤ ਜਿਲਦ ਵਿਚ ਹੀ ਇਹ ਬਚਨ ਦਰਜ ਹੈ।

ਆਪ ਖਿਮਾਂ ਧੀਰਜ ਅਤੇ ਸ਼ਾਂਤਗੀ ਦੀ ਮੂਰਤੀ ਤੇ ਸਨ ਹੀ ਪਰ ਵੱਡੇ ਗਹਿਰ ਗੰਭੀਰ ਵੀ ਸਨ ਜਿਹਨਾਂ ਦਾ ਇਕੋ ਬਚਨ ਸਰੋਤਿਆਂ ਦਾ ਅੰਦਰ ਬਾਹਰ ਹਿਲਾ ਦਿੰਦਾ ਸੀ। ਅਸੀਂ ਫਿਰ "ਪਵਿਤਰ ਉਪਦੇਸ਼ ਸੈਂਚੀ ਤੀਜੀ" ਦਾ ਹਵਾਲਾ ਦਿਆਂਗੇ "ਜਾਣ ਕੇ ਭੀ ਭਾਈ ਗੁਰਦਾਸ ਵਰਗੇ ਭੁੱਲ ਗਏ। ਭਜਨ ਕਰਕੇ, ਸੰਤ ਬਣਕੇ, ਨਾਮ ਜਪਕੇ, ਫਿਰ ਧੋਖਾ ਖਾ ਜਾਂਦੇ ਨੇ। ਤਾਂ ਏਸੇ ਤਰਾਂ ਹੀ ਉਨਾਂ ਨਾਮਧਾਰੀਆਂ ਨੇ, ਗੁਰੂ ਹਰੀ ਸਿੰਘ ਨੂੰ ਸਤਿਗੁਰੂ ਰਾਮ ਸਿੰਘ ਦਾ ਰੂਪ ਮੰਨਿਆ। ਜਦੋਂ ਉਹਨਾਂ ਨੂੰ ਉਸੇ ਤਰ੍ਹਾਂ ਹੀ ਦਿਖਾਇਆ। ਬਾਬਾ ਸਮੁੰਦ ਸਿੰਘ ਜੀ ਖੋਟਿਆਂ ਵਾਲੇ ਬੜੇ ਮਹਾਂਪੁਰਖ ਨੇ। ਸਤਿਗੁਰਾਂ ਨੇ ਉੱਥੋਂ ਹੁਕਮਨਾਮੇ 'ਚ ਲਿਖਿਆ ਕਿ ਭਾਈ ਸਮੁੰਦ ਸਿੰਘ ਜੋ ਤੈਂ ਪਰਉਪਕਾਰ ਕੀਤਾ ਹੈ, ਮੈਂ ਤੇ ਕਿਹਾ ਨਹੀਂ ਜਾਂਦਾ, ਜਿਹੜੇ ਪਾਠ ਕਰਵਾਏ, ਇਕੋਤਰ ਸੌ ਉਹਨਾਂ ਨੇ ਤਖਤੂ ਪੂਰੇ। ਭੈਣੀ ਸਾਹਿਬ ਗਏ, ਲੱਗੇ ਜਾ ਕੇ ਗੁਰੂ ਹਰੀ ਸਿੰਘ ਜੀ ਨੂੰ ਬਚਨ ਕਰਨ ਤੂੰ ਐਂ। ਤੂੰ ਐਂ! ਆਪਣੇ ਸੁਭਾਅ 'ਚ ਆ ਕੇ ਸੂਬੇ ਸਨ ਸਤਿਗੁਰਾਂ ਦੇ। ਗੁਰੂ ਹਰੀ ਸਿੰਘ ਜੀ ਨੇ ਇਕ ਬਚਨ ਕੀਤਾ। ਚਰਨੀਂ ਡਿੱਗ ਕੇ ਕਹਿੰਦੇ, "ਸੱਚਿਆ ਪਾਤਸ਼ਾਹ ! ਗੁਰੂ ਰਾਮ ਸਿੰਘ ਦਾ ਤਾਂ ਕੁਛ ਪਤਾ ਲੱਗ ਜਾਂਦਾ ਸੀ, ਤੇਰੇ ਡੂੰਘ ਦੀ ਸਾਨੂੰ ਸਮਝ ਹੀ ਕੁਛ ਨਹੀਂ ਆਈ।"

ਵੈਸੇ ਤਾਂ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ

ਵਿਚ ਦਰਜ ਹੈ ਕਿ ਡੇਰੇ ਵਿਚ ਵਿਹਲਾ ਨਾ ਕੋਈ ਰਹਵੇ। ਉਹ ਆਪਣੇ ਦੋਹਤਿਆਂ ਨੂੰ ਮੁਖਾਤਿਬ ਹੁੰਦੇ ਹਨ ਕਿ ਜਾਂ ਲੰਗਰ ਦੀ ਸੇਵਾ ਕਰੋ, ਜਾਂ ਪਸ਼ੂਆਂ ਦੀ ਸੇਵਾ ਕਰੋ, ਜਾਂ ਭਜਨ ਬਾਣੀ ਕਰੋ। ਜੇ ਤਿੰਨਾਂ ਵਿਚੋਂ ਕੋਈ ਕੰਮ ਨਹੀਂ ਕਰਨਾ ਤਾਂ ਆਪਣੇ ਪਿੰਡ-ਖਟੜੇ ਚਲੇ ਜਾਉ। ਗੁਰੂ ਹਰੀ ਸਿੰਘ ਜੀ ਵੀ ਸਾਰੇ ਡੇਰਾ ਨਿਵਾਸੀਆਂ ਨੂੰ ਥਾਉਂ ਥਾਈਂ ਵਿਹਾਰ ਵਿਚ ਲਾਈ ਰੱਖਦੇ। ਉਪਰੋਕਤ ਪੁਸਤਕ ਵਿਚ ਹੀ ਸਤਿਗੁਰੂ ਪਰਤਾਪ ਸਿੰਘ ਜੀ ਦਾ ਉਪਦੇਸ਼ ਹੈ "ਸਤਿਗੁਰੂ ਸੱਚੇ ਪਾਤਸ਼ਾਹ ਦੇ ਵਕਤ ਨਾਮਧਾਰੀ ਸਿੱਖ ਕਿਹੋ ਜਿਹਾ ਸੀ – ਉਹ ਕਥਨੀ ਨਹੀਂ ਸੀ ਕਰਦਾ। ਉਹ ਗੱਲਾਂ ਨਹੀਂ ਸਨ ਕਰਦੇ। ਪੁਰਾਣੇ ਸਾਧ ਜਿਹੜੇ ਸਤਿਗੁਰਾਂ ਦੇ, ਸੱਚੇ ਪਾਤਸ਼ਾਹ ਦੇ ਦੌਰੇ 'ਚ ਰਹੇ, ਉਹ ਬਚਨ ਕਰਦੇ ਬਈ, ਜਿਸ ਵੇਲੇ ਰਸਤੇ 'ਚ ਤੁਰਦੇ ਤਾਂ ਸਿੱਖ ਦੋ-ਦੋ ਚਾਰ-ਚਾਰ ਕਰੂ ਦੇ ਫਰਕ ਨਾਲ ਤੁਰਦੇ ਇਕ ਦੂਏ ਤੋਂ ਤਾਂ ਕਿ ਗੱਲਾਂ ਨਾ ਹੋਣ। ਜੇ ਬਾਣੀ ਰਹਿੰਦੀ ਹੋਵੇ ਤਾਂ ਬਾਣੀ ਪੜ੍ਹਨੀ, ਨਹੀਂ ਤੇ ਭਜਨ ਕਰਦੇ ਜਾਣਾਂ, ਔਰ ਜੇ ਕਦੇ ਦੋ ਇਕੱਠੇ ਹੋ ਕੇ ਵੀ ਤੁਰਦੇ ਹਨ, ਤਾਂ ਉਹ ਦੋ ਸ਼ਬਦ ਪੜ੍ਹਦੇ ਜਾਂਦੇ ਹਨ। ਉਹਨਾਂ ਨੇ ਸ਼ਬਦ ਪੜ੍ਹਦੇ ਤੁਰੇ ਜਾਣਾ, ਗੱਲਾਂ ਨਹੀਂ ਕਰਨੀਆਂ। ਭਾਈ ਗੰਗਾ ਸਿੰਘ ਜੀ, ਉਪਦੇਸ਼ਕ ਰਹੇ ਹਨ ਸਿੰਘ ਸਭਾ ਦੇ, ਸ਼ਿਮਲੇ ਮਿਲਦੇ। ਕਹਿਣ ਲੱਗੇ, "ਮੈਂ ਗੁਰਦੁਆਰੇ ਭੈਣੀ ਸਾਹਿਬ ਗਿਆ, ਜਿਸ ਵੇਲੇ ਮੈਂ ਜਾ ਕੇ ਗੁਰੂ ਹਰੀ ਸਿੰਘ ਜੀ ਦੇ ਵਕਤ ਦੇਖਿਆ–ਜੇ ਕੋਈ ਆਦਮੀ ਘੋੜੇ ਨੂੰ ਖਰਖਰਾ ਕਰਦੈ ਤਾਂ ਭੀ ਬਾਣੀ ਪੜਦਾ ਹੈ, ਜੇ ਕੋਈ ਲੱਕੜਾਂ ਦਾ ਬਾਲਣ ਚੁੱਕੀ ਜਾਂਦਾ ਹੈ ਤਾਂ ਭੀ ਉਹ ਭਜਨ ਕਰਦਾ ਜਾਂਦਾ ਹੈ, ਜੇ ਕੋਈ ਜਲ ਢੋਂਦਾ ਹੈ ਤਾਂ ਉਹ ਭੀ ਭਜਨ ਕਰਦੈ ਜਾਂ ਬਾਣੀ ਪੜ੍ਹਦਾ ਹੈ, ਗੱਲਾਂ ਕੋਈ ਨਹੀਂ ਸੀ ਕਰਦਾ।"

ਮਸਤਾਨਿਆਂ ਬਾਰੇ ਗੁਰੂ ਹਰੀ ਸਿੰਘ ਜੀ ਬਚੰਨ ਕਰਿਆ ਕਰਦੇ ਸਨ ਕਿ ਭਾਈ ਜਿਹੜੇ ਬਹੁਤ ਰੌਲਾ ਪਾਉਂਦੇ ਹਨ ਮਸਤਾਨੇ ਹੋ ਕੇ ਉਹਨਾਂ ਦੀ ਹਾਲਤ ਉਸ ਦੁੱਧ ਵਰਗੀ ਹੈ ਜੋ ਉੱਬਲ ਜਾਵੇ ਤਾਂ ਉਹਦਾ ਮੱਖਣ ਘੱਟ ਨਿਕਲਦਾ ਹੈ। ਗੁਰੂ ਘਰ ਦੀ ਸੇਵਾ ਕਰਨ ਵਾਲਿਆਂ ਨੂੰ ਆਪ ਬਿਅੰਤ ਖੁਸ਼ੀਆਂ ਨਾਲ ਨਿਵਾਜਿਆ ਕਰਦੇ ਸਨ। ਟਹਿਲੇ ਨੂੰ ਉੱਤਮ ਕਰਮ ਦੱਸਦੇ ਸਨ।

੧੯੫੬ ਬਿਕਰਮੀ ਮੁਤਾਬਿਕ ੧੮੯੯ ਈ. ਦੇ ਭਿਆਨਕ ਕਾਲ ਸਮੇਂ ਕਾਲ ਪੀੜਤਾਂ ਦੀ, ਜੋ ਦੂਰ ਦੁਰੇਡਿਉਂ, ਦੂਸਰੇ ਪ੍ਰਾਂਤਾਂ ਵਿਚੋਂ ਆਏ ਸਨ, ਜੋ ਸੇਵਾ ਗੁਰੂ ਹਰੀ ਸਿੰਘ ਜੀ ਅਤੇ ਆਪ ਦੇ ਮਹਿਲ ਮਾਤਾ ਜੀਵਨ ਕੌਰ ਜੀ ਨੇ ਕੀਤੀ, ਸਮੇਤ ਬਾਲ ਸਤਿਗੁਰੂ ਪਰਤਾਪ ਸਿੰਘ ਜੀ ਦੇ, ਉਸਦਾ ਅੱਖੀ ਡਿੱਠਾ ਵਰਣਨ ਭਾਈ ਹਰਨਾਮ ਸਿੰਘ ਬੁਗਲੀ ਵਾਲੇ ਆਪਣੇ ਕਾਵਿ ਪੁਸਤਕ, "ਸੰਤ ਖਾਲਸਾ ਵਿਚ ਇਉਂ ਕਰਦੇ ਹਨ–

"ਦੂਰੋਂ ਦੂਰੋਂ ਲੰਗਰ ਸੁਣਕੇ ਲੋਕ ਆਉਂਦੇ,
ਭੈਣੀ ਹੋਈ ਮਸ਼ਹੂਰ ਸੰਸਾਰ ਸਾਰੇ
ਭੈਣੀ ਮਿਲੂ ਰੋਟੀ ਲੋਕੀ ਗੀਤ ਗਾਉਂਦੇ,
ਇਰਦ ਗਿਰਦ ਭੈਣੀ ਲੱਗੀ ਲਾਰ ਸਾਰੇ
ਬਾਗੜ ਦੇਸ਼ ਮਸ਼ਹੂਰ ਹੋ ਗਈ ਭੈਣੀ,
ਉਟੂ ਨੌਹਰ ਤੇ ਹਾਂਸੀ ਹਿਸਾਰ ਸਾਰੇ
ਮਾਰਵਾੜੀਏ ਲੋਕ ਹਰਨਾਮ ਸਿੰਘਾ,
ਬੈਠੇ ਆਣ ਭੈਣੀ ਤਰਫ ਚਾਰ ਸਾਰੇ
"ਸਾਹਿਬਜ਼ਾਦੇ ਮਹਾਰਾਜ ਪ੍ਰਤਾਪ ਸਿੰਘ ਜੀ,
ਹੱਥੀਂ ਆਪਣੀ ਅੰਨ ਬਰਤਾਉਂਦੇ ਰਹੇ
ਨੌ ਕੁ ਬਰਸ ਦੀ ਉਮਰ ਦੇ ਸਾਹਿਬਜ਼ਾਦੇ,
ਭੱਜ ਭੱਜ ਕੇ ਰੋਟੀ ਖਵਾਉਂਦੇ ਰਹੇ
ਫਿਰਦੇ ਦੇਖਦੇ ਸਤਿਗੁਰੂ ਹਰੀ ਸਿੰਘ ਜੀ,
ਮਾਲਾ ਨਾਲ ਇਸ਼ਾਰੇ ਕਰਵਾਉਂਦੇ ਰਹੇ
ਮਹਾਰਾਜ ਤੇ ਅਸੀਂ ਹਰਨਾਮ ਸਿੰਘ
ਸਾਰਾ ਸਾਰਾ ਦਿਨ ਹੀ ਫੇਰੇ ਪਾਉਂਦੇ ਰਹੇ"

ਇਹ ਉਹ ਸਮਾਂ ਸੀ ਜਦੋਂ ਪੱਛਮੀ ਪੰਜਾਬ ਵਿੱਚ ਬਾਰਾਂ ਅਬਾਦ ਹੋ ਰਹੀਆਂ ਸਨ। ਲੁਧਿਆਣਾ ਜ਼ਿਲ੍ਹੇ ਦੇ ਉਚ ਅਧਿਕਾਰੀ ਕਾਲ ਪੀੜਤਾਂ ਦੀ ਬਿਨਾਂ ਧਰਮ, ਸੰਪ੍ਰਦਾਇ, ਇਲਾਕੇ ਦੇ ਵਿਤਕਰੇ ਤੋਂ, ਮਹੀਨਿਆਂ ਬੱਧੀ ਭਰਪੂਰ ਸੇਵਾ ਕਾਰਨ ਬੜੇ ਦ੍ਰਵਿਤ ਹੋਏ ਸਨ। ਉਹਨਾਂ ਗੁਰੂ ਹਰੀ ਸਿੰਘ ਜੀ ਪਾਸ ਪਹੁੰਚ ਕਰਕੇ ਕਿਹਾ ਕਿ ਜੇ ਤੁਸੀਂ ਵੀ ਚਾਹੋ ਤਾਂ ਤੁਹਾਨੂੰ ਕਿਸੇ ਬਾਰ ਵਿਚ ਲੰਗਰ ਸ੍ਰੀ ਭੈਣੀ ਸਾਹਿਬ ਵਾਸਤੇ ਮਾਅਕੂਲ ਜਗੀਰ (੫੦ ਤੋਂ ੮੦ ਮੁਰੱਬਿਆਂ ਦੇ ਦਰਮਿਆਨ) ਦਿਤੀ ਜਾ ਸਕਦੀ ਹੈ। ਗੁਰੂ ਹਰੀ ਸਿੰਘ ਜੀ ਦਾ ਜੁਆਬ ਸੀ ਕਿ ਤੁਹਾਥੋਂ ਜਗੀਰ ਲੈ ਕੇ ਇਹ ਮੰਨ ਲਈਏ ਕਿ ਬਾਕੀ ਹਿੰਦੁਸਤਾਨ ਉਤੇ ਤੁਹਾਡਾ ਹੱਕ ਹੈ। ਸਤਿਗੁਰੂ ਰਾਮ ਸਿੰਘ ਜੀ ਦੁਆਰਾ ਫਰੰਗੀ ਸਰਕਾਰ ਨਾਲ ਹਰ ਤਰਹਾਂ ਦੇ ਮੁਕੰਮਲ ਬਾਈਕਾਟ ਦੀ ਨੀਤੀ ਨੂੰ ਗੁਰੂ ਹਰੀ ਸਿੰਘ ਨੇ ਜਾਰੀ ਰੱਖਿਆ। ਗਾਦੜੀ ਵਾਲੇ ਨੱਥਾ ਸਿੰਘ ਨੇ ਲਾਮ ਵਾਸਤੇ ਅੰਗ੍ਰੇਜ਼ ਸਰਕਾਰ ਨੂੰ ਘੋੜੇ ਦਿੱਤੇ ਸਨ, ਗੁਰੂ ਜੀ ਨੇ ਉਸਨੂੰ ਪੰਥਕ ਰਹੁ ਰੀਤ ਦੀ ਅਵੱਗਿਆ ਕਾਰਨ ਡੰਨ ਲਾਇਆ।

ਗੁਰੂ ਹਰੀ ਸਿੰਘ ਜੀ ਨੇ ੧੮੭੫ ਈ. ਤੋਂ ੧੯੮੧ ਈ.

ਤੱਕ ਇਕ ਸੌ ਦੇ ਕਰੀਬ ਨਾਮਧਾਰੀ ਸਿੰਘਾਂ ਨੂੰ ਪਹਿਲਾਂ ਰੰਗੂਨ ਅਤੇ ਫਿਰ ਮਰਗੋਈ ਟਾਪੂ ਵਿਚ ਜਾ ਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਵਾਸਤੇ ਜਾਣ ਲਈ ਉਤਸਾਹਿਤ ਕੀਤਾ। ਇਹ ਸਿੰਘ ਵਾਪਸੀ ਤੇ ਹਜ਼ੂਰ ਦੇ ਹਸਤ ਕੰਵਲਾਂ ਦੁਆਰਾ ਲਿਖਤ ਪੱਤਰ-ਹੁਕਮਨਾਮੇ ਵੀ ਲੈ ਕੇ ਆਉਂਦੇ ਰਹੇ—ਜਿਹਨਾਂ ਵਿਚ ਕਈ ਗੁਰੂ ਹਰੀ ਸਿੰਘ ਜੀ ਅਤੇ ਬਾਕੀ ਪੰਜਾਬ ਦੇਸ਼ ਦੀ ਸੰਗਤ ਨੂੰ ਮੁਖਾਤਿਬ ਹੁੰਦੇ ਸਨ। ਇਹਨਾਂ ਹੁਕਮਨਾਮਿਆਂ ਨੂੰ ਸਰਕਾਰੀ ਨਜ਼ਰਾਂ ਤੋਂ ਸੁਰੱਖਿਅਤ ਰੱਖਣਾ ਵੀ ਵੱਡੇ ਤਰੱਦਦ ਦਾ ਕੰਮ ਸੀ। ਭਾਈ ਨਾਰਾਇਣ ਸਿੰਘ ਰੋਡਿਆਂ ਵਾਲੇ ਤੋਂ ਪੁਲੀਸ ਕਪਤਾਨ ਬਾਰਬਰਟਨ ਨੇ ਹੁਕਮਨਾਮਿਆਂ ਦੀਆਂ ੭੦ ਨਕਲਾਂ ਪਕੜੀਆਂ ਸਨ। ਇਹ ਸਾਰੇ ਹੁਕਮਨਾਮੇ ਬਟਨ ਨੇ ਆਪਣੇ ਸੇਵਾ ਕਾਲ ਸਮਾਪਤ ਹੋਣ ਤੋਂ ਬਾਅਦ ਵੀ ਆਪਣੇ ਪਾਸ ਰਖੇ ਸਨ। ਇਸਦਾ ਪਿੰਡ ਰੇਲਵੇ ਸਟੇਸ਼ਨ ਵੀ ਸੀ ਤੇ ਪਿੰਡ ਬਾਰਬਟਨ ਦੇ ਨਾਮ ਤੇ ਹੀ ਵਸਾਇਆ ਗਿਆ ਸੀ ਸਾਂਦਲ ਬਾਰ ਵਿਚ। ਸਤਿਗੁਰੂ ਪ੍ਰਤਾਪ ਸਿੰਘ ਜੀ ਇਕ ਵੇਰ ਗੁਜਰਾਂਵਾਲਾ, ਸ਼ੇਖੂਪੁਰਾ ਆਦਿ ਜ਼ਿਲ੍ਹਿਆਂ ਦਾ ਦੌਰਾ ਕਰਦੇ ਹੋਏ ਬਾਰਬਟਨ ਨੂੰ ਇਸਦੇ ਚੱਕ ਤੇ ਜਾ ਕੇ ਮਿਲੇ ਸਨ। ਉਹ ਮੰਨਿਆ ਸੀ ਕਿ ਨਰਾਇਣ ਸਿੰਘ ਰੋਡਿਆਂ ਵਾਲੇ ਤੋਂ ਪਕੜੇ ਹੁਕਮਨਾਮੇ ਮੇਰੇ ਪਾਸ ਹਨ। ਪਰ ਜਦੋਂ ਸਤਿਗੁਰੂ ਜੀ ਨੇ ਕਿਹਾ ਕਿ ਸਾਨੂੰ ਦੇ ਦਿਓ ਤਾਂ ਉਸ ਕੂਟਨੀਤਿਕ ਜੁਆਬ ਦਿਤਾ ਸੀ ਕਿ ਮੈਂ ਇਹਨਾਂ ਹੁਕਮਨਾਮਿਆਂ ਦਾ ਰੋਜ਼ਾਨਾ ਪਾਠ ਕਰਦਾ ਹਾਂ ਸੋ ਕਿਸ ਤਰ੍ਹਾਂ ਦੇਵਾਂ।

ਗੁਰੂ ਹਰੀ ਸਿੰਘ ਜੀ ਦੇ ਸਮੇਂ ਬਦੇਸ਼ਾਂ ਨਾਲ ਵੀ ਕੂਕਿਆਂ ਦੇ ਸਬੰਧ ਬਣਦੇ ਰਹੇ ਕਿ ਕਿਸੇ ਤਰ੍ਹਾਂ ਅੰਗ੍ਰੇਜ਼ਾਂ ਨੂੰ ਹੋਰ ਪ੍ਰਭੂ ਸੱਤਾ ਸੰਪੰਨ ਰਾਜਾਂ ਰੂਸ ਆਦਿ ਦੀ ਸੈਨਿਕ ਮੱਦਦ ਨਾਲ ਇੱਥੋਂ ਖਦੇੜਿਆ ਜਾਏ। ਜਿਹੜਾ ਖ਼ਤੋ ਕਿਤਾਬਤ ਰੂਸ ਸਰਕਾਰ ਦਾ ਸਤਿਗੁਰੂ ਰਾਮ ਸਿੰਘ ਜੀ ਜਾਂ ਗੁਰੂ ਹਰੀ ਸਿੰਘ ਨਾਲ ਹੁੰਦਾ ਸੀ ਉਸਨੂੰ ਗੁਰੂ ਹਰੀ ਸਿੰਘ ਜੀ ਹੀ ਸੰਚਾਲਿਤ ਕਰਦੇ ਸਨ। ਸਤਿਗੁਰੂ ਬਿਲਾਸ ਭਾਗ ਦੂਜਾ ਕ੍ਰਿਤ ਭਾਈ ਸੰਤੋਖ ਸਿੰਘ ਬਾਹੋਵਾਲ ਵਿਚ ਇਸ ਦੇ ਸੰਪਾਦਕ ਜਸਵਿੰਦਰ ਸਿੰਘ ਹਿਸਟੋਰੀਅਨ ਇਸ ਮਸਲੇ ਤੇ ਇਕ ਫੁੱਟ ਨੋਟ ਵਿਚ ਇਉਂ ਲਿਖਦੇ ਹਨ "ਸਾਲ ੧੮੮੦ ਈ. ਦੇ ਆਖੀਰ ਵਿਚ ਬਾਬਾ ਗੁਰਚਰਨ ਸਿੰਘ ਰੂਸ ਦੇ ਜ਼ਾਰ ਦਾ ਇੱਕ ਪੱਤਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਦੇਣ ਲਈ ਤਾਸ਼ਕੰਦ ਦੇ ਗਵਰਨਰ ਤੋਂ ਲੈ ਕੇ ਪੰਜਾਬ ਆਇਆ ਸੀ। ਸਰਕਾਰ ਨੂੰ ਖੁਫੀਆ ਜਾਣਕਾਰੀ ਮਿਲ ਜਾਣ ਕਾਰਨ ਉਸ ਨੇ ਰੂਸ ਦੇ ਜ਼ਾਰ ਵਾਲਾ ਪੱਤਰ ਸ਼ਾਮ ਸਿੰਘ ਸਰਹਾਲੀ ਵਾਲੇ ਨੂੰ ਸਤਿਗੁਰੂ ਜੀ ਪਾਸ ਬਰਮਾ ਭੇਜਣ ਲਈ ਦੇ ਦਿਤਾ। ਇਸ ਗੱਲ ਦੀ ਵੀ ਸਰਕਾਰ ਨੂੰ ਜਾਣਕਾਰੀ ਹੋ ਜਾਣ ਕਾਰਨ ਸ਼ਾਮ ਸਿੰਘ ਨੇ ਆਪ ਬਰਮਾ ਜਾਣ ਦੀ ਬਜਾਏ ਆਪਣੇ ਲੜਕੇ ਮੀਹਾਂ ਸਿੰਘ ਨੂੰ ਭੇਜ ਦਿੱਤਾ ਸੀ। ਮੀਹਾਂ ਸਿੰਘ ਕੁਝ ਸਮਾਂ ਪਹਿਲਾਂ ਹਾਂਗਕਾਂਗ ਪੁਲਿਸ ਵਿਚ ਨੌਕਰੀ ਕਰ ਚੁੱਕਾ ਸੀ ਅਤੇ ਉਸ ਪਾਸ ਹਾਂਗਕਾਂਗ ਪੁਲਿਸ ਦੀ ਬਰਦੀ ਵੀ ਹੈ ਸੀ। ਉਹ ਬਰਦੀ ਪਾ ਕੇ ਮੀਹਾਂ ਸਿੰਘ ਅਤੇ ਸੰਤ ਸਿੰਘ ਬਰਮਾ ਗਏ ਸਨ। ਰੂਸ ਦੇ ਜ਼ਾਰ ਦੇ ਪੱਤਰ ਦੀ ਜਾਣਕਾਰੀ ਅੰਗਰੇਜ਼ ਸਰਕਾਰ ਨੂੰ ਮਿਲਣ ਕਰਕੇ ਸਤਿਗੁਰੂ ਰਾਮ ਸਿੰਘ ਜੀ ਤੇ ਸਖਤ ਨਿਗਰਾਨੀ ਰੱਖੀ ਜਾਂਦੀ ਸੀ। ਮੀਹਾਂ ਸਿੰਘ ਨੇ ਆਪਣੀ ਸਿਆਣਪ ਨਾਲ ਰੂਸੀ ਸਰਕਾਰ ਦਾ ਪੱਤਰ ਸਤਿਗੁਰੂ ਜੀ ਤੱਕ ਸੁਰੱਖਿਅਤ ਪਹੁੰਚਾ ਦਿੱਤਾ। ਉਸ ਦੇ ਪਕੜੇ ਜਾਣ ਤੋਂ ਬਾਅਦ ਫਰੰਗੀ ਨੇ ਸਤਿਗੁਰੂ ਜੀ ਦੇ ਬੰਗਲੇ ਦੀ ਚੰਗੀ ਤਰ੍ਹਾਂ ਤਲਾਸ਼ੀ ਲਈ, ਪਰ ਕੋਈ ਵੀ ਪੱਤਰ ਬਰਾਮਦ ਨਹੀਂ ਸੀ ਹੋਇਆ। ਮੀਹਾਂ ਸਿੰਘ ਨੂੰ ਬੰਗਲੇ ਚੋਂ ਪਕੜੇ ਜਾਣ ਸਮੇਂ, ਫਰੰਗੀ ਨੇ ਉਸ ਪੱਤਰ ਬਾਰੇ ਪੁਛਿਆ ਸੀ।" ਇਹ ਸਾਰੇ ਇਤਿਹਾਸਕ ਕਾਰਜ ਗੁਰੂ ਹਰੀ ਸਿੰਘ ਜੀ ਦੇ ਦੇਖ ਰੇਖ ਵਿਚ ਹੀ ਸੰਪਨ ਹੁੰਦੇ। ਬਰਮਾ ਜਾਣ ਵਾਲੇ ਸਿੰਘ ਪਹਿਲਾਂ ਆਪ ਪਾਸ ਸ੍ਰੀ ਭੈਣੀ ਸਾਹਿਬ ਆ ਕੇ ਸਤਿਗੁਰੂ ਜੀ ਲਈ ਕੋਈ ਸੁੱਖ ਸੁਨੇਹਾ ਅਤੇ ਆਪਣੀ ਯਾਤਰਾ ਦੀ ਸਫਲਤਾ ਲਈ ਆਸ਼ੀਰਵਾਦ ਗੁਰੂ ਹਰੀ ਸਿੰਘ ਜੀ ਤੋਂ ਲੈਂਦੇ। ਸਤਿਗੁਰੂ ਰਾਮ ਸਿੰਘ ਜੀ ਦੁਆਰਾ ਸਥਾਪਤ ਕੂਕਾ ਜਥੇਬੰਦੀ ਦੀ ਆਪ ਨੇ ਪੁਨਰ ਉਸਾਰੀ ਵੀ ਕੀਤੀ। ਬਹੁਤ ਸਾਰੇ ਸਿੰਘਾਂ ਨੂੰ ਮਹੱਤਵਪੂਰਨ ਸਥਾਨ ਸੰਗਤ ਵਿਚ ਦੇ ਕੇ ਨਿਵਾਜਿਆ ਜਿਹਾ ਕਿ ਉਪਰੋਕਤ ਬਾਬਾ ਗੁਰਚਰਨ ਸਿੰਘ ਚੱਕ ਰਾਮਦਾਸ ਨੂੰ ਗੁਰੂ ਰਾਮ ਸਿੰਘ ਜੀ ਨੇ ਮਹੰਤ ਬਣਾਇਆ ਸੀ। ਰੂਸ ਵਿਚਲੇ ਉਸਦੇ ਮਿਸ਼ਨ ਦੀ ਸਫਲਤਾ ਤੋਂ ਪ੍ਰਸੰਨ ਹੋ ਕੇ ਗੁਰੂ ਹਰੀ ਸਿੰਘ ਜੀ ਨੇ ਉਸਨੂੰ ਸੂਬਾ ਪਦਵੀ ਬਖਸ਼ੀ। ੧੮੮੭ ਈ. ਵਿਚ ਮੀਹਾ ਸਿੰਘ ਸਿਰਹਾਲੀ ਨੂੰ 'ਮਹੰਤ' ਬਣਾ ਦਿੱਤਾ ਸੀ। ਇਕ ਵੇਰ ਤਕਰੀਬਨ ਠੱਪ ਹੋ ਗਈ ਜਥੇਬੰਦੀ ਨੂੰ, ਜਦੋਂ ਆਪ ੧੪-੧੫ ਸਾਲ ਦੌਰੇ ਨਹੀਂ ਕਰ ਸਕੇ ਸਨ, ਉਸ ਤੋਂ ਬਾਅਦ ਫਿਰ ਆਪਣੀਆਂ ਨਿਜੀ ਛੋਹਾਂ ਨਾਲ ਮਜ਼ਬੂਤ ਕਰ ਕੇ ਸੰਗਤ ਦੇ ਵਿਚੋਂ ਸਰਕਾਰੀ ਹਾਕਮਾਂ ਅੰਗਰੇਜਾਂ ਅਤੇ ਰਿਆਸਤੀ ਰਾਜਿਆਂ ਦਾ ਭੈ ਚੁੱਕ ਦਿੱਤਾ ਸੀ। ਇਹਨਾਂ ਦਿਨਾਂ, ਪਿਛਲੀ ਸਦੀ ਦੇ ਨੌਂਵੇ ਦਹਾਕੇ ਵਿਚ ਲਾਹੌਰ ਦਾ ਅੰਤਿਮ ਸਿੱਖ ਮਹਾਰਾਜਾ ਦਲੀਪ ਸਿੰਘ ਰੂਸ ਪੁੱਜਿਆ ਸੀ, ਉਹਨਾਂ ਦੀ ਮੱਦਦ ਨਾਲ ਆਪਣਾ ਗੁਆਚਿਆ ਰਾਜ ਹਾਸਲ ਕਰਨ ਲਈ। ਦਲੀਪ ਸਿੰਘ ਦੇ ਇਸ ਮਿਸ਼ਨ ਵਿਚ ਪੰਜਾਬ ਦੇ ਸਭ ਸਿੱਖ ਸਰਦਾਰ, ਜਗੀਰਦਾਰ ਆਦਿ ਅੰਗਰੇਜ਼ਾਂ ਦੀ ਬੋਲੀ ਬੋਲ ਕੇ ਉਸਨੂੰ ਨਿਰਉਤਸਾਹਿਤ ਕਰ ਰਹੇ ਸਨ। ਇਹ ਸਿਰਫ ਗੁਰੂ ਹਰੀ ਸਿੰਘ ਜੀ ਦੀ ਅਗੁਆਈ

ਵਿਚ ਨਾਮਧਾਰੀ ਸਿੰਘ ਹੀ ਸਨ, ਜਿਹੜੇ ਇਸ ਮਕਸਦ ਵਿਚ ਦਲੀਪ ਸਿੰਘ ਲਈ ਪੰਜਾਬ ਵਿਚ ਭੂਮੀ ਤਿਆਰ ਕਰ ਰਹੇ ਸਨ। ਭਾਈ ਸੰਤੋਖ ਸਿੰਘ ਬਾਹੋਵਾਲ ਦੇ ਸਤਿਗੁਰੂ ਬਿਲਾਸ ਭਾਗ ਦੂਜਾ ਮੁਤਾਬਿਕ ਪੰਜਾਬ ਸਰਕਾਰ ਦੇ ਇਕ ਸਕੱਤਰ ਨੇ ਭੈਣੀ ਸਾਹਿਬ ਆ ਕੇ ਗੁਰੂ ਹਰੀ ਸਿੰਘ ਤੋਂ ਦਲੀਪ ਸਿੰਘ ਬਾਰੇ, ਕੂਕਿਆਂ ਨਾਲ ਉਸ ਦੇ ਸਬੰਧਾਂ ਬਾਰੇ ਪੁੱਛ ਗਿੱਛ ਵੀ ਕੀਤੀ ਸੀ। ਨਾਮਧਾਰੀ ਮਸਤਾਨੇ, ਭਾਈ ਚੰਦਾ ਸਿੰਘ ਦੇ ਬਾਰਾਮਾਂਹ ਦੀਆਂ ਹੇਠਲੀਆਂ ਤੁਕਾਂ ਪੜ੍ਹਦੇ/ਗਾਉਂਦੇ ਅਕਸਰ ਵੇਖੇ ਜਾਂਦੇ।

ਫੌਜਾਂ ਚੜ ਰੂਸ ਦੀਆਂ ਆਈਆਂ,
ਫਿਰ ਗਈਆਂ ਲੰਦਨ ਵਿਚ ਦੁਹਾਈਆਂ
ਉਧਰੋਂ ਗੋਰੇ ਕਰਦੇ ਧਾਈਆਂ,
ਦਿਨੋ ਦਿਨ ਹੋਸਨ ਬਹੁਤ ਲੜਾਈਆਂ
ਮਰਸਨ ਬੇਟੇ ਜਾਏ ਮਾਈਆਂ,
ਬਹਿ ਬਹਿ ਰੋਵਨ ਧੀਆਂ ਪਰਾਈਆਂ
ਪੱਲੂ ਪਾਇਕੇ।

ਸਤਿਗੁਰੂ ਫੇਰ ਪੰਜਾਬੇ ਆਵਨ,
ਅਗਲੀਆਂ ਸਫਾਂ ਸੱਭ ਉਠਾਵਨ
ਨਵੇਂ ਹੋਰ ਨਿਸ਼ਾਨ, ਝੁਲਾਵਨ,
ਜੱਗ ਵਿਚ ਸ੍ਰੀ ਅਕਾਲ ਜਪਾਵਨ
ਅਸੁਰ ਸੰਘਾਰਕੇ।

੧੮੮੨ ਈ. ਵਿਚ ਗੁਰੂ ਹਰੀ ਸਿੰਘ ਦੀ ਸ਼ਰਨ ਵਿਚ ਭਾਈ ਸੰਤੋਖ ਸਿੰਘ ਬਾਹੋਵਾਲ ਜ਼ਿਲਾ ਹੁਸ਼ਿਆਰਪੁਰ ਤੋਂ ਆਇਆ। ਉਸਨੂੰ ਗੁਰੂ ਹਰੀ ਸਿੰਘ ਜੀ ਦੇ ਦਰਸ਼ਨਾਂ ਵਿਚੋਂ ਦਿਲੀ ਤਸਕੀਨ ਹੋਈ। ਇੱਥੇ ਟਿਕ ਗਿਆ ਅਤੇ ਗੁਰੂ ਹਰੀ ਸਿੰਘ ਜੀ ਨੇ ਉਸਨੂੰ ਸਾਖੀਆਂ ਪਾਤਸ਼ਾਹੀ ਬਾਰਵੀਂ ਦੀਆਂ ਲਿਖਣ ਲਈ ਉਤਸ਼ਾਹਿਤ ਕੀਤਾ। ਹੁਣ ਬਾਹੋਵਾਲ ਜੀ ਦਾ ਪੁਸਤਕ ਆਪਣੇ ਰਚਨਾ ਕਾਲ ਤੋਂ ਪੂਰੀ ਇਕ ਸਦੀ ਬਾਅਦ ਦੋ ਜਿਲਦਾਂ ਵਿਚ ਜਸਵਿੰਦਰ ਸਿੰਘ ਹਿਸਟੋਰੀਅਨ ਦੁਆਰਾ ਸੰਪਾਦਿਤ ਹੋ ਕੇ ਛਪ ਗਿਆ ਹੈ। ਇਉਂ ਮੁੱਢਲੇ ਨਾਮਧਾਰੀ ਇਤਿਹਾਸ ਨੂੰ, ਗੁਰੂ ਬਾਲਕ ਸਿੰਘ ਜੀ ਤੋਂ ਲੈ ਕੇ ਗੁਰੂ ਹਰੀ ਸਿੰਘ ਜੀ ਤੱਕ, ਸੁਰੱਖਿਅਤ ਕਰਨ ਦੀ ਜ਼ਿੰਮੇਵਾਰੀ ਵੀ ਗੁਰੂ ਹਰੀ ਸਿੰਘ ਜੀ ਨੇ ਨਿਬਾਹੀ। ਬਾਹੋਵਾਲ ਜੀ ਪਹਿਲਾਂ ਤਾਂ ਪਸ਼ੂਆਂ ਵਾਲੇ ਤਬੇਲੇ ਵਿਚ ਗੋਹੇ ਕੂੜੇ ਦੀ ਸੇਵਾ ਕਰਦੇ। ਫਿਰ ਪ੍ਰਸ਼ਾਦਾ ਪਾਣੀ ਛਕ ਕੇ ਗੁਰੂ ਹਰੀ ਸਿੰਘ, ਮਾਤਾ ਜੀਵਨ ਕੌਰ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਦੇ ਡੇਰੇ ਵਿਚ ਰਹਿਣ ਵਾਲੇ ਸਿੰਘਾਂ ਤੋਂ ਬਚਨ ਪੁੱਛ ਕੇ ਆਪਣੀ ਪੁਸਤਕ ਲਿਖਦੇ। ਪਿਛਲੇ ਪਹਿਰ ਗੁਰੂ ਹਰੀ ਸਿੰਘ ਜੀ ਦੇ ਹਜ਼ੂਰ ਜੋ ਲਿਖਿਆ ਹੁੰਦਾ ਪੜ੍ਹ ਕੇ ਸੁਣਾਉਂਦੇ। ਇਸ ਤਰਾਂ ਨਾਲੋ ਨਾਲ ਤੱਥਾਂ, ਘਟਨਾਵਾਂ ਬਚਨਾਂ ਦੀ ਸੁਧਾਈ ਵੀ ਗੁਰੂ ਜੀ ਦੁਆਰਾ ਹੁੰਦੀ ਰਹਿੰਦੀ। ਗੁਰੂ ਹਰੀ ਸਿੰਘ ਸੰਤੋਖ ਸਿੰਘ ਜੀ ਦੀ ਇਸ ਸੇਵਾ, ਤੋ ਪ੍ਰਸੰਨ ਹੋ ਕੇ ਕਦੇ ਕਦੇ ਬਹੁਤ ਖੁਸ਼ੀਆਂ ਵੀ ਬਖਸ਼ੀਆਂ ਕਰਦੇ ਸਨ। ਵੇਖਿਆ ਜਾਵੇ ਤਾਂ ਬਾਹੋਵਾਲ ਜੀ ਤੋਂ ਬਿਨਾਂ ਅਸੀਂ ਸਾਹਿਤਕ ਅਤੇ ਇਤਿਹਾਸਕ ਪੱਖ ਤੋਂ ਕਿੰਨੇ ਕੰਗਾਲ ਹੋਣਾ ਸੀ। ਭਾਈ ਸੰਤੋਖ ਸਿੰਘ ਨੇ ਗੁਰੂ ਹਰੀ ਸਿੰਘ ਜੀ ਦੇ ਹੁਕਮ ਅਨੁਸਾਰ ਲਾਹੌਰ ਅੰਮ੍ਰਿਤਸਰ ਲੁਧਿਆਣਾ ਦੀਆਂ ਕਚਹਿਰੀਆਂ ਵਿਚ ਦਿਨ ਹੀ ਮਸ਼ਾਲਾ ਬਾਲ ਕੇ ਅੰਗ੍ਰੇਜ਼ ਰਾਜ ਅਧਿਕਾਰੀਆਂ ਨੂੰ ਵੰਗਾਰਿਆ ਸੀ ਕਿ ਉਹਨਾਂ ਦੇ ਰਾਜ ਵਿਚ ਚਾਰੇ ਪਾਸੇ ਦਿਨ ਦੀਵੀਂ ਹਨੇਰਾ ਪਸਰਿਆਂ ਹੋਇਆ ਹੈ। ਕਿਉਂ ਜੁ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਸੂਬਿਆਂ ਨੂੰ ਬਿਨਾਂ ਕਿਸੇ ਦੋਸ਼ ਤੋਂ ਕੈਦ ਕਰਕੇ, ਜਲਾਵਤਨ ਕੀਤਾ ਹੋਇਆ ਹੈ। ਇਸ ਲਈ ਅੰਨੇ ਅਫਸਰਾਂ ਲਈ ਉਹਨਾਂ ਮਿਸ਼ਾਲ ਬਾਲੀ ਹੈ ਤਾਂ ਕਿ ਉਹ ਸੱਚ ਦੀ ਰੋਸ਼ਨੀ ਪਹਿਚਾਣ ਕੇ ਸ੍ਰੀ ਸਤਿਗੁਰੂ ਜੀ ਅਤੇ ਉਹਨਾਂ ਦੇ ਸੰਗੀਆਂ ਨੂੰ ਤੁਰੰਤ ਰਿਹਾ ਕਰਨ। ਬਹੁਤ ਸਾਰੇ ਸਿੰਘਾਂ ਤੋਂ ਹੋਰ ਵੀ ਉੱਚ ਅਧਿਕਾਰੀਆਂ ਨੂੰ ਦਰਖਾਸਤਾਂ ਇਸ ਧੱਕੇ ਸ਼ਾਹੀ ਵਿਰੁੱਧ ਗੁਰੂ ਸਿੰਘ ਜੀ ਦੁਆਉਂਦੇ ਰਹਿੰਦੇ ਸਨ।

ਗੁਰੂ ਹਰੀ ਸਿੰਘ ਜੀ ਨੂੰ ਆਪਦੇ ਜੀਵਨ ਦੇ ਅੰਤਿਮ ੧੪-੧੫ ਸਾਲਾਂ ਵਿਚ ਹੀ ਪੰਜਾਬ ਦੇ ਬਾਕੀ ਜ਼ਿਲ੍ਹਿਆ ਵਿਚ ਦੌਰੇ ਕਰਕੇ ਸੰਗਤ ਨਾਲ ਦਰਸ਼ਨ ਪਰਸਨ ਅਤੇ ਪਰਚਾਰ ਸਿੱਖੀ ਦਾ ਕਰਨ ਦੀ ਖੁੱਲ੍ਹ ਮਿਲੀ ਸੀ। ਬੀਬੀ ਬੇਅੰਤ ਕੌਰ ਦੁਆਰਾ ਸੰਪਾਦਿਤ "ਲਾਲ ਏਹਿ ਰਤਨ" ਪੁਸਤਕ ਦੇ ਪੰਜਵੇਂ ਭਾਗ ਵਿਚ ਸਤਿਗੁਰੂ ਪਰਤਾਰ ਸਿੰਘ ਜੀ ਨੇ ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿਚ ਬਾਲ ਕਾਲ ਵਿਚ ਕੀਤੇ ਕੁਝ ਕੁ ਦੌਰਿਆਂ ਦੀ ਪਿੰਡ ਪਿੰਡ ਜਾਣ ਦੀ ਵਿਸਤ੍ਰਿਤ ਜਾਣਕਾਰੀ ਦਿਤੀ ਹੈ। ਕਈ ਵੇਰ ਅਧਿਕਾਰੀ ਕਿਸੇ ਇਕ ਜਗ੍ਹਾ ਸਿੰਘਾਂ ਦਾ ਭਰਵਾਂ ਇਕੱਠ ਵੇਖਕੇ ਭੈ-ਭੀਤ ਹੋ ਜਾਂਦੇ ਸਨ ਅਤੇ ਉਹ ਗੁਰੂ ਸਾਹਿਬ ਨੂੰ ਦੌਰਾ ਤੁਰੰਤ ਰੋਕ ਲਏ ਜਾਣ ਦਾ ਨਾਦਰੀ ਹੁਕਮ ਚਾੜ੍ਹ ਦਿੰਦੇ ਸਨ। ੧੮੯੮ ਈ. ਵਿਚ ਗੁਜਰਾਂ ਵਾਲੇ ਜ਼ਿਲੇ ਦੇ ਦੌਰੇ ਨੂੰ ਵਿਚੇ ਹੀ ਰੁਕਵਾ ਕੇ ਲੁਧਿਆਣੇ ਹਾਕਮਾਂ ਸਾਹਵੇਂ ਪੇਸ਼ ਹੋਣ ਲਈ ਸੱਦ ਲਿਆ ਗਿਆ ਸੀ। ਸਤਿਗੁਰੂ ਜੀ ਦੇ ਪ੍ਰਵੇਸ ਗਵਨ ਤੋਂ ਛੇ ਸਾਲ ਬਾਅਦ ਤੱਕ, ਆਪ ਬਿਲਕੁਲ ਕਿਤੇ ਵੀ ਬਾਹਰ ਭੈਣੀ ਸਾਹਿਬ ਦੀ ਜੂਹ ਤੋਂ ਨਹੀਂ ਜਾ ਸਕੇ ਸਨ। ੧੮੭੮ ਈ. ਵਿਚ ਮੁਕਤਸਰ ਅਤੇ ਦਮਦਮੇ ਸਾਹਿਬ ਦੇ ਮਾਘੀ

ਅਤੇ ਵੈਸਾਖੀ ਦੇ ਮੇਲਿਆਂ ਤੇ ਦਰਸ਼ਨ ਦਿੱਤੇ। ਸਰਕਾਰ ਅੰਗ੍ਰੇਜ਼ੀ ਇਹਨਾਂ ਮੇਲਿਆਂ ਜਾਂ ਅੰਮ੍ਰਿਤਸਰ ਦੀਵਾਲੀ ਆਦਿ ਦੇ ਮੇਲੇ ਤੇ ਗੁਰੂ ਹਰੀ ਸਿੰਘ ਜੀ ਨੂੰ ਮਾਘੀ, ਵੈਸਾਖੀ, ਜਾਂ ਦੀਵਾਲੀ ਲੰਘਣ ਤੋਂ ਕੁਝ ਦਿਨ ਬਾਅਦ ਜਾਣ ਦੀ ਛੁੱਟੀ ਦਿੰਦੇ ਸਨ। ਮਤਲਬ ਇਹ ਸੀ ਕਿ ਸਾਧਾਰਨ ਸਿੱਖ ਸੰਗਤ ਵੀ ਗੁਰੂ ਹਰੀ ਸਿੰਘ ਦੇ ਮੱਥੇ ਲੱਗ ਕੇ ਉਸ ਦੇ ਸਰਕਾਰ ਵਿਰੋਧੀ ਬਾਗੀਆਨਾ ਪਰਚਾਰ ਦੀ ਜ਼ਦ ਵਿਚ ਨਾ ਆਏ। ਸੰਨ ੧੯੨੮ ਦੇ ਦੌਰਿਆਂ ਦੀ ਸਫਲਤਾ ਬਾਅਦ ਮੁਖਬਰਾਂ ਨੇ ਜੋ ਰੀਪੋਰਟ ਸਰਕਾਰ ਨੂੰ ਕੀਤੀ ਬਾਹੋਵਾਲ ਜੀ ਦੇ ਸ਼ਬਦਾਂ ਵਿਚ "ਏਧਰੋਂ ਮੁਕਬਲਾਂ ਨੇ ਮੁਕਬਲੀ ਕੀਤੀ ਕਿ ਗੁਰੂ ਰਾਮ ਸਿੰਘ ਕਾ ਭਾਈ ਦੌਰੇ ਕਰਨ ਲੱਗ ਪਿਆ ਹੈ। ਬਹੁਤ ਸਿੰਘ ਨਾਲ ਹੈਂ। ਜਿੱਧਰ ਜਾਂਦਾ ਹੈ ਓਧਰੇ ਲੋਕਾਂ ਨੂੰ ਬਿਗਾੜਦਾ ਹੈ। ਜਿਸ ਤਰਾਂ ਓਹ ਸੀ ਓਸੇ ਤਰਾਂ ਏਹ ਹੈ। ਜਿਸ ਤਰਾਂ ਉਹਨਾਂ ਦਾ ਹੁਕਮ ਮੰਨਦੇ ਸੀ ਸਿੰਘ ਓਸੇ ਤਰਾਂ ਏਸ ਮੂਰਤੀ ਦਾ ਹੁਕਮ ਮੰਨਦੇ ਹੈ। ਤੁਮਾਰੇ ਕੋ ਮਰਵਾਇ ਦੇਵੇਗਾ। ਇਸਦਾ ਫਿਰਨਾ ਬੰਦ ਕਰੋ, ਦੌਰੇ ਨਾ ਜਾਏ। ਹੋਰ ਸਿੰਘ ਸਜਦੇ ਜਾਂਦੇ ਹੈਂ। ਜੇ ਏਸ ਨੇ ਸਿੰਘਾਂ ਨੂੰ ਕਹਿ ਵੀ ਦੀਆ ਤਾਂ ਸਾਰੇ ਸ਼ੋਰ ਮਚ ਜਾਏਗਾ। ਫੇਰ ਕੋਈ ਬੰਦੋਬਸਤ ਨਹੀਂ ਹੋਵੇਗਾ। ਏਹ ਭੀ ਰਾਮ ਸਿੰਘ ਵਰਗਾ ਹੈ। ਇਕ ਗਿਆ ਤ੍ਰੇ ਦੂਜਾ ਜਾਗ ਪਿਆ ਹੈ। ਜਿਧਰ ਜਾਂਦਾ ਹੈ ਓਧਰੇ ਹੀ ਸਿੰਘ ਬਣਦੇ ਜਾਂਦੇ ਹੈਂ। ਪੰਥ ਤਾਂ ਓਮੇ ਬਧਦਾ ਜਾਂਦਾ ਹੈ। ਤੁਮਾਰਾ ਕੋਈ ਬੰਦੋਬਦਤ ਨਹੀਂ ਬਹੁਤੇ ਸਿੰਘ ਨਾਲ ਲਈ ਫਿਰਦਾ ਹੈ। ਸਿੰਘ ਇਨਕਾ ਹੁਕਮ ਮੰਨਦੇ ਹੈ। ਜੇ ਹੁਕਮ ਦੇ ਦੀਆ ਤਾਂ ਗਦਰ ਮਚਾਇ ਦੇਣਗੇ।" ਇਸ ਕਰਕੇ ੧੯੨੮ ਈ. ਤੋਂ ਬਾਅਦ ਕਿਤੇ ੧੯੬੨ ਈ. ਵਿਚ ਗੁਰੂ ਹਰੀ ਸਿੰਘ ਜੀ ਨੂੰ ਦੂਸਰੇ ਜਿਲ੍ਹਿਆਂ ਵਿਚ ਦੌਰੇ ਕਰਨ ਦੀ ਮਨਜ਼ੂਰੀ ਸਰਕਾਰ ਤੋਂ ਮਿਲ ਸਕੀ ਸੀ।

ਗੁਰੂ ਹਰੀ ਸਿੰਘ ਜੀ ਬੇਸ਼ਕ ਸ਼ਾਂਤੀ ਦੇ ਪੁੰਜ ਸਨ। ਪਰ ਜਿਸ ਤਰ੍ਹਾਂ ਹਰ ਕਰਮ ਦਾ ਪ੍ਰਤੀਕਰਮ ਹੁੰਦਾ ਹੈ ਇਵੇਂ ਸ਼ਾਂਤਮਈ ਨਾਮਧਾਰੀ ਸਿੰਘਾਂ ਤੇ ਪੁਲਿਸ ਚੌਕੀ, ਮੁਖਬਰਾਂ ਅਤੇ ਪਿੰਡ ਭੈਣੀ ਸਾਹਿਬ ਦੇ ਜੱਟ ਭਾਈਚਾਰੇ ਵੱਲੋਂ ਜੋ ਤਰ੍ਹਾਂ ਤਰ੍ਹਾਂ ਦੇ ਅਕਹਿ ਤੇ ਅਸਹਿ ਅਤਿਆਚਾਰ ਹੁੰਦੇ ਸਨ, ਜਿਹਾ ਕਿ ਸਿੰਘਾਂ ਨੂੰ ਲੰਗਰ ਵਿਚੋਂ ਪ੍ਰਸ਼ਾਦ ਨਾ ਛਕਣ ਦੇਣਾ, ਬਾਹਰ ਟਿਬਿਆਂ ਤੇ ਗੁਰੂ ਦਰਸ਼ਨਾਂ ਲਈ ਆਏ ਸਿੰਘਾਂ ਵੱਲ ਜਾਂਦਾ ਜਲ ਪਾਣੀ ਪ੍ਰਸ਼ਾਦੇ ਰਾਹ ਵਿਚ ਖੋਹ ਲੈਣਾ। ਗਰਮੀ ਸਰਦੀ ਅਤੇ ਮੀਂਹ ਹਨੇਰੀ ਵਿਚ ਵੀ ਗੁਆਂਢੀ ਪਿੰਡਾਂ ਵਿਚ ਲੁਕੇ ਕੂਕਿਆਂ ਨੂੰ ਖੁੱਲ੍ਹੇ ਅਸਮਾਨ ਹੇਠਾਂ ਘੇਰ ਘੇਰ ਕੇ ਪ੍ਰਤਾੜਿਤ ਕਰਨਾ। ਥਾਣੇ ਬੈਠਾਉਣਾ। ਚਲਾਣ ਕਰਵਾਉਣੇ। ਮਗਰ ਕੁੱਤੇ ਪੁਆ ਦੇਣੇ। ਦੁਰਵਾਕ ਬੋਲਣੇ। ਇਹਨਾਂ ਦੇ ਨਤੀਜੇ ਵਜੋਂ ਭਗਵਾਨ ਸਿੰਘ ਅੜਬੰਗੀ ਮਰਹਾਣਾ (ਅੰਮ੍ਰਿਤਸਰ) ਦਾ ਇਕ ਖਾੜਕੂ ਜਥਾ ਵੀ ਸੀ। ਜਿਸ ਵਿਚ ਬੁੱਚੜ ਬੱਧ ਦੇ ਸਾਕਿਆਂ ਦੇ ਕੁਝ ਮਫਰੂਰ ਕੂਕੇ ਸ਼ਾਮਲ ਸਨ। ਇਹ ਪੰਥ ਦੋਖੀਆਂ ਨੂੰ ਉਹਨਾਂ ਦੇ ਪਿੰਡਾਂ ਵਿਚ ਜਾ ਕੇ ਸੋਧਾ ਲਾਉਂਦੇ ਸਨ। ਜਨਵਰੀ ੧੯੮੩ ਈ. ਵਿਚ ਭੈਣੀ ਸਾਹਿਬ ਪੁਲਿਸ ਚੌਕੀ ਦੇ ਇਕ ਹੰਕਾਰੀ ਤੇ ਅੜਬ ਸਿਪਾਹੀ ਗੇਂਦੇ ਨੂੰ ਭਗਵਾਨ ਸਿੰਘ ਅੜਬੰਗੀ ਨੇ ਬਿਰਧ ਅਵਸਥਾ ਵਿਚ ਹੁੰਦਿਆਂ ਵੀ ਆਪਣੇ ਖੂੰਡੇ ਨਾਲ ਪਾਰ ਬੁਲਾ ਦਿਤਾ। ਬਾਅਦ ਵਿਚ ਫੜਿਆ ਗਿਆ। ਕਤਲ ਕੇਸ ਲੁਧਿਆਣਾ ਅਦਾਲਤ ਵਿਚ ਚੱਲਿਆ। ਮੌਕੇ ਤੇ ਗਵਾਹ ਨੂੰ, ਗੁਰੂ ਹਰੀ ਸਿੰਘ ਜੀ ਨੇ ਉਹਨਾਂ ਦਿਨਾਂ ਵਿਚ ਪੂਰੇ ਚੌਦਾ ਸੌ ਰੁਪੇ ਦੇ ਕੇ ਬਹਾ ਦਿਤਾ। ਅੜਬੰਗੀ ਬਰੀ ਹੋ ਗਿਆ। ਅੰਮ੍ਰਿਤਸਰ ਬੁੱਚੜ ਬੱਧ ਦਾ ਮਫਰੂਰ ਮਿਹਰ ਸਿੰਘ ਲਪੋਕੇ, ਸੰਤਾ ਸਿੰਘ ਨਾਮ ਰੱਖ ਕੇ ਅੜਬੰਗੀ ਜਿਉਂ ਗੁਰੂ ਹਰੀ ਸਿੰਘ ਪਾਸ ਗੁਰਦੁਆਰੇ ਵਿਚ ਹੀ ਟਿਕੇ ਰਹਿੰਦੇ।

ਗੁਰੂ ਹਰੀ ਸਿੰਘ ਜੀ ਦੀਆਂ ਬਹੁਮੁਖੀ ਦੇਣਾਂ ਨੂੰ ਚਿਤਵਦਿਆਂ, ਨਾਮਧਾਰੀ ਸੰਗਤ ਨੂੰ, ਆਪਣੇ ਵੱਡੇ ਸਾਹਿਬਜ਼ਾਦੇ ਸਤਿਗੁਰੂ ਪਰਤਾਪ ਸਿੰਘ ਦੇ ੧੭ ਮਈ ੧੯੦੬ ਈ. ਵਿਚ ਲੜ ਲਾ ਦੇਣਾ, ਵੀ ਇਕ ਵੱਡੀ ਦੇਣ ਗਿਣੀ ਜਾਏਗੀ। ਸਤਿਗੁਰੂ ਪਰਤਾਪ ਸਿੰਘ ਨੇ ਇਕ, ਸੁਯੋਗ ਉਤਰਾਧਿਕਾਰੀ ਜਿਉਂ ਸਤਿਗੁਰੂ ਰਾਮ ਸਿੰਘ ਜੀ ਦੀ ਸਿੱਖੀ ਦਾ ਡੰਕਾ ਦੇਸਾ ਪਰਦੇਸਾਂ ਵਿਚ ਵਜਾਇਆ। ਚਹੁ ਮੁਖੀ ਵਿਕਾਸ ਦੇ ਮੌਕੇ ਨਾਮਧਾਰੀ ਸੰਗਤ ਨੂੰ ਪ੍ਰਦਾਨ ਕੀਤੇ। ਭਾਈ ਧਿਆਨ ਸਿੰਘ ਕਾਰਦਾਬਾਈ ਕਾਵਿ ਗ੍ਰੰਥ 'ਸਤਿਗੁਰੂ ਬਿਲਾਸ" ਦੇ ਕਰਤਾ, ਸਤਿਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਵਿਚ ਹੀ ਵੈਰਾਗ ਕਾਰਨ, ਗੁਰੂ ਹਰੀ ਸਿੰਘ ਜੀ ਦੇ ਨੇਤਰ ਅੰਤਿਮ ਦਿਨਾਂ ਵਿਚ ਬੰਦ ਹੋਣ ਦਾ ਜ਼ਿਕਰ ਕਰਦੇ ਹਨ—

"ਸੁਖ ਰਾਜ ਭੋਗ ਮਾਹਿ ਰਹੇ ਸੁ ਵਿਜੋਗ ਮਾਹਿ
ਬ੍ਰਿਹੋਂ ਬੁਰੇ ਰੋਗ ਮਾਰਿ ਨੇਤ੍ਰ ਗਵਾਇਲੇ।

ਪਿੰਡ ਭੈਣੀ ਸਾਹਿਬ ਦੇ ਲੰਬੜਦਾਰਾਂ ਨੇ ਕਹਿਣਾ ਕਿ ਜੇ ਸਾਨੂੰ ਪਤਾ ਹੁੰਦਾ ਕਿ ਇਹ (ਗੁਰੂ ਹਰੀ ਸਿੰਘ) ਵੀ ਆਪਣੇ ਭਰਾ (ਸਤਿਗੁਰੂ ਰਾਮ ਸਿੰਘ) ਵਰਗਾ ਹੀ ਨਿਕਲੇਗਾ ਤਾਂ ਅਸੀਂ ਦੋ ਅੱਖਰ ਇਹਦੇ ਬਾਰੇ ਵੀ ਨਾਲ ਲੱਗਦੇ ਪੁਆਕੇ ਇਹਨੂੰ ਵੀ ਉਸਦੇ ਨਾਲ ਹੀ ਤੋਰ ਦਿੰਦੇ। ਡੇਰਾ ਸ੍ਰੀ ਭੈਣੀ ਸਾਹਿਬ ਨੂੰ ਤੋਪਾਂ ਨਾਲ ਉਡਾ ਦੇਣ ਲਈ ਦੋ ਵੇਰ ਅੰਗ੍ਰੇਜ਼ੀ ਸੈਨਾ ਕੁਹਾੜੇ ਤੱਕ ਆਪਣਾ ਤੋਪਖਾਨਾ ਲੈ ਕੇ ਆਉਂਦੀ ਰਹੀ ਹੈ। ਪਹਿਲੀ ਵੇਰ ਜਨਵਰੀ ੧੯੭੨ ਈ. ਵਿਚ ਸਤਿਗੁਰੂ ਜੀ ਦੀ ਜਲਾਵਤਨੀ ਸਮੇਂ ਅਤੇ ਦੂਜੀ ਵੇਰ ਪੁਲਿਸ ਚੌਂਕੀ ਦੇ ਸਿਪਾਹੀ ਗੇਂਦੇ ਦੇ ਕਤਲ ਸਮੇਂ।

ਜਿਸ ਵਕਤ ਗੁਰੂ ਹਰੀ ਸਿੰਘ ਡੇਰੇ ਵਿਚ ਜੂਹ ਬੰਦ ਸਨ, ਨਾਮਧਾਰੀਆਂ ਵਿਚ ਗੁਰੂ ਹਰਕਿਸ਼ਨ ਸਾਹਿਬ ਤੋਂ ਬਾਅਦ ਵਾਲੇ ਸਮੇਂ ਜਿਉਂ ਕਈ ਮੰਜੀਆਂ ਗੁਰੂ ਦੇ ਨਾਂ ਤੇ ਕਾਇਮ ਹੋ ਗਈਆਂ ਸਨ।-ਜਿਵੇਂ ਮਢੌਰ (ਅੰਬਾਲਾ) ਵਿਚ ਸੁੱਧ ਸਿੰਘ, ਇਬਣ (ਅੰਮ੍ਰਿਤਸਰ) ਵਿਚ ਗੰਡਾ ਸਿੰਘ ਇਤਿਆਦਿਕ। ਜਦੋਂ ਗੁਰੂ ਹਰੀ ਸਿੰਘ ਜੀ ਦੇ ਪਰਚਾਰ ਦੌਰੇ ਸ਼ੁਰੂ ਹੋਏ ਤਾਂ ਇਹਨਾ ਵਿਚੋਂ ਕੁਝ ਮੁੱਖ ਧਾਰਾ ਵਿਚ ਆ ਗਏ ਤੇ ਕੁਝ ਆਪਣੀ ਸੰਗਤ ਤੋਂ ਵਿਰਵੇ ਹੋ ਗਏ।

ਗੁਰੂ ਹਰੀ ਸਿੰਘ ਜੀ ਦੇ ਸਮੇਂ ਸਰ ਸੁੰਦਰ ਸਿੰਘ ਮਜੀਠੀਆ, ਸ੍ਰ. ਸ਼ਮਸ਼ੇਰ ਸਿੰਘ ਸੰਧਾਵਾਲੀਆ, ਗਿਆਨੀ ਦਿੱਤ ਸਿਘ, ਗੁਰਬਖਸ਼ ਸਿੰਘ ਮਜੀਠੀਆ, ਬਾਬੇ ਕੇਸਰ ਸਿੰਘ ਮੋਹਾਵੇ ਵਾਲੇ ਦਾ ਚੇਲਾ (ਗਦਰ ਪਾਰਟੀ ਦਾ ਬਾਨੀ ਪ੍ਰਧਾਨ) ਬਾਬਾ ਸੋਹਣ ਸਿੰਘ ਭਕਨਾ, ਅਤੇ ਜ਼ਿਲੇ ਦਾ ਅੰਗ੍ਰੇਜ਼ ਅਧਿਕਾਰੀ ਵੀ ਗਾਹੇ ਬਗਾਹੇ ਗੁਰੂ ਹਰੀ ਸਿੰਘ ਪਾਸ ਦਰਸ਼ਨ ਦੀਦਾਰ ਤੇ ਵਿਚਾਰ ਵਟਾਂਦਰੇ ਲਈ ਆਉਣ ਵਾਲੀਆਂ ਉਸ ਸਮੇਂ ਦੀਆਂ ਪ੍ਰਸਿੱਧ ਹਸਤੀਆਂ ਸਨ। ਆਪ ਦੇ ਸਮੇਂ ਪ੍ਰਸਿੱਧ ਨਾਮਧਾਰੀ ਸੰਤਾਂ ਵਿਚ ਸੰਤ ਜਿਊਣ ਸਿੰਘ ਸਿਰਹਾਲੀ, ਸੰਤ ਕੇਸਰ ਸਿੰਘ ਮੂਹਾਵਾ, ਸੰਤ ਲਾਲ ਸਿੰਘ ਬੂਰੇ ਗਿੱਲ, ਬਾਬਾ ਜਵਾਹਰ ਸਿੰਘ ਮਿਰਜ਼ੇਵਾਲਾ, ਸੰਤ ਨਰਾਇਣ ਸਿੰਘ ਘੋੜੀਆਂ ਵਾਲਾ, ਸੰਤ ਕੇਸਰ ਸਿੰਘ ਚੁੱਪ, ਸੰਤ ਕੇਸਰ ਸਿੰਘ ਚਵਿੰਡਾ, ਸੰਤ ਹਰਨਾਮ ਸਿੰਘ ਛੂਤੀਏ, ਕਿਸ਼ਨ ਸਿੰਘ ਛੂਤੀਏ। ਸੰਤ ਹੀਰਾ ਸਿੰਘ, ਬਾਬਾ ਜਮੀਅਤ ਸਿੰਘ ਗਿੱਲ, ਕਾਹਨ ਸਿੰਘ ਹਜਰੋ, ਸੰਮਾ ਸਿੰਘ ਤੰਬੋਲੀ ਵਾਲੇ ਖੂਹ, ਮਾਂਗਾ, ਵਸਾਵਾ ਸਿੰਘ ਜਿਉ ਬੱਗਾ, ਜਿਊਣ ਸਿੰਘ ਝੱਬਰ ਆਦਿ ਸ਼ਾਮਿਲ ਸਨ।

ਭਾਗ ਪਹਿਲਾ ਪ੍ਰੋ. ਕਿਰਪਾਲ ਸਿੰਘ ਕਸੇਲ ਹੋਰਾਂ ਆਪਣੇ ਵੱਡ ਅਕਾਰੀ ਗ੍ਰੰਥ 'ਨਾਮਧਾਰੀ ਗੁਰੂ ਇਤਿਹਾਸ' ਵਿਚ ਗੁਰੂ ਹਰੀ ਸਿੰਘ ਜੀ ਦੀਆਂ ਮੁੱਖ ਸਰਗਰਮੀਆਂ ਨੂੰ ਇਉਂ ਕਾਨੀਬੱਧ ਕੀਤਾ ਹੈ —

"ਭੈਣੀ ਸਾਹਿਬ ਦੇ ਗੁਰਧਾਮਾਂ ਦਾ ਵਿਸਤਾਰ ਕਰਨਾ।

ਸਤਿਗੁਰੂ ਰਾਮ ਸਿੰਘ ਜੀ ਦੇ ਚਲਾਏ ਹੋਏ ਸਦਾ ਵਰਤ ਲੰਗਰ ਨੂੰ ਨਿਰੰਤਰ ਜਾਰੀ ਰੱਖਣਾ।

ਨਾਮਧਾਰੀ ਸਿੰਘਾਂ ਨੂੰ ਇਹ ਸੰਦੇਸ਼ ਦੇ ਕੇ ਚੜ੍ਹਦੀ ਕਲਾ ਵਿਚ ਰੱਖਣਾ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਣਗੇ

ਸਿਖ ਧਰਮ ਦੀ ਸ਼ਾਨਦਾਰ ਮਰਿਆਦਾ ਨੂੰ ਕਾਇਮ ਰਖਣਾ।

ਨਾਮ ਬਾਣੀ ਦੇ ਪ੍ਰਵਾਹ ਨੂੰ ਤੁਰਦਾ ਰਖਣਾ।

ਸਿੱਖ ਧਰਮ ਦੀਆਂ ਨੈਤਿਕ ਅਤੇ ਪੁਰਾਣੀਆਂ ਰਵਾਇਤਾਂ ਨੂੰ ਚਾਲੂ ਰੱਖਣਾ।

ਅੰਗਰੇਜ਼ੀ ਸਰਕਾਰ ਦੀਆਂ ਕੁਰੀਤੀਆਂ ਦਾ ਟਾਕਰਾ ਕਰਨਾ।

ਆਜ਼ਾਦੀ ਦੀ ਜੋਤ ਨੂੰ ਜਗਾਈ ਰੱਖਣਾ ਅਤੇ ਸਵਦੇਸ਼ੀ ਅਤੇ ਨਿੱਜੀ ਸਵੈ-ਨਿਰਭਰਤਾ ਉੱਤੇ ਨਿਰਭਰ ਰਹਿਣਾ।

ਗਊ ਹੱਤਿਆ ਅਤੇ ਲੋਕਾਂ ਦੇ ਨਾਗਰਿਕ ਅਧਿਕਾਰਾਂ ਲਈ ਸੰਘਰਸ਼ ਨੂੰ ਜਾਰੀ ਰੱਖਣਾ ਆਦਿ।

ਪੰਜਾਬੀ ਭਾਸ਼ਾ ਦੇ ਪਰਚਾਰ ਅਤੇ ਸਤਿਕਾਰ ਵਜੋਂ ਆਪ ਆਪਣੀਆਂ ਦਰਖਾਸਤਾਂ, ਨਾਮਧਾਰੀ ਪੰਥ ਨਾਲ ਜ਼ਿਆਦਤੀਆਂ ਬਾਰੇ ਸਰਕਾਰ ਨੂੰ ਗੁਰਮੁਖੀ ਅੱਖਰਾਂ ਵਿਚ ਲਿਖ ਕੇ ਵੀ ਭੇਜ ਦਿੰਦੇ ਰਹੇ ਭਾਵੇਂ ਸਰਕਾਰ ਇਹਨਾਂ ਨੂੰ ਇਸ ਭਾਸ਼ਾ ਵਿਚ ਲਿਖੇ ਹੋਣ ਕਾਰਨ ਪਰਵਾਨ ਨਹੀਂ ਸੀ ਕਰਦੀ। ਨਿਰਮਾਣਤਾ ਐਸੀ ਸੀ ਕਿ ਬਾਹੋਵਾਲ ਜੀ ਦੇ ਦੂਸਰੇ ਹਿਸੇ ਵਿਚ ਲਿਖਿਆ ਹੈ ਕਿ ਇਕ ਮਸਤਾਨੇ ਨੇ ਆਪਨੂੰ ਕਿਹਾ ਕਿ ਤੁਸੀਂ ਜੋਤ ਦਾ ਜਾਮਾ ਹੋ। ਗੁਰੂ ਜੀ ਬਚਨ ਕੀਤਾ ਕਿ ਜੋਤ ਦਾ ਜਾਮਾ ਤਾਂ ਨਹੀਂ ਹਾਂ ਫਾਲੇ ਛੰਗਣ ਵਾਲਾ ਲੁਹਾਰ ਹਾਂ। ਮਸਤਾਨੇ ਨੇ ਕਿਹਾ ਆਪਨੇ ਚੰਗਾ ਬਚਨ ਕੀਤਾ ਹੈ। ਸਾਡੇ ਮਨ ਜੋ ਫਾਲੇ ਕੀ ਤਰਾਂ ਵਿੰਗੇ ਹੋਏ ਹੈਂ ਤਿਨਾਂ ਕੋ ਚੰਡ ਕੇ ਸਿੱਧੇ ਕਰਦੇ ਹੋ।" ਜਿਹੜੇ ਸਿੰਘ ਰਿਸ਼ਤੇ ਨਾਤਿਆਂ ਵਿਚ ਸਿੱਖੀ ਮਰਿਆਦਾ ਨਹੀਂ ਸਨ ਨਿਭਾਉਂਦੇ ਉਹਨਾਂ ਪ੍ਰਤੀ ਆਪ ਫਰਮਾਉਂਦੇ "ਜੋ ਨਾਈ ਕਰ ਔਂਦਾ ਹੈ ਉਹ ਨਹੀਂ ਮੁੜਦਾ ਸਾਡਾ ਕੀਤਾ ਹੋਇਆ ਮੋੜ ਦਿੱਤਾ ਹੈ।"

ਇਸ ਮਹਾਨ ਵਿਅਕਤਿਤਵ ਨੂੰ ਆਪਣੀ ਜੀਵਨ ਯਾਤਰਾ ਸਮਾਪਤ ਕੀਤਿਆਂ ਪੂਰੀ ਇਕ ਸਦੀ ਬਤੀਤ ਹੋ ਗਈ ਹੈ। ਪਰ ਅੱਜ ਵੀ ਸ੍ਰੀ ਭੈਣੀ ਸਾਹਿਬ ਦੇ ਗੁਰਦੁਆਰੇ, ਲੰਗਰ, ਬਾਗਵਾਲੀ ਕੋਠੀ, ਸਰੋਵਰ ਰਾਮਸਰ (ਜਿਸਦੇ ਨਿਰਮਾਤਾ ਗੁਰੂ ਹਰੀ ਸਿੰਘ ਜੀ ਸਨ, ਹਰੀ ਮੰਦਰ ਅਤੇ ਇਹਨਾਂ ਸਭਨਾਂ ਤੋਂ ਵੱਧ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਉਦਾਰ, ਸ਼ਾਂਤ-ਚਿੱਤ, ਸੁਲਾਹ ਕੁੱਲ ਅਤੇ ਗਹਿਰ-ਗੰਭੀਰ ਸ਼ਖਸੀਅਤ ਵਿਚੋਂ, ਨਾਮਧਾਰੀਆਂ ਦੀ ਟੁੱਟ ਰਹੀ ਸਿੱਖੀ ਨੂੰ ਗੰਢਣ ਵਾਲੇ 'ਦਿਆਲ ਪੁਰਖ' ਗੁਰੂ ਹਰੀ ਸਿੰਘ ਦੀ ਹਾਜਰੀ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ। ਗੁਰੂ ਹਰੀ ਸਿੰਘ ਨਾ ਸਿਰਫ ਨਾਮਧਾਰੀ ਇਤਿਹਾਸ ਸਗੋਂ ਪੰਜਾਬ ਦੇ ਕੌਮੀ ਮੁਕਤੀ ਅੰਦੋਲਨ ਦੇ ਇਤਿਹਾਸ ਦਾ ਇਕ ਮਹੱਤਵਪੂਰਨ ਬਾਬ ਹਨ। ਉਹਨਾਂ ਦੀ ਯਾਦ ਸਾਡੀ ਧਰੋਹਰ ਹੈ।

ਕਰੀਵਾਲਾ (ਸਿਰਸਾ)

੧੧.੮.੨੦੦੬

ਗੁਰੂ ਹਰੀ ਸਿੰਘ ਜੀ ਦਾ ਨਿਤ-ਕਰਮ

—ਸਵ: ਪ੍ਰੀਤਮ ਸਿੰਘ ਕਵੀ

ਇਕੋ ਸਮੇਂ ਵਿੱਚ ਵੱਖ-ਵੱਖ ਧਰਮਾਂ ਦੇ ਅਨੇਕਾਂ ਗੁਰੂ ਅਥਵਾ ਧਰਮਾਚਾਰਯ ਵੇਖੇ ਜਾ ਸਕਦੇ ਹਨ। ਪਰ ਗੁਰੂ ਨਾਨਕ ਪ੍ਰੰਪਰਾ ਦੇ ਵਾਰਸਾਂ ਨੂੰ ਤਾਂ ਪਹਿਲੇ ਗੁਰੂਆਂ ਦੀ ਜੀਵਨ-ਮਰਯਾਦਾ ਤੋਂ ਹੀ ਜਾਂਚਿਆਂ ਪਰਖਿਆ ਜਾ ਸਕਦਾ ਹੈ। ਭਾਵੇਂ ਸਤਿਗੁਰੂ ਸਾਡੀ ਜਾਂਚ ਪਰਖ ਤੋਂ ਬਹੁਤ ਉਚੇਰਾ ਹੁੰਦਾ ਹੈ ਤੇ 'ਪਿਤਾ ਕਾ ਜਨਮ ਕਿ ਜਾਨੈ ਪੂਤ।' ਵਾਂਗ ਸਾਡਾ ਅਧਿਕਾਰ ਹੀ ਏਹ ਨਹੀਂ ਹੁੰਦਾ ਕਿ ਅਸੀਂ ਸਤਿਗੁਰੂ ਮਹਾਨ ਦੀ ਪਰਖ ਕਰੀਏ ਜਾਂ ਇਸ ਨੂੰ ਘਸਵਟੀ ਲਾਈਏ, ਪਰ ਕਈ ਵਾਰ ਸਾਡਾ ਸ਼ੰਕਾਲੂ ਮਨ ਐਸੀ ਟੋਹਾ ਟਾਹੀ ਬਿਨਾਂ ਰਹਿੰਦਾ ਨਹੀਂ।

ਪਾਠਕਾਂ ਦੀ ਜਾਣਕਾਰੀ ਲਈ ਮੈਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੀ ਦਿਨਚਰਯਾ ਪੇਸ਼ ਕਰਦਾ ਹਾਂ ਤਾਕਿ ਸ੍ਰੀ ਜੀ ਦੀ ਸ਼ਖ਼ਸੀਅਤ ਉਭਾਰਨ ਵਾਲਾ ਉਹ ਸਾਰਾ ਕਾਰਜਕਰਮ ਅੱਖਾਂ ਅੱਗੇ ਆ ਜਾਏ ਜਿਸ ਦੀ ਗੋਦ ਵਿੱਚ ਆਪ ਮਿੱਠੇ ਪ੍ਰਭਾਵ ਨਾਲ ਹੌਲੀ-ਹੌਲੀ, ਉਸ ਸਿੱਖੀ ਵਿੱਚ ਪੂਰੀ ਤਰ੍ਹਾਂ ਪੂਜੇ ਸਤਿਕਾਰੇ ਜਾਣ ਲੱਗ ਪਏ, ਜਿਸ ਨੂੰ ਅੰਗਰੇਜ਼ ਦੇ ਜ਼ੁਲਮੋਂ ਤਸ਼ਦੱਦ ਨੇ ਸਦਾ ਲਈ ਤਬਾਹ ਕਰ ਦੇਣ ਦੀ ਠਾਣੀ ਹੋਈ ਸੀ।

ਸ੍ਰੀ ਸਤਿਗੁਰੂ ਜੀ ਰੋਜ਼ਾਨਾ ੨ ਵਜੇ ਅੰਮ੍ਰਿਤ ਵੇਲੇ ਆਪਣੀ ਸੁਖ-ਸੇਜਾ ਦਾ ਤਿਆਗ ਕਰਦੇ। ਆਪ ਜੀ ਦਾ ਨਿਵਾਸ ਪਹਿਲਾਂ ਵੀ ਆਮ ਕਰਕੇ ਉਹੋ ਚੁਬਾਰਾ ਰਿਹਾ ਜੋ ਅੱਜ 'ਗੱਦੀ ਸਾਹਿਬ ਵਾਲਾ ਚੁਬਾਰਾ' ਨਾਮ ਨਾਲ ਪ੍ਰਸਿੱਧ ਹੈ, ਪਰ ਬੁਢਾਪੇ ਦੇ ਅੰਤਮ ਚਰਨ ਵਿੱਚ ਤਾਂ ਆਪ ਦਾ ਇਹ ਅਨਿਖੜਵਾਂ ਅੰਗ ਹੋ ਗਿਆ। ਏਥੇ ਆਪ ਜੀ ਦੇ ਹਜ਼ੂਰੀਏ ਭਾਈ ਰਾਗਾ ਸਿੰਘ ਜੀ (ਪਿੰਡ ਬਗੁਲੀ ਜ਼ਿਲ੍ਹਾ ਲੁਧਿਆਣਾ) ਆਪ ਜੀ ਦੀ ਸੇਵਾ ਟਹਿਲ ਵਾਸਤੇ ਸਦਾ ਨਾਲ ਰਹਿੰਦੇ। ਬਿਰਾਜ ਉਠਣ ਤੋਂ ਬਾਅਦ ਆਪ ਜੀ ਰਾਗਾ ਸਿੰਘ ਹੁਰਾਂ ਨੂੰ ਨਾਲ ਲੈ ਜੰਗਲ ਜਾਂਦੇ। ਰਾਗਾ ਸਿੰਘ ਜੀ ਦੋ ਜਲ ਦੇ ਗੜਵੇ ਭਰ ਕੇ ਨਾਲ-ਨਾਲ ਚਲਦੇ— ਇਕ ਆਪਣੀ ਵਰਤੋਂ ਲਈ ਦੂਜਾ ਗੁਰੂ ਹਰੀ ਸਿੰਘ ਜੀ ਵਾਸਤੇ। ਜੰਗਲ ਜਾ ਕੇ ਇਕ ਵਾਰ ਤਾਂ ਬਾਹਰ ਰੇਤ ਨਾਲ ਹੱਥ ਪੰਜ ਵਾਰ ਮਾਂਜਦੇ-ਦੂਜੀ ਵਾਰ ਡੇਰੇ ਆ ਕੇ ਏਨੀ ਵਾਰ ਹੀ ਹੱਥ ਸੁਕਮਾਂਜ ਕਰਦੇ। ਕੁਰਲਾ ਕਰ ਕੇ ਦਾਤਨ ਕਰਦੇ। ਜਿੰਨੀ ਵਾਰ ਦਾਤਨ ਮੂੰਹੋਂ ਬਾਹਰ ਕਰਦੇ ਓਨੀ ਵਾਰ ਹੀ ਧੋਕੇ ਮੂੰਹ ਵਿੱਚ ਪਾਂਦੇ।

ਫੇਰ ਇਸ਼ਨਾਨ ਵੀ ਏਸੇ ਚੁਬਾਰੇ ਉੱਤੇ ਹੀ ਹੁੰਦਾ ਜਲ ਪਹਿਲਾਂ ਭਰ ਕੇ ਰੱਖ ਲਿਆ ਜਾਂਦਾ ਜਾਂ ਸਮੇਂ ਅਨੁਸਾਰ ਓਸੇ ਵਕਤ ਵੀ ਮੰਗਵਾ ਕੇ ਇਸ਼ਨਾਨ ਕਰ ਲਿਆ ਜਾਂਦਾ। ਹਰ ਇਸ਼ਨਾਨ ਨਾਲ ਨਵੇਂ ਬਸਤਰ ਪਾਏ ਜਾਂਦੇ ਜੋ ਆਮ ਕਰਕੇ ਸ਼ੁੱਧ ਖੱਦਰ ਦੇ ਹੀ ਹੁੰਦੇ। ਮਰਯਾਦਾ ਅਨੁਸਾਰ ਕਛਹਿਰੇ ਦਾ ਇਕ ਪਾਉਂਚਾ ਲਾਹ ਕੇ ਦੂਜਾ ਪਾਇਆ ਜਾਂਦਾ ਤੇ ਫੇਰ ਦੂਜੇ ਚਰਨ ਵਿੱਚੋਂ ਪਾਉਂਚਾ ਉਤਾਰਿਆ ਜਾਂਦਾ। ਮਨੋਰਥ ਏਹ ਕਿ ਕਿਸੇ ਸਮੇਂ, ਇਕ ਪਲ ਲਈ ਕਛਹਿਰੇ ਤੋਂ ਬਿਨਾਂ ਨਾ ਰਹੇ।

ਇਸ਼ਨਾਨ ਕਰ ਚੁੱਕਣ ਤੋਂ ਬਾਅਦ ਆਪ ਜੀ ਤਾਂ ਏਸ ਚੁਬਾਰੇ ਦੇ ਅੰਦਰਵਾਰ ਆਸਣ ਵਿਛਾਕੇ ਭਜਨ ਕਰਨ ਲਈ ਬੈਠ ਜਾਂਦੇ। ਬਾਹਰ, ਵਰਾਂਡੇ ਵਿੱਚ ਆਸਾ ਦੀ ਵਾਰ ਦਾ ਕੀਰਤਨ ਆਰੰਭ ਹੋ ਜਾਂਦਾ। ਜੀਵਨ ਦੇ ਆਖ਼ਰੀ ਦੋ ਦਹਾਕਿਆਂ ਵਿੱਚ ਤਾਂ ਆਸਾ ਦੀ ਵਾਰ ਲਾਉਣ ਵਾਲੀ ਟੀਮ ਵੀ ਇਹ ਸੀ : ਮਹੰਤ ਗੁਰਦਿੱਤ ਸਿੰਘ ਜੀ (ਪਿੰਡ ਮੋਰੋਂ ਜ਼ਿਲ੍ਹਾ ਜਲੰਧਰ) ਤੰਬੂਰਾ ਵਜਾ ਕੇ ਗਾਉਂਦੇ। ਮਾਈ ਹੁਕਮੀ ਜੀ ਪਿੰਡ (ਵਰਿਆਂਹ ਜ਼ਿਲ੍ਹਾ ਅੰਮ੍ਰਿਤਸਰ) ਮਾਈ ਗੁਰਦੇਈ ਜੀ (ਖੰਨਾ, ਲੁਧਿਆਣਾ) ਕੀਰਤਨ ਵਿੱਚ ਸਾਥ ਦਿੰਦੇ। ਇਹ ਦੋਵੇਂ ਮਾਈਆਂ ਸਿਰ ਤੇ ਜੂੜਾ ਕਰ ਦਸਤਾਰ ਸਜਾਂਦੀਆਂ। ਇਸ ਕੀਰਤਨੀ ਜੱਥੇ ਵਿੱਚ ਢੋਲਕੀ ਸੰਤ ਵਜ਼ੀਰ ਸਿੰਘ ਜੀ (ਜਿਨ੍ਹਾਂ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਮਹਾਰਾਜ ਨਿਹਾਲ ਸਿੰਘ ਜੀ ਅਤੇ ਮਹਾਰਾਜ ਗੁਰਦਿਆਲ ਸਿੰਘ ਜੀ ਨੂੰ ਬਚਪਨ ਵਿੱਚ ਖਿਡਾਇਆ ਹੈ) ਵਜਾਇਆ ਕਰਦੇ। ਸੂਰਜ ਦੇ ਚੜ੍ਹਾਅ ਨਾਲ ਵਾਰ ਦਾ ਭੋਗ ਪੈ ਜਾਂਦਾ ਤੇ ਏਸ ਸਮੇਂ ਤੱਕ ਸ੍ਰੀ ਗੁਰੂ ਹਰੀ ਸਿੰਘ ਜੀ ਚੰਡੀ ਦੀ ਵਾਰ ਦਾਂ ਪਾਠ ਆਪਣੀ ਲਿਖਤੀ ਪੋਥੀ ਤੋਂ ਕਰ ਲੈਂਦੇ।

ਦੀਵਾਨ ਤੋਂ ਫ਼ਾਰਗ ਹੋ ਸਤਿਗੁਰੂ ਜੀ ਬਾਦਾਮਾਂ ਦੀ, (ਤਦ ਤਕ ਤਿਆਰ ਕਰ ਲਈ ਗਈ) ਸਰਦਾਈ ਛਕਦੇ। ਇਸ ਮੌਕੇ ਜਲ-ਪਾਣੀ ਆਦਿ ਦੀ ਸੇਵਾ ਅੰਮ੍ਰਿਤਸਰੀਏ ਮਹੰਤ ਹਜ਼ਾਰਾ ਸਿੰਘ ਜੀ ਪ੍ਰੇਮ ਪੂਰਵਕ ਕਰਦੇ। ਸਰੀਰ ਬਿਰਧ ਹੋ ਜਾਣ ਕਾਰਨ ਸੱਚੇ ਪਾਤਸ਼ਾਹ ਆਪਣੇ ਹੱਥ ਵਿੱਚ ਇਕ ਚਾਂਦੀ ਦੀ ਮੁੱਠ ਵਾਲੀ ਬੈਂਤ ਦੀ ਸੋਟੀ ਆਮ ਤੁਰਨ ਫਿਰਨ ਲਈ ਵਰਤਿਆ ਕਰਦੇ। ਸਰਦਾਈ ਉਪਰੰਤ ਚੁਬਾਰਿਓਂ ਉੱਤਰ ਕੇ ਇਕ ਵਾਰ ਸਾਰੇ ਪ੍ਰਬੰਧ ਵੱਲ ਝਾਤੀ ਮਾਰੀ

ਜਾਂਦੀ। ਘੋੜਿਆਂ ਦੇ ਤਬੇਲੇ ਅਤੇ ਗਊਆਂ, ਮੱਝਾਂ ਦੇ ਵਾੜੇ ਵਲ ਫੇਰਾ ਵੱਜਦਾ। ਪਸ਼ੂਆਂ ਦੇ ਸੇਵਾਦਾਰ ਤਦ ਤੱਕ ਤਿਆਰ ਹੋ ਕੇ ਆਪਣੇ ਆਪਣੇ ਪਸ਼ੂਆਂ ਦੇ ਪਾਸ ਖਲੋ ਜਾਂਦੇ। ਸਤਿਗੁਰੂ ਜੀ ਸਮੇਂ ਅਨੁਕੂਲ ਬਚਨ ਕਰਦੇ ਕਰਾਂਦੇ, ਤੂੜੀ ਪੱਠੇ ਦੀ ਗਲਤ ਵਰਤੋਂ ਲਈ ਤਾੜਦੇ, ਸਹੀ ਵਰਤੋਂ ਲਈ ਜਾਚ ਦੱਸਦੇ, ਸੰਜਮ ਨਾਲ ਚੱਲਣ ਦੀ ਸਿੱਖਿਆ ਦਿੰਦੇ। ਨਵੇਂ ਤਬੇਲੇ ਦਾ ਜੋ ਰਾਮਸਰ ਵੱਲ ਨੂੰ ਦਰਵਾਜਾ ਹੈ, ਇਸ ਦੀ ਚਾਬੀ ਤਾਂ ਪੁਲਿਸ ਵਾਲਿਆਂ ਕੋਲ ਰਹਿੰਦੀ, ਸੋ ਵਾਪਸੀ ਤਬੇਲੇ ਵਾਲੀ ਡਿਉੜੀ ਥਾਣੀ ਹੀ ਹੁੰਦੀ।

ਤਬੇਲਿਆਂ ਦਾ ਚੱਕਰ ਮਾਰ, ਕਿਸੇ ਹੋਰ ਨਵੇਂ ਆਏ ਦੀ ਗੱਲ ਬਾਤ ਸੁਣ ਜਾਂ ਕਿਸੇ ਲੋੜਵੰਦ ਲਈ ਜ਼ਰੂਰੀ ਹੁਕਮ ਜਾਰੀ ਕਰ ਕੇ ਸ੍ਰੀ ਸਤਿਗੁਰੂ ਜੀ ਭਾਈ ਰਾਗਾ ਸਿੰਘ ਜੀ ਨੂੰ ਨਾਲ ਲੈ ਕੇ ਜੰਗਲ ਪਾਣੀ ਜਾਂਦੇ। ਭਾਈ ਸਾਹਿਬ ਦੇ ਹੱਥੀਂ ਲੋਹੇ ਦੇ ਦੋ ਵੱਡੇ ਗੜਵੇ ਜਲ ਦੇ ਫੜੇ ਹੁੰਦੇ। ਅਤੇ ਸਤਿਗੁਰੂ ਜੀ ਮਾਲਾ ਫੇਰਦੇ ਚੱਲ ਪੈਂਦੇ। ਕਈ ਵਾਰ ਪੁਲਸੀਏ ਵੀ ਦੂਰ ਦੂਰ ਰਹਿ ਆਪ ਦਾ ਪਿੱਛਾ ਕਰਦੇ। ਪਰ ਬਾਹਲਾ ਨਜ਼ਦੀਕ ਜਾਣ ਦੀ ਜੁਰੱਅਤ ਨਾ ਹੁੰਦੀ।

ਇੰਜ ਬਾਹਰ ਗਿਆਂ ਘੰਟਾ ਦੋ ਘੰਟੇ ਕਿਸੇ ਰੁਖ ਬਿਰਖ ਦੀ ਓਟ ਵਿੱਚ ਬੈਠ ਕੁੱਝ ਸਮਾਂ ਸਤਿਗੁਰੂ ਜੀ ਭਜਨ ਕਰਦੇ। ਦੋ ਵੱਖ-ਵੱਖ ਰੁੱਖਾਂ ਥੱਲੇ ਸਤਿਗੁਰੂ ਜੀ ਅਤੇ ਰਾਗਾ ਸਿੰਘ ਜੀ ਬੈਠਦੇ। ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਨਾਲ ਏਕਾਗਰ ਹੋ ਨਵੀਂ ਪ੍ਰੇਰਣਾ ਨਾਲ ਆਪ ਫਿਰ ਉੱਠਦੇ।

ਕਰੀਬ ੧੦ ਵਜੇ ਬਾਹਰੋਂ ਘਰ ਨੂੰ ਪਰਤਿਆ ਜਾਂਦਾ। ਤਦ ਤੱਕ ਨੂੰ ਚੁਬਾਰਾ ਸੰਬਰ ਬੁਹਾਰ ਕੇ ਸੁਥਰਾ ਕਰ ਲਿਆ ਜਾਂਦਾ। ਭਾਵੇਂ ਮਾਈ ਹੁਕਮੀ ਤੇ ਮਾਈ ਗੁਰਦੇਈ ਹਰ ਤਰ੍ਹਾਂ ਸਫਾਈ ਵਗੈਰਾ ਦਾ ਧਿਆਨ ਰੱਖਦੀਆਂ, ਪਰ ਸ੍ਰੀ ਮਾਤਾ ਜੀਉਣ ਕੌਰ ਜੀ ਆਪ ਵੀ ਹਰ ਪ੍ਰਕਾਰ ਦੀ ਸੁੱਖ ਸੁਵਿਧਾ ਦਾ ਧਿਆਨ ਰੱਖਦੇ। ਮੁੜ ਚੁਬਾਰੇ ਤੇ ਆ ਕੇ ਪੰਜ ਸ਼ਨਾਨਾ ਆਦਿ ਕਰਕੇ ਦੀਨ ਦਿਆਲ ਕੁੱਝ ਸਮਾਂ ਆਰਾਮ ਕਰਦੇ। ਅੱਧੇ ਪੌਣੇ ਘੰਟੇ ਬਾਅਦ ਫੇਰ ਪ੍ਰਬੰਧਕਾਂ ਪਾਸੋਂ ਸਾਰੇ ਕਾਰ ਵਿਹਾਰ ਦਾ ਪਤਾ ਮੰਗ ਲੈਂਦੇ। ਉਹਨੀਂ ਦਿਨੀਂ ਖ਼ਰੀਦੋ ਫ਼ਰੋਖ਼ਤ ਪਸ਼ੂ ਢਾਂਡੇ ਅਤੇ ਲੰਗਰ ਦੇ ਸਮਾਨ ਵਗੈਰਾ ਦੀ ਜ਼ਿੰਮੇਵਾਰੀ ਮਹੰਤ ਗੁਰਦਿੱਤ ਸਿੰਘ ਦੀ ਹੁੰਦੀ। ਅਤੇ ਸਰਕਾਰੀ ਕੰਮਾਂ ਲਈ ਮੁਖਤਾਰ ਆਮ ਮਹੰਤ ਸੇਵਾ ਸਿੰਘ ਜੀ ਕਲਾਲ ਮਾਜਰੇ ਵਾਲੇ (ਬਹੁਤੀ ਰਿਹਾਇਸ਼ ਉਟਾਲਾਂ ਜ਼ਿਲ੍ਹਾ ਲੁਧਿਆਣਾ) ਮੁਕੱਰਰ ਸਨ। ਸੋ ਇਨ੍ਹਾਂ ਦੋਹਾਂ ਤੋਂ ਚੁਫ਼ੇਰੇ ਦਾ ਪਤਾ ਲੈ ਦੇ ਦੇਂਦੇ। ਬਾਅਦ ਵਿੱਚ ਕੁੱਝ ਸਮਾਂ ਬਿਰਾਜ ਲਿਆ ਜਾਂਦਾ।

ਸਰਦੀਆਂ ਵਿੱਚ ੧-੨ ਵਜੇ, ਪਰ ਗਰਮੀਆਂ ਵਿੱਚ ਕਰੀਬ ੪ ਵਜੇ ਅੱਠਪਹਿਰੀਏ ਸਿੰਘਾਂ ਦਾ ਲੰਗਰ ਤਿਆਰ ਹੁੰਦਾ। ਸਤਿਗੁਰੂ ਜੀ ਅੱਠ ਪਹਿਰਾ ਲੰਗਰ ਹੀ ਛੱਕਦੇ। ਸੋ ਆਪ ਜੀ ਵੱਡੇ ਲੰਗਰ ਵਾਲੀ ਖੂਹੀ 'ਤੇ ਜਾ ਕੇ ਦੁਬਾਰਾ ਇਸ਼ਨਾਨ ਆਦਿ ਕਰ ਕੇ ਏਥੇ ਹੀ ਨਜ਼ਦੀਕ ਬੈਠਣ ਲਈ ਤਿਆਰ ਕੀਤੇ ਗਏ, ਥੜ੍ਹੇ ਉੱਪਰ ਆਸਣ ਵਿਛਾ ਕੇ ਪ੍ਰਸ਼ਾਦ ਛਕਦੇ। ਲੰਗਰ ਦਾ ਦਾਲਾ ਪ੍ਰਸ਼ਾਦ ਹੀ ਆਪ ਛੱਕਦੇ। ਸੁਆਦ ਕੀ ਹੁੰਦਾ ਹੈ, ਸਤਿਗੁਰੂ ਜੀ ਦੀ ਸਾਰੀ ਉਮਰ ਇਸ ਸੋਚ ਤੋਂ ਪਰ੍ਹੇ ਰਹੀ। ਏਸ ਸਮੇਂ ਲੰਗਰ ਆਪ ਨੂੰ ਆਮ ਕਰਕੇ ਸੰਤ ਹਰਨਾਮ ਸਿੰਘ ਜੀ ਛੂਤੀਏ ਛਕਾਂਦੇ।

ਬਾਬਾ ਨਰੈਣ ਸਿੰਘ ਜੀ ਰੋੜਿਆਂ ਵਾਲੇ ਸਦਾ ਹੀ ਇਸ ਕੋਸ਼ਿਸ਼ ਵਿੱਚ ਰਹਿੰਦੇ ਕਿ ਸਤਿਗੁਰੂ ਜੀ ਦੇ ਪ੍ਰਸ਼ਾਦ ਵਾਲੀ ਥਾਲੀ ਵਿੱਚ ਹੀ ਆਪ ਲੰਗਰ ਛਕਣ।

ਉਹਨੀਂ ਦਿਨੀਂ ਵਿਦੇਸ਼ਾਂ ਨੂੰ ਚਾਵਲ ਜਾਣ ਤੇ ਕੋਈ ਪਾਬੰਦੀ ਨਹੀਂ ਸੀ ਇਸ ਲਈ ਵਿਦੇਸ਼ਾਂ 'ਚੋਂ ਆਏ ਸਿੱਖ ਤੇ ਸਿੱਖਣੀਆਂ ਦੀ ਏਹ ਜ਼ਬਰਦਸਤ ਲਗਨ ਹੁੰਦੀ ਕਿ ਉਹ ਗੁਰੂ ਕੇ ਲੰਗਰੋਂ ਤੇ ਖ਼ਾਸ ਕਰ ਸਤਿਗੁਰੂ ਜੀ ਦੀ ਵਰਤੋਂ ਵਿੱਚ ਆਏ ਚਾਵਲਾਂ ਵਿੱਚੋਂ, ਸਤਿਕਾਰ ਵਜੋਂ ਆਪਣੇ ਨਾਲ ਪਰਦੇਸਾਂ ਨੂੰ ਖੜ੍ਹ ਸਕਣ।

ਪ੍ਰਸ਼ਾਦ ਉਪਰੰਤ ਸਤਿਗੁਰੂ ਹਰੀ ਸਿੰਘ ਜੀ ਫੇਰ ਚੁਬਾਰੇ ਨੂੰ ਜਾ ਭਾਗ ਲਾਂਦੇ ਅਤੇ ਇਕ ਘੰਟੇ ਕੁ ਦਾ ਸਮਾਂ ਆਰਾਮ ਕਰਦੇ। ਨੀਂਦ ਵੀ ਆ ਜਾਂਦੀ, ਜਾਂ ਮੌਜ ਨਾਲ ਬਿਰਾਜੇ ਰਹਿੰਦੇ। ਉਪਰੰਤ ਪੰਜ ਸ਼ਨਾਨਾ ਕਰਕੇ ਕਥਾ ਵਿੱਚ ਸ਼ਾਮਿਲ ਹੋ ਜਾਂਦੇ। ਕਥਾ ਚੁਬਾਰੇ ਦੇ ਬਰਾਂਡੇ ਵਿੱਚ ਸੰਤ ਨਰੈਣ ਸਿੰਘ ਜੀ ਰੋੜਿਆਂ ਵਾਲੇ ਕਰਿਆ ਕਰਦੇ। ਰੋੜਿਆਂ ਵਾਲੇ ਸੰਤਾਂ ਦਾ ਸਤਿਗੁਰੂ ਜੀ ਦੇ ਚਰਨਾਂ ਨਾਲ ਬੜਾ ਹੀ ਸਨੇਹ ਸੀ। ਕਥਾ ਕਰਦਿਆਂ ਆਪ ਦੀ ਲਿਵ ਇੰਜ ਲੱਗੀ ਹੁੰਦੀ ਸੀ ਜਿਵੇਂ ਸਾਖਿਆਤ ਭਗਵਾਨ ਦੇ ਸਾਹਵੇਂ ਉਹਦਾ ਭਗਤ ਉਪਾਸਨਾ ਕਰ ਰਿਹਾ ਹੋਵੇ। ਚਲਦੀ ਕਥਾ ਵਿੱਚ ਸਾਧ ਸੰਗਤ ਆਈ ਜਾਂਦੀ ਤੇ ਲੰਗਰ ਵਾਲੇ ਪਾਸੇ ਖੁੱਲ੍ਹੀ ਛੱਤ ਉੱਪਰ ਬੈਠੀ ਜਾਂਦੀ।

ਕਥਾ ਤੋਂ ਬਾਅਦ ਭਾਈ ਸੰਤੋਖ ਸਿੰਘ ਜੀ (ਜਿਨਾਂ ਦੀ ਹੱਥ ਲਿਖਤ ਪੁਸਤਕ ਸਤਿਗੁਰੂ ਬਿਲਾਸ, ਦੀ ਕਥਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਸੁਣਿਆਂ ਕਰਦੇ ਸਨ) ਤੋਂ ਉਹਨਾਂ ਦੇ ਲਿਖੇ ਪ੍ਰਸੰਗਾਂ ਨੂੰ ਸੁਣਨਾ।

ਸੂਰਜ ਡੁਬਣ ਦੇ ਨਾਲ ਹੀ, ਮੌਕੇ ਤੇ, ਜੋ ਵੀ ਰਾਗੀ ਰਬਾਬੀ ਹਾਜ਼ਰ ਹੁੰਦਾ ਉਸ ਤੋਂ ਕੀਰਤਨ ਕਰਵਾਇਆ ਜਾਂਦਾ। ਆਪ ਜੀ ਭਜਨ ਕਰਦੇ ਰਸ ਮਗਨ ਹੋ ਸੁਣਦੇ। ਭਾਈ ਸੰਤ ਸਿੰਘ ਜੀ ਢਾਡੀ ਸਤਿਗੁਰੂ ਦਰਸ਼ਨਾਂ ਦੇ ਬੜੇ ਪਰੇਮੀ ਸੀ। ਆਪ ਢੇਸੀਆਂ ਜ਼ਿਲ੍ਹਾ ਜਲੰਧਰ ਤੋਂ ਮਹੀਨੇ ਵਿਚ ਕੁਛ ਦਿਨ

ਜ਼ਰੂਰ ਹੀ ਭੈਣੀ ਸਾਹਿਬ ਆਉਂਦੇ ਅਤੇ ਪੁਰਾਣੇ ਜੋਧਿਆਂ ਦੀਆਂ ਵਾਰਾਂ ਸੁਣਾਂਦੇ। ਸਤਿਗੁਰੂ ਜੀ ਇਨਾਂ ਤੋਂ ਜੋਸ਼ ਭਰੀਆਂ, ਸੂਰਮਿਆਂ ਦੀਆਂ ਵਾਰਾਂ ਸੁਣਕੇ ਬਹੁਤ ਸੰਤੁਸ਼ਟ ਹੁੰਦੇ। ਢਾਡੀਆਂ ਨੂੰ ਆਪ ਦੌਰੇ ਨਾਲ ਵੀ ਰਖਦੇ ਤੇ ਰਾਗੀਆਂ ਦੇ ਕੀਰਤਨ ਤੋਂ ਪਹਿਲਾਂ ਇਨ੍ਹਾਂ ਨੂੰ ਵਕਤ ਮਿਲਦਾ।

ਰਾਤ ਨੂੰ ਹੱਲੇ ਦਾ ਦੀਵਾਨ ਲਗਦਾ। ਜੋਟੀਆਂ ਨਾਲ ਸ਼ਬਦ ਪੜ੍ਹੇ ਜਾਂਦੇ। ਢੋਲਕ ਛੈਣੇ ਭਿੰਨੀ ਭਿੰਨੀ ਲੈਅ ਵਿਚ ਵਜਦੇ। ਕੋਈ ਜਥੇਦਾਰ ਜਾਂ ਹੋਰ, ਖਲੋ ਕੇ ਸ਼ਬਦ ਨਾ ਪੜ੍ਹਦਾ। ਅਰਦਾਸ ਕਰਕੇ ਦੀਵਾਨ ਦੀ ਸਮਾਪਤੀ ਹੁੰਦੀ। ਸੰਗਤ ਅਪਣੇ ਡੇਰਿਆਂ ਨੂੰ ਚਲੀ ਜਾਂਦੀ ਪਰ ਸਤਿਗੁਰੂ ਜੀ ਭਜਨ-ਮਗਨ ਹੀ ਰਹਿੰਦੇ।

ਰਾਤ ਨੂੰ ਸਤਿਗੁਰੂ ਜੀ ਕੇਵਲ ਕਾੜ੍ਹਕੇ ਠੰਢਾ ਕੀਤਾ ਦੁੱਧ ਛਕਦੇ, ਜਾਂ ਕੁਛ ਫਲ-ਆਹਾਰ ਵੀ ਹੋ ਜਾਂਦਾ। ਬਾਦਾਮ, ਸੌਗੀ, ਪਿਸਤਾ, ਪਤਾਸੇ ਆਦਿ ਆਮ ਮੱਥਾ ਟਿਕਿਆ ਕਰਦੇ ਸਨ। ਸਤਿਗੁਰੂ ਜੀ ਦੀ ਵਰਤੋਂ ਜੋਗੇ ਰੱਖ ਬਾਕੀ ਦੇ ਘੋੜਿਆਂ ਵਾਲਿਆਂ ਮੱਝਾਂ ਗਊਆਂ ਵਾਲਿਆਂ ਜਾਂ ਹੋਰ ਸੇਵਾਦਾਰਾਂ ਨੂੰ ਬੁੱਕ ਭਰ ਭਰ ਕੇ ਦਿਤੇ ਜਾਂਦੇ। ਬਾਬਾ ਵੀਰ ਸਿੰਘ ਜੀ ਚੁੰਨ੍ਹੀ ਮਛਲੀ ਵਾਲੇ, ਜਿਹੜੇ ਸਤਿਗੁਰੂ ਰਾਮ ਸਿੰਘ ਜੀ ਦੇ ਵੇਲੇ ਦੇ ਸਤਿਕਾਰੇ ਸਿਖ ਸਨ, ਕਦੇ-ਕਦੇ ਮਹੀਨਾ ਮਹੀਨਾ ਭਰ ਭੈਣੀ ਸਾਹਿਬ ਆ ਟਿਕਦੇ ਅਤੇ ਉਨ੍ਹਾਂ ਨੂੰ ਸੁੱਕੇ ਮੇਵਿਆਂ ਦੇ ਬੁੱਕ ਸਾਧ ਸੰਗਤ ਵਿਚ ਵੰਡਣ ਦਾ ਬੜਾ ਅਨੰਦ ਆਉਂਦਾ।

੧੦ ਵਜੇ ਰਾਤ ਤਕ ਤਾਂ ਸਤਿਗੁਰੂ ਜੀ ਆਪਣੇ ਚੁਬਾਰੇ ਤੇ ਨਜ਼ਰ ਪੈਂਦੇ ਰਹਿੰਦੇ ਚਲਦੇ ਫਿਰਦੇ, ਫਿਰ ਅਜੇਹੀ ਨਿਸਚਲ ਸਮਾਧੀ ਲਾਂਦੇ ਕਿ ਜਿਵੇਂ ਦੁਨੀਆਂ ਨਾਲ ਉਨ੍ਹਾਂ ਦਾ ਸੰਬੰਧ ਕੋਈ ਨਹੀਂ ਹੁੰਦਾ। ਸ੍ਰੀ ਸਤਿਗੁਰੂ ਜੀ ਰੋਜ਼ਾਨਾ ੧੯ ਤੋਂ ੨੧ ਮਾਲਾ ਭਜਨ ਦੀਆਂ ਫੇਰਦੇ। ਅਤੇ ਭਗੌਤੀਆਂ ਦੀ ਮਾਲਾ ਇਸ ਤੋਂ ਵਖਰੀ ਹੁੰਦੀ। ਭਗੌਤੀਆਂ ਬਾਰੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਉਚੇਚਿਆਂ ਵਿਦੇਸ਼ ਚੋਂ ਲਿਖਕੇ ਭੇਜਿਆ ਸੀ।

ਸਤਿਗੁਰੂ ਰਾਮ ਸਿੰਘ ਜੀ ਦਾ ਪਿਆਰ-ਵਿਛੋੜਾ ਆਪ ਦੇ ਅੰਦਰ ਨਸੂਰੀ ਫੋੜੇ ਵਾਂਗ ਦੁਖਦਾ ਥਾਂ ਬਣਾਈ ਬੈਠਾ ਸੀ। ਧੋਣ ਨੀਵੀਂ, ਮਨ ਨੀਵਾਂ, ਬਸ ਸਤਿਗੁਰੂ ਜੀ ਨੇ 'ਨਾਨਕ ਨਾਮੁ ਗਰੀਬੀ ਧਾਈ' ਵਾਲੀ ਅਵਸਥਾ ਵਿਚ ਸਾਰੀ ਉਮਰ ਗੁਜ਼ਾਰੀ। ਉਂਜ ਤਾਂ ਆਪ ਹਰ ਦਰਸ਼ਨ ਯਾਚਕ ਨਾਲ ਲੋੜ ਜੋਗਾ ਬਚਨ ਕਰਦੇ, ਹਸਦੇ ਮੁਸਕਰਾਂਦੇ ਵੀ, ਪਰ ਉਨ੍ਹਾਂ ਦੇ ਅੰਦਰਲੀ ਬ੍ਰਿਹਾ-ਪੀੜਾ ਸਦਾ ਹੀ ਉਨ੍ਹਾਂ ਦੇ ਮੁੱਖ ਮਸਤਕ ਤੇ ਛਾਈ ਰਹਿੰਦੀ।

ਜਦੋਂ ਕਦੇ ਦੌਰਿਆਂ ਤੇ ਬਾਹਰ ਜਾਂਦੇ ਤਦ ਵੀ ਆਪਦਾ ਪ੍ਰੋਗਰਾਮ ਕੁਝ ਐਸਾ ਹੀ ਹੁੰਦਾ ਜੈਸਾ ਉਪਰ ਵਰਨਣ ਕਰ ਦਿਤਾ ਹੈ; ਫਰਕ ਏਨਾ ਕੁ ਪੈਂਦਾ ਕਿ ਡੇਰੇ ਦੀਆਂ ਜ਼ਿੰਮੇਵਾਰੀਆਂ ਦੀ ਥਾਂ ਓਦੋਂ ਪੰਥਕ ਜ਼ਿੰਮੇਵਾਰੀ ਅਤੇ, ਸੰਤਾਂ ਮਹੰਤਾਂ ਦੀਆਂ ਮਨਜ਼ਲਾਂ ਦੀਆਂ ਵਾਰਤਾਵਾ ਛਿੜ ਪੈਂਦੀਆਂ।

ਅਧਿਐਨ ਕੀਤਿਆਂ ਪਤਾ ਲਗੇਗਾ ਕਿ ਸਮੂਹ ਗੁਰੂ ਸਾਹਿਬਾਨ ਨੇ ਹੀ ਅੰਮ੍ਰਿਤ ਵੇਲੇ ਦਾ ਜਾਗਣਾ, ਸਕੇਸ਼ ਸ਼ਨਾਨ ਕਰਨਾ, ਨਾਮ ਜਪਨਾ, ਕੀਰਤਨ ਸੁਣਨਾ-ਕਰਨਾ ਆਪ ਵਧ ਤੋਂ ਵਧ ਕੀਤਾ ਹੈ ਤੇ ਗੁਰ ਸਿੱਖਾਂ ਨੂੰ ਏਸੇ ਦੀ ਪ੍ਰੇਰਨਾ ਦਿਤੀ ਹੈ।

ਅੱਜ ਜਦੋਂ ਅਸੀਂ ਸ੍ਰੀ ਸਤਿਗੁਰੂ ਹਰੀ ਸਿੰਘ ਦੇ ਕੁਲ ਪੋਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਰੋਜ਼ਾਨਾ ਨਿਤ ਕਰਮ ਵਲ ਝਾਤ ਮਾਰਦੇ ਹਾਂ ਤਾਂ ਨਾ ਕੋਈ ਅੰਮ੍ਰਿਤ ਵੇਲੇ ਦੇ ਜਾਗਣ ਵਿਚ ਕਸਰ ਦਿਸਦੀ ਹੈ ਤੇ ਨਾ ਹੀ ਭਜਨ ਬਾਣੀ ਦੇ। ਓਸੇ ਪਰਵਾਹ ਵਿਚ ਰੱਜ ਰੱਜ ਮੌਜਾਂ ਮਾਨਣ ਵਿਚ ਹੀ। ਅੱਜ ਵੀ ਗ੍ਰੰਥ ਸਾਹਿਬ ਦੀ ਉਹ ਤੁਕ ਸਾਰਥਕ ਹੈ :

ਪੀਉ ਦਾਦੇ ਜੇਵਿਹਾ ਪੋਤਾ ਪਰਵਾਣ।"

ਗ਼ਜ਼ਲ

—ਸਿਰੀ ਰਾਮ 'ਅਰਸ਼'

ਜੋ ਕਲੰਦਰ ਸ਼ਹਿਰ ਵਿੱਚ ਆਇਆ ਸੀ ਕੱਲ੍ਹ ਮਹਿਮਾਨ ਵਾਂਗ।
ਵੰਡ ਰਿਹਾ ਹੈ ਰਹਿਮਤਾਂ ਲੋਕਾਂ ਨੂੰ ਅੱਜ ਭਗਵਾਨ ਵਾਂਗ।

ਜਿਸ ਨੂੰ ਤੂੰ ਹੈ ਦਰੜਿਆ ਪੈਰਾਂ ਦੇ ਹੇਠਾਂ ਚਾਰ ਜੁਗ,
ਦੋਸਤਾ! ਉਸ ਨੂੰ ਵੀ ਹੁਣ ਜੀਅ ਲੈਣ ਦੇ ਇਨਸਾਨ ਵਾਂਗ।

ਮੈਂ ਸੁਬ੍ਹਾ ਤੋਂ ਸ਼ਾਮ ਤੱਕ ਕੀਤੀ ਮੁਸ਼ੱਕਤ ਸੀ ਜਿਹੜੀ,
ਉਸ ਦੀ ਉਜਰਤ ਦੇ ਰਿਹਾ ਧਨਵਾਨ ਮੈਨੂੰ ਦਾਨ ਵਾਂਗ।

ਲੁਪਤ ਹੈ ਸੋਮਾ ਗ਼ਜ਼ਲ ਦਾ ਪਿਆਰ ਦੀ ਪਰਵਾਜ਼ ਵਿੱਚ,
ਇਸ ਲਈ ਹਰ ਸ਼ਿਅਰ ਨਾਜ਼ਲ ਹੋ ਰਿਹੈ ਵਰਦਾਨ ਵਾਂਗ।

ਇਹ ਕਿਹੀ ਨਗਰੀ ਹੈ ਜਿੱਥੇ ਮੌਤ ਮੰਡਲਾਉਂਦੀ ਫਿਰੇ!
ਦਿਨ ਢਲੇ ਆਉਂਦਾ ਨਜ਼ਰ ਸਾਰਾ ਨਗਰ ਸ਼ਮਸ਼ਾਨ ਵਾਂਗ!

ਜਿਸ ਘੜੀ ਤੋਂ ਵੇਖਿਆ ਮੈਂ ਹੁਸਨ ਦਾ ਅਸਚਰਜ ਰੂਪ,
ਉਸ ਘੜੀ ਤੋਂ ਪੂਜਦਾਂ ਮੈਂ ਹੁਸਨ ਨੂੰ ਭਗਵਾਨ ਵਾਂਗ।

ਜਿਸ ਰਿਸ਼ੀ ਨੂੰ ਮਿਲ ਗਈ ਸੀ ਉਮਰ ਜੁਗ ਦੇ ਹਾਣ ਦੀ,
ਉਸ ਰਿਸ਼ੀ ਨੇ ਵੀ ਗੁਜ਼ਾਰੀ ਜ਼ਿੰਦਗੀ ਮਹਿਮਾਨ ਵਾਂਗ।

੨੦੪, ਸੈਕਟਰ ੬੫
ਮੋਹਾਲੀ

ਸਤਿਗੁਰੂ ਹਰੀ ਸਿੰਘ ਜੀ ਦਾ ਭਾਗ

...ਜੋਤ ਕਾ ਜਾਮਾ ਸਤਿਗੁਰੂ ਨੇ ਆਪਣੇ ਵੱਡੇ ਭਾਈ ਨੂੰ ਤਨ-ਮਨ-ਧਨ ਅਰਪਣ ਕੀਤਾ ਹੋਇਆ ਸੀ, ਭਾਵੇਂ ਆਪ ਘਰੋਂ ਵੱਖ ਹੀ ਰਹਿੰਦੇ ਸਨ ਤੇ ਖੇਤੀ ਬਾੜੀ ਦੀ ਕਰੜੀ ਕਾਰ ਕਰਦੇ ਸਨ।.ਉਨ੍ਹਾਂ ਦੀ ਨਜ਼ਰ ਵਿੱਚ ਹੀ ਸਤਿਗੁਰੂ ਰਾਮ ਸਿੰਘ ਜੀ.ਸਾਧਾਰਨ ਤਖਾਣੇ ਕੰਮ ਕਾਜ ਤੋਂ ਮੁਕਤ ਹੋ ਖਾਲਸਾ ਰਾਜ ਦੀ ਫ਼ੌਜੀ ਨੌਕਰੀ ਵਿੱਚ ਗਏ, ਮਸਤਾਨੀ ਦਸ਼ਾ ਵਿੱਚ ਹੋ ਵਾਪਸ ਪਰਤੇ, ਦਾਨੀ ਹਾਲਤ ਵਿੱਚ ਹੋ ਘਰੇਗੀ ਜ਼ਿੰਮੇਵਾਰੀਆਂ ਸੰਭਾਲੀਆਂ ਤੇ ਇਕ ਦਿਨ 'ਸੰਤ ਖਾਲਸਾ' ਦੀ ਸਥਾਪਨਾ ਸਫੇਦ ਧੁਜਾ ਫਹਿਰਾਕੇ ਕੀਤੀ।

ਆਪਣੇ ਘਰ ਦਾ ਧੰਦਾ ਕਰਦਿਆਂ ਹੀ ਗੁਰੂ ਹਰੀ ਸਿੰਘ ਜੀ ਨੇ ਨਿਗੂਣੀ ਭੈਣੀ ਨੂੰ ਸਾਹਿਬਾਂ ਦੇ ਪ੍ਰਤਾਪ ਨਾਲ ਭੈਣੀ ਸਾਹਿਬ ਬਣਾ ਕੇ ਲੋਕ-ਹਿਰਦੇ ਵਿੱਚ ਵਸਦੀ ਵੇਖਿਆ। ਸੈਂਕੜੇ ਹਜ਼ਾਰਾਂ ਰਾਜ-ਹੰਸਾਂ ਦੇ ਸੁਮੇਲ ਨਾਲ ਜੁੜੇ ਵੱਡੇ ਵੱਡੇ ਇਕੱਠ ਤੱਕੇ ਜਿੱਥੇ ਭਜਨ ਬੰਦਗੀ ਨਾਲ ਦੇਸ਼ ਪਿਆਰ ਤੇ ਦੇਸ਼ ਸੇਵਾ ਦੀ ਗੁੜ੍ਹਤੀ ਵੀ ਮਿਲਦੀ। ਆਪਣੇ ਵੱਡੇ ਭਾਈ ਦੇ ਪ੍ਰਤਾਪ ਸੂਰਜ ਦੀਆਂ ਉੱਚੀਆਂ ਸਿਖਰਾਂ ਵੇਖੀਆਂ ਸੁਣੀਆਂ ਕਿ ਕਿਵੇਂ ਸਾਰੇ ਉਤਰਾਖੰਡ ਦੇ ਲੋਕੀਂ ਇਨ੍ਹਾਂ ਦੇ ਦਰਸ਼ਨਾਂ ਦੀ ਤਾਂਘ ਰੱਖਦੇ ਹਿਰਦਾ ਤੇ ਅਖੜੀਆਂ ਚਰਨਾਂ ਹੇਠ ਵਿਛਾਣ ਲਈ ਉਤਸੁਕ ਰਹਿੰਦੇ, ਕੀਕਣ ਕੁਛ ਨਵੇਂ ਪਰਿਵਰਤਨ ਆਏ ਤੇ ਇਹਨਾਂ ਨੂੰ ਭੈਣੀ ਸਾਹਿਬ ਹੀ ਨਜ਼ਰ ਬੰਦ ਕੀਤਾ ਗਿਆ, ਭਾਵੇਂ ਖ਼ਾਸ ਹਾਲਤਾਂ ਵਿੱਚ ਏਨ੍ਹਾਂ ਸ਼ਾਤਰ ਅੰਗਰੇਜ਼ੀ ਸਰਕਾਰ ਦੀ ਇਕ ਨਾ ਮੰਨੀ।

ਤੇ ਉਹ ਫ਼ੈਸਲਾਕੁਨ ਦੋ ਦਿਨ ਤਾਂ ਗੁਰੂ ਹਰੀ ਸਿੰਘ ਜੀ ਨੇ ਅਸਲੋਂ ਗੁਰੂ-ਹਿਰਦੇ ਨਾਲ ਹਿਰਦਾ ਜੋੜ ਕੇ ਅਨੁਭਵ ਕੀਤੇ, ਜਿਨ੍ਹਾਂ ਦੇ ਸਿੱਟੇ ਵਜੋਂ ਗੁਰੂ ਰਾਮ ਸਿੰਘ ਜੀ ਨੂੰ ਦੇਸ਼-ਨਿਕਾਲਾ ਮਿਲ ਗਿਆ।

ਪਰਦੇਸ ਗਵਨ ਤੋਂ ਸਿਰਫ਼ ੬ ਮਹੀਨੇ ਪਹਿਲਾਂ ਗੁਰੂ ਰਾਮ ਸਿੰਘ ਜੀ ਨੇ, ਮੋਢੇ ਤੇ ਹੱਲ ਚੁੱਕੀ ਤੇ ਜੋਗ ਅੱਗੇ ਲਾਈ ਆਉਂਦਿਆਂ ਵੇਖ ਕੇ ਆਖਿਆ ਸੀ—ਸੁਟ ਦਿਓ ਹਲ ਤੇ ਡੇਰੇ ਆ ਜਾਓ, ਹੁਣ ਏਸ ਖੇਤੀ ਦੀ ਲੋੜ ਨਹੀਂ, (ਦੂਜੀ ਖੇਤੀ ਵੀ ਸੰਭਾਲ ਮੰਗਦੀ ਹੈ।) ਆਪ ਜੀ 'ਸਤਿ ਬਚਨ' ਆਖ ਖੇਤੀ ਬਾੜੀ ਤਿਆਗ, ਡੇਰੇ, ਸਣੇ ਪਰਿਵਾਰ ਆ ਗਏ।

ਅਤੇ ਪਰਦੇਸੀ ਹੋਣ ਤੋਂ ਕੇਵਲ ੨੦ ਦਿਨ ਅੱਗੋਂ ਹੀ ਇਕ ਦਿਨ ਸਤਿਗੁਰੂ ਜੀ ਨੇ ਡਾਢੇ ਪਿਆਰ ਨਾਲ ਕੋਲ ਬਿਠਾ ਕੇ, ਕੋਲ ਬੈਠੇ ਦੂਜੇ ਜ਼ਿੰਮੇਂਵਾਰਾਂ ਤੇ ਸੇਵਕਾਂ ਨੂੰ ਉਠਾਉਂਦਿਆਂ ਆਖਿਆ ਸੀ—ਤੁਸਾਂ ਤਾਂ ਸਦਾ ਹੀ ਕੋਲ ਰਹਿੰਦੇ ਰਹੇ ਹੋ, ਏਹ ਤਾਂ ਅੱਜ ਹੀ ਮੇਰੇ ਕੋਲ ਬੈਠੇ ਨੇ। ਅਤੇ ਬਹੁਤ ਸਾਰੀਆਂ ਜ਼ਰੂਰੀ ਗੱਲਾਂ ਦੱਸੀਆਂ ਸਮਝਾਈਆਂ ਸਨ। ਆਪ ਏਸ ਵੇਲੇ ੫੩ ਸਾਲ ਦੀ ਉਮਰ ਦੇ ਨੇੜ ਤੇੜ ਸਨ।

ਜਿਦਨ ਪੁਲਸੀਏ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਲੈਜਾਣ ਲਈ ਆ ਗਏ, ਪਤਾ ਨਹੀਂ ਕਿੰਨੇ ਚਿਰ ਲਈ ਤੇ ਕਿੱਥੇ ਲੈ ਜਾਣ ਲਈ, ਉਸ ਦਿਨ ਛੋਟੇ ਭਾਈ ਨੇ ਅਤਿ ਅਧੀਰ ਹੋ ਅਰਜ਼ ਕੀਤੀ ਸੀ—"ਆਪ ਜੀ ਦੀ ਜਗਹ ਮੈਂ ਚਲਾ ਜਾਂਦਾ ਹਾਂ। ਆਪ ਏਥੇ ਹੀ ਰਹੋ।" ਪਰ ਸਤਿਗੁਰੂ ਜੀ ਨੇ ਹਾਲਾਤ ਨੂੰ ਮੁੱਖ ਰੱਖ ਕੇ ਲੁਧਿਆਣੇ ਵੱਲ ਚਾਲੇ ਪਾ ਦਿੱਤੇ।

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੂੰ ਵਿਰਸੇ ਵਿਚ ਕੀ ਮਿਲਿਆ? ਫ਼ੌਜੀ ਘੇਰੇ ਬੰਦੀਆਂ, ਤਲਾਸ਼ੀਆਂ, ਤਾਨੇਬਾਜ਼ੀਆਂ, ਪੁਲਿਸ ਚੌਕੀ, ਹਰਾਸੀ ਹੋਈ ਸਿਖੀ, ਸ਼ੰਕਿਆਂ ਤੇ ਦੁਸ਼ਮਣੀਆਂ ਭਰਿਆ ਭੈਣੀ ਸਾਹਿਬ, ਮੁਖਬਰਾਂ ਦੀਆਂ ਚਾਲਬਾਜ਼ੀਆਂ, ਨਿਗੂਣੀ ਕਿਸਮ ਦੇ ਬੰਦਿਆਂ ਤੋਂ ਬੇਇੱਜ਼ਤੀ, ਘਰ ਦੇ ਤੇ ਬਾਹਰ ਦੇ ਸਭ ਵੱਲੋਂ ਤੁਹਮਤ ਤਰਾਸ਼ੀਆਂ, ਇਸ ਕਾਸੇ ਦਾ ਪੂਰਾ ਅੰਦਾਜ਼ਾ ਸ੍ਰੀ ਮਹਾਰਾਜ ਓਦੋਂ ਕਰ ਸਕੇ ਜਦੋਂ ਇਹ ਨਿਸ਼ਚਿਤ ਪਤਾ ਲੱਗ ਗਿਆ ਕਿ ਗੁਰੂ ਜੀ ਨੂੰ ਪਰਯਾਗ ਦੇ ਕਿਲ੍ਹੇ ਵਿੱਚ ਭੇਜ ਦਿੱਤਾ ਹੈ ਤੇ ਅੱਗੇ ਕਿਤੇ ਦੂਰ ਲੈਜਾਣ ਦੀਆਂ ਤਿਆਰੀਆਂ ਹਨ।

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਜਿਸ ਗੁਰਸਿਖੀ ਨੂੰ ਆਨੰਦ ਦਾਇਨੀ, ਸ਼ੋਭਾ, ਮਾਣ ਵਡਿਆਈ ਤੇ ਕਾਮਧੇਨੂੰ ਦੇ ਰੂਪ ਵਿੱਚ ਜਾਣਿਆਂ ਵੇਖਿਆ ਹੋਇਆ ਸੀ, ਜਿਸ ਗੁਰਦੁਆਰੇ ਨੂੰ ਹਿਰਦਿਆਂ ਦਾ ਤਖ਼ਤ ਸੋਚਿਆ ਹੋਇਆ ਸੀ, ਉਹ ਉਸਤਰਿਆਂ ਦੀ ਮਾਲਾ ਦਿਸਣ ਲੱਗ ਪਿਆ।

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਤਦ ਤੱਕ ਤਾਂ ਅਸਲੋਂ ਚੁੱਪ ਅਤੇ ਅਸਲੋਂ ਹੀ ਅੰਤਰ ਮੁਖੀ ਹੋਏ ਰਹੇ ਜਦ ਤੱਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਵਿਖੇ ਨਿਵਾਸ ਸਥਾਨ ਦਾ ਪਤਾ ਨਹੀਂ ਲੱਗਾ। ਜਿਉਂ ਹੀ ਬਾਬਾ ਦਰਬਾਰਾ ਸਿੰਘ

ਜੀ ਰਾਹੀਂ ਪਹਿਲਾ ਹੁਕਮਨਾਮਾ ਆਇਆ ਤੇ ਬੁੱਧ ਸਿੰਘ ਜੀ ਦੀ ਜਗਹ ਸਤਿਗੁਰੂ ਜੀ ਨੇ ਹਰੀ ਸਿੰਘ ਨਾਮ ਬਖ਼ਸ਼ਿਆ ਤਿਉਂ ਹੀ ਸਤਿਗੁਰੂ ਹਰੀ ਸਿੰਘ ਜੀ ਨੇ, ਸਤਿਗੁਰੂ ਦੀ ਬਖ਼ਸ਼ੀ ਜੋਤ ਸਦਕਾ ਚਾਨਣ ਬਿਖੇਰਨਾ ਸ਼ੁਰੂ ਕਰ ਦਿੱਤਾ ਤੇ ਹਰ ਤਰ੍ਹਾਂ ਦੀਆਂ ਔਕੜਾਂ ਨਾਲ ਟਾਕਰਾ ਕਰਨ ਲਈ ਜੁਸਾ ਵਟ ਲਿਆ।

ਸ੍ਰੀ ਸਤਿੱਗੁਰੂ ਜੀ ਦਾ ਸੁਭਾਉ ਤਾਂ ਮੁੱਢੋਂ ਹੀ ਸ਼ੀਲਤਾ ਭਰਿਆ, ਖਿਮਾ, ਸ਼ੀਲ, ਸ਼ਾਂਤ ਤੇ ਗੰਭੀਰ ਸੀ ਪਰ ਨਵੀਆਂ ਹਾਲਤਾਂ ਅਤੇ ਕਠਿਨ ਜ਼ਿੰਮੇਂਵਾਰੀਆਂ ਨੇ ਇਨ੍ਹਾਂ ਗੁਣਾਂ ਵਿੱਚ ਸੁਚੇਤ ਵਾਧਾ ਕਰ ਦਿੱਤਾ।

ਬੂਹੇ ਅੱਗੇ ਪੁਲਸ ਦਾ ਪਹਿਰਾ, ਬਾਹਰ ਦਰਸ਼ਨ ਅਭਿਲਾਖੀ ਸਿੱਖਾਂ ਦੀਆਂ ਉਡੀਕ-ਟੁਕੜੀਆਂ, ਘਰ ਵਿੱਚ ਹੀ ਬਾਰਬਟਨ ਸੁਪਰਡੰਟ ਪੁਲਿਸ ਦੇ ਭੇਦੀਏ ਤੇ ਬੂਹੇ ਦੇ ਬਾਹਰਵਾਰ ਸੁਖੂ ਘੁਮੰਡਾ ਕਟਾਣੀ ਦਾ ਨੰਬਰਦਾਰ ਇੰਦਰ ਆਦਿ ਅਨੇਕਾਂ ਮੁਖ਼ਬਰ। ਰੋਜ਼ ਰੀਪੋਰਟਾਂ ਲੁਧਿਆਣੇ ਜਾਂਦੀਆਂ। ਮੁਖ਼ਬਰ ਤੇ ਪੁਲਿਸ ਇਹਨਾਂ ਦੇ ਖ਼ਿਲਾਫ਼ ਰੀਪੋਰਟਾਂ ਕਰਨ ਲਈ ਘੋੜੀਆਂ ਵੀ ਇਹਨਾਂ ਦੀਆਂ ਹੀ ਲਿਜਾਂਦੇ। ਡੇਰੇ ਦੇ ਅੰਦਰ ਮੁਕਾਇਮੀ ੨੧ ਸਿੰਘ ਰਹਿਣ ਦਿੱਤੇ ਸਣੇ ੧੧ ਅੰਗਹੀਣ ਤੇ ਬੁੱਢਿਆਂ ਠੇਰਿਆਂ ਦੇ। ਬਾਹਰੋਂ ਦਰਸ਼ਨ ਕਰਨ ਆਉਣ ਵਾਲਿਆਂ ਚੋਂ ਪੰਜਾਂ ਤੋਂ ਵੱਧ ਅੰਦਰ ਨਾ ਜਾਣ ਦਿੰਦੇ। ਪੁਲਿਸ ਵਾਲੇ ਵੱਢੀ ਵੀ ਲੈਂਦੇ ਦਬਕਾ ਵੀ ਰਖਦੇ। ੪ ਮਹੀਨੇ ਪਹਿਲਾਂ ਗਾਰਦ ਰਹੀ ਫੇਰ ਕੁਛ ਸਮਾਂ ਉਠ ਗਈ ਤਾਂ ਮੁਖ਼ਬਰਾਂ ਫੇਰ ਆਖ਼ਰ ਲੈ ਆਂਦੀ—ਲੁਧਿਆਣੇ ਜ਼ਿਲ੍ਹਾ ਅਧਿਕਾਰੀ ਪੁਲਿਸ ਅਫ਼ਸਰ ਨੂੰ ਇਕੋ ਗੱਲ ਬਾਰ-ਬਾਰ ਕਹਿਣ—ਇਹ ਉਹਦਾ ਹੀ ਭਰਾ ਹੈ, ਬੜਾ ਖ਼ਤਰਨਾਕ ਹੈ, ਚੋਰੀ ਅਖੰਡ ਪਾਠ ਤੇ ਪਾਠ ਕਰਦੇ ਨੇ,ਵੱਡੀਆਂ ਭੀੜਾਂ ਜੋੜਦੇ ਨੇ ਬਗ਼ਾਵਤ ਦੀਆਂ ਵਿਉਂਤਾਂ ਬਣਾਉਂਦੇ ਨੇ। ਲੋਕ ਉਹਨਾਂ ਜਿਹੀ ਹੀ ਇਨ੍ਹਾਂ ਦੀ ਮਾਨਤਾ ਕਰਦੇ ਨੇ। ਪੁਲਿਸ ਚੌਕੀ ਫੇਰ ਬੈਠ ਗਈ। ਪੁਲਿਸ ਅਧਿਕਾਰੀ ਚੌਕੀ ਵਿੱਚ ਲੱਭ ਕੇ ਜਾਬਰ ਕਿਸਮ ਦੇ ਮੁਸਲਮਾਨ ਲਾਉਂਦੇ ਤਾਂਕਿ ਵਿਰੋਧ ਪੱਕੀ ਤਰ੍ਹਾਂ ਬਣਿਆ ਰਹੇ।

ਓਧਰ ਮੁਖ਼ਬਰਾਂ ਤੇ ਪੁਲਿਸ ਦੇ ਜ਼ੋਰ ਦੇਣ 'ਤੇ ਸਖ਼ਤ ਹੁਕਮ ਹੋ ਗਏ। ਨਾਮਧਾਰੀ ਕਿਸੇ ਨਾਲ ਦੇ ਪਿੰਡ ਵੀ ਨਾ ਠਹਿਰਨ, ਨਾ ਰਾਤ ਕੱਟਣ। ਭੈਣੀ ਸਾਹਿਬ ਦੀ ਜੂਹ ਦੇ ਬਾਹਰ ਦਰਸ਼ਨਾਂ-ਪਿਆਸਿਆਂ ਦੇ ਡੇਰੇ ਲੱਗੇ ਰਹਿਣੇ। ਸਿੰਘ ਸਿੰਘਣੀਆਂ ਟਿੱਬਿਆਂ ਤੇ ਲੇਟ ਕੇ ਹੀ ਰਾਤਾਂ, ਝੱਖੜ ਤੇ ਬਰਸਾਤਾਂ ਕੱਢਦੇ। ਏਧਰ ਸਤਿਗੁਰੂ ਜੀ ਵੀ ਪਿਆਰੀਆਂ ਸੰਗਤਾ ਦੇ ਛਕਣ ਛਕਾਣ ਲਈ ਸੌ ਹੀਲੇ ਵਸੀਲਿਆਂ ਨਾਲ ਅੰਨ ਪਾਣੀ ਭੇਜਦੇ। ਬਹੁਤ ਸਮਾਂ ਐਸੀ ਦਸ਼ਾ ਰਹੀ ਕਿ ਸਵੇਰੇ ਪੁਲਿਸ ਦਾ ਰਾਜ ਤੇ ਰਾਤ ਨੂੰ ਸਿੰਘਾਂ ਦਾ ਰਾਜ। ਰਾਤ ਦੇ ਹਨ੍ਹੇਰੇ ਵਿੱਚ ਸਿੰਘ ਲੁਕ ਛਿਪ ਕੇ ਆਉਂਦੇ ਜਾਂਦੇ। ਉਨ੍ਹਾਂ ਲਈ ਪ੍ਰਸ਼ਾਦ ਪਾਣੀ ਲੰਗਰ ਦੀਆਂ ਦੀਵਾਰਾਂ ਟਪਾਕੇ ਥਾਂ ਸਿਰ ਪੁਚਾਇਆ ਜਾਂਦਾ। ਇਕ ਸੰਤ ਹਜ਼ਾਰਾ ਸਿੰਘ ਜੀ ਅੰਮ੍ਰਿਤਸਰ ਦੇ ਮਹੰਤ ਏਨੇ ਦਲੇਰ ਤੇ ਹੁਸ਼ਿਆਰ ਸਨ ਕਿ ਉਹ ਰੋਜ਼ ਰਾਤ ਨੂੰ ਲੋੜੀਂਦਾ ਅੰਨ-ਜਲ ਬਾਹਰ ਅਪੜਾ ਆਉਂਦੇ। ਪੁਲਿਸ ਵਾਲੇ ਵੀ ਟੋਹ ਰਖਦੇ ਪਰ ਸੰਤ ਜੀ ਹਮੇਸ਼ਾ ਹੀ ਦਾਅ ਲਾ ਜਾਂਦੇ। ਇਕੇਰਾਂ ਹਜ਼ਾਰਾ ਸਿੰਘ ਜੀ ਕੰਧ ਤੋਂ ਉੱਤਰ ਰਹੇ ਸਨ ਕਿ ਪੁਲਸੀਏ ਨੇ ਪੈਰ ਫੜ ਲਏ। ਸੰਤ ਜੀ ਦੁਬਾਰਾ ਕੰਧ ਤੋਂ ਛੱਤ 'ਤੇ ਚੜ੍ਹ ਗਏ ਤੇ ਜ਼ੋਰ ਦੀ ਪੈਰ ਝਟਕੇ। ਸਿਪਾਹੀ ਬੁਰੀ ਤਰ੍ਹਾਂ ਡਿੱਗਿਆ। ਅਗਲੇ ਦਿਨ ਹਜ਼ਾਰਾ ਸਿੰਘ ਜੀ ਲੁਧਿਆਣੇ ਬੁਲਾਏ ਗਏ। ਕੁਝ ਸਮਾਂ ਕੈਦ ਰੱਖ ਕੇ, ਨਸੀਹਤਾਂ ਦੇ ਕੇ ਛੱਡੇ ਕਿ ਭੈਣੀ ਮੁੜ ਕੇ ਨਹੀਂ ਜਾਣਾ, ਪਰ ਪ੍ਰੇਮੀ ਕਦੋਂ ਮੁੜਦੇ ਨੇ। ਉਹ ਰਾਤੋ ਰਾਤ ਫੇਰ ਓਸੇ ਸੇਵਾ ਤੇ ਆ ਲੱਗੇ।

ਸਤਿਗੁਰੂ ਜੀ ਦੇ ਪਰਤਾਪ ਨਾਲ ਕੁਛ ਸਮੇਂ ਬਾਅਦ ਬਿਨਾਂ ਸਰਕਾਰੀ ਕਾਗਜ਼ਾਂ ਵਿੱਚ ਦਰਜ ਹੋਣ ਤੋਂ ੩੫ ਕੁ ਸਿੰਘ ਹੋਰ ਡੇਰੇ ਅੰਦਰ ਰਹਿਣ ਲੱਗੇ, ਜੋ ਰਾਤੀਂ ਹੀ ਬਾਹਰ ਅੰਦਰ ਜਾਂਦੇ। ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਅਨੁਸਾਰ ਖੁਫ਼ੀਆ ਪਾਠ ਤੇ ਅਖੰਡ ਪਾਠ ਵੀ ਹੋਣ ਲੱਗ ਪਏ।

ਗੱਲ ਕੀ, ਗੁਰੂ ਹਰੀ ਸਿੰਘ ਜੀ ਨੂੰ ਜਦੋਂ ਡੇਰੇ ਦਾ ਪ੍ਰਬੰਧ ਮਿਲਿਆ ਓਦੋਂ ਸੁੱਖ ਵਾਲੀ ਗੱਲ ਨਹੀਂ ਸੀ ਸਗੋਂ ਦੁੱਖ ਦੀਆਂ ਪੰਡਾਂ ਖੁੱਲੀਆਂ ਹੋਈਆਂ ਸਨ। ਲੰਗਰ ਦੀ ਚਿੰਤਾ ਕਰਦਿਆਂ ਹੀ ਆਪ ਜੀ ਬਹੁਤ ਪਰੇਸ਼ਾਨ ਰਹਿੰਦੇ। ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਇਕ ਦਿਨ ਬਚਨ ਕੀਤਾ—

"ਜਾਂ ਗੁਰੂ ਜੀ ਚਲੇ ਗਏ ਤਾਂ ਮੈਂ ਬਾਹਰ ਜਾ ਕੇ ਧਾਹੀਂ ਮਾਰ ਕੇ ਰੋਣਾ। ਜਿਹੜਾ ਪੰਜ ਹਜ਼ਾਰ ਰੁਪਈਆ ਜਮ੍ਹਾਂ ਕਰ ਗਏ ਸੋ ਭੀ ਵਰਤਿਆ ਗਿਆ ਸੀ ਤਾਂ ਸੋਚ ਹੋਈ ਕਿ ਕਿਵੇਂ ਹੋਵੇਗੀ ਖ਼ਰਚ ਬਹੁਤ ਹੈ। ਇਕ ਦਿਨ ਬਾਹਰ ਜਾ ਕੇ ਬੜਾ ਵੈਰਾਗ ਕੀਤਾ ਜਾਂ ਘਰ ਨੂੰ ਆਉਣ ਲੱਗੇ ਤਾਂ ਸਤਿਗੁਰੂ ਜੀ ਪ੍ਰਗਟ ਦਰਸ਼ਨ ਦਿੱਤੇ ਬਚਨ ਕੀਤਾ—ਭਾਈ ਹਰੀ ਸਿੰਘ ਤੂੰ ਉਦਾਸ ਕਿਉਂ ਹੋਇਆਂ ਹੈਂ? ਮੈਂ ਤੇਰੇ ਪਾਸ ਹਾਂ। ਗਿਆ ਨਹੀਂ ਹਾਂ। ਲੰਗਰ ਤੋਰ ਚਿੰਤਾ ਨਾ ਕਰ। ਉਸ ਵਕਤ ਥੀਂ ਸਾਡੀ ਚਿੰਤਾ ਦੂਰ ਹੋ ਗਈ।

[ਹਸਤ ਲਿਖਤ ਸਤਿਗੁਰੂ ਬਿਲਾਸ]

ਅਜਿਹੀ ਮਾਨਸਿਕ ਦਸ਼ਾ ਦਾ ਇਸ ਦਿਨ ਤੋਂ ਉੱਕਾ ਹੀ ਭੋਗ ਪੈ ਗਿਆ ਸੀ। ਫਿਰ ਸਤਿਗੁਰੂ ਜੀ ਨੇ ਬਾਹਰ ਦੇ ਇਲਾਕਿਆਂ ਅਤੇ ਪਰਦੇਸ਼ਾਂ ਨਾਲ ਤਾਂ ਆਪਣਾ ਤਾਲਮੇਲ ਰੱਖਿਆ ਹੀ ਵਿਦੇਸ਼ਾਂ ਨਾਲ ਸੰਬੰਧ ਸਥਾਪਤ ਕਰ ਲਏ ਤੇ ਹਰ ਖੇਤਰ ਵਿੱਚ ਅੰਗਰੇਜ਼ ਦੀ ਅੱਖੀਂ ਘੱਟਾ ਪਾਇਆ।

ਏਧਰ ਭੈਣੀ ਸਾਹਿਬ ਵਿੱਚ ਵੀ ਸਾਰੀਆਂ ਮੁਸ਼ਕਲਾਂ 'ਤੇ ਕਾਬੂ ਪਾਉਣਾ ਸ਼ੁਰੂ ਕਰ ਦਿੱਤਾ। ਡੇਰੇ ਦੇ ਪ੍ਰਬੰਧਕਾਂ ਨੇ ਸਤਿਗੁਰੂ ਜੀ ਦੀ ਇਤਲਾਹ ਤੋਂ ਬਿਨਾਂ ਹੀ ਪੁਲਸੀਆਂ ਨਾਲ ਲੈਣ ਦੇਣ ਕਰ ਲਿਆ ਤਾਕਿ ਉਹ ਸਿੱਖ ਸਾਧ ਆਏ ਨੂੰ ਪਰੇਸ਼ਾਨ ਨਾ ਕਰਿਆ ਕਰਨ। ਬਿਕਰਮੀ ਸੰਮਤ ੧੯੫੪ ਤੱਕ ਪੁਲਿਸ ਵਾਲੇ ਰੋਜ਼ ਦੋ ਪਲੇ ਤੇਲ ਲੈਂਦੇ ਤੇ ਲੰਗਰ ਪਾਣੀ ਵੱਖ ਖਾਂਦੇ। ਪਾਥੀਆਂ ਲੱਕੜਾਂ ਤੇ ਹੋਰ ਬਾਲਣ ਵੀ ਜੋੜਦੇ ਰਹਿੰਦੇ, ਬਦਲੀ ਸਮੇਂ ਘਰਾਂ ਨੂੰ ਲੈ ਜਾਂਦੇ।

ਗੋਰਾ ਬਾਰ ਬਟਨ ਦੁਆਲੇ ਦੇ ਨਗਰਾਂ ਤੇ ਖ਼ਾਸ ਸਖ਼ਤੀ ਕਰਦਾ ਕਰਵਾਉਂਦਾ ਰਹਿੰਦਾ ਤੇ ਭੈਣੀ ਸਾਹਿਬ ਵੀ ਹਰ ਛਿਮਾਹੀ ਸਿਪਾਹੀ ਤੇ ਹਵਾਲਦਾਰ ਬਦਲਦਾ ਰਹਿੰਦਾ। ਅੜਬ ਤੋਂ ਅੜਬ ਤੇ ਬੁਰੇ ਤੋਂ ਬੁਰਾ ਬੰਦਾ ਏਥੇ ਭੇਜਿਆ ਜਾਂਦਾ ਪਰ ਕੁਛ ਸਮੇਂ ਬਾਅਦ ਪ੍ਰਬੰਧਕ ਉਨ੍ਹਾਂ ਨੂੰ ਸਾਧ ਲੈਂਦੇ।

'ਤੇਲ ਤਮਾ ਜਾ ਕੋ ਮਿਲੇ ਤੁਰਤ ਨਰਮ ਹੋ ਜਾਇ'

ਇਹ ਗੁਰ ਵਰਤਣ ਲਈ ਡੇਰੇ ਵਾਲੇ ਮਜਬੂਰ ਹੋ ਗਏ ਸਨ।

ਬਿਨਾਂ ਬਾਬਾ ਲਹਿਣਾ ਸਿੰਘ ਜੀ ਤੇ ਖੇਮੇ ਕੇ ਪਰਿਵਾਰ ਤੋਂ, ਕਰੀਬ ਕਰੀਬ ਸਾਰੇ ਨਗਰ ਵਾਸੀ ਨਾਮਧਾਰੀਆਂ, ਇਨ੍ਹਾਂ ਦੇ ਡੇਰੇ ਤੇ ਕੇਂਦਰ-ਸ਼ਰੋਮਣੀ ਸਤਿਗੁਰੂ ਹਰੀ ਸਿੰਘ ਜੀ ਬਾਬਤ ਭੈੜਾ ਹੀ ਸੋਚਦੇ ਰਹੇ। ਇਸ ਸਭ ਕਾਸੇ ਦੇ ਬਾਵਜੂਦ ਟੁੱਟੀ ਗੰਢਣ ਵਾਲੇ ਤੇ ਹਰੀ ਰੱਖਣ ਵਾਲੇ ਸਤਿਗੁਰੂ ਹਰੀ ਸਿੰਘ ਜੀ ਨੇ, ਇੰਹਦੇ ਪੰਥ, ਤੇ ਇਹਦੇ ਡੇਰੇ ਨੇ ਤਰੱਕੀ ਕੀਤੀ।

ਮੁਸ਼ਕਲ ਦਾ ਟਾਕਰਾ ਕਰਨ ਵਾਲੇ

ਖ਼ਾਲਸਾ ਰਾਜ ਦੀ ਫ਼ੌਜ ਵਿੱਚ ਨੌਕਰੀ ਕਰ ਕੇ ਪਰਪੱਕ ਹੋਏ ਬਾਬਾ ਦਰਬਾਰਾ ਸਿੰਘ ਜੀ ਰਾਏ ਪੁਰੀ ਗਰੇਵਾਲ ਗੋਤ ਦੇ ਸ੍ਰੀ ਸਤਿਗੁਰੂ ਜੀ ਦੇ ਪ੍ਰਦੇਸ ਗਵਨ ਬਾਅਦ ਛੇਤੀ ਹੀ ਭੈਣੀ ਸਾਹਿਬ ਡੇਰੇ ਵਿਖੇ ਆ ਟਿਕੇ। ਇਹ ਹਰ ਤਰ੍ਹਾਂ ਸੁਘੜ ਪੁਰਸ਼ ਸਨ। ਸੁਭਾਉ ਜ਼ਰਾ ਸਖ਼ਤ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਰੰਗੂਨ ਤੋਂ ਲਿਖ ਭੇਜਿਆ ਸੀ—'ਹੁਣ ਪਿੱਛੇ ਵਾਲਾ ਕਰੜਾ ਸੁਭਾਉ ਨਹੀਂ ਰੱਖਣਾ।' ਸਤਿਗੁਰੂ ਹਰੀ ਸਿੰਘ ਜੀ ਨੇ ਏਨ੍ਹਾਂ ਨੂੰ ਯੋਗ ਸਮਝ ਕੇ ਸਰਕਾਰੇ ਦਰਬਾਰੇ ਜਾਣ ਲਈ ਮੁਕੱਰਰ ਕਰ ਦਿੱਤਾ। ਆਪ ਜੀ ਆਪਣੀ ਭਜਨ ਬੰਦਗੀ ਦੇ ਪ੍ਰਤਾਪ ਸਦਕਾ ਵੀ ਮਹਾਨ ਸਨ। ਭਜਨ ਦੱਸਣ ਦੀ ਡਿਊਟੀ ਵੀ ਇਨ੍ਹਾਂ ਦੀ ਹੀ ਲਗਾਈ ਗਈ। ਮਹੰਤ ਦਾਨ ਸਿੰਘ ਜੀ (ਪਿੰਡ ਗਗਨਪੁਰ ਇਲਾਕਾ ਸੰਗਰੂਰ) ਨੂੰ ਵੀ ਬਾਬਾ ਜੀ ਨਾਲ ਟਿੱਕਿਆ ਗਿਆ, ਏਹ ਮੁਖਤਾਰਿ ਆਮ ਸਨ।

(੩) ਮਹੰਤ ਗੁਰਦਿੱਤ ਸਿੰਘ ਜੀ (ਟਾਂਕ ਛਤਰੀ, ਮੋਰੋਂ ਜਿ: ਜਲੰਧਰ) ਗਡਿਆਂ ਆਦਿ ਦੀ ਸੇਵਾ ਤੇ ਸਨ।

(੪) ਬਾਬਾ ਰਾਘੋ ਸਿੰਘ ਜੀ ਲਾਂਗਰੀ

(੫) ਸੰਤ ਨਾਰਾਇਣ ਸਿੰਘ ਜੀ ਸਿਆਹੜ ਵਾਲੇ (ਖੱਤਰੀ)

(੬) ਬਾਬਾ ਸਦਾ ਸਿੰਘ ਜੀ ਛੂਤੀਏ (ਦਰਜ਼ੀ)

(੭) ਸੰਤ ਉਤਮ ਸਿੰਘ ਜੀ ਰਾਇਸਰੀ।

(੮) ਸੰਤ ਮਸਤਾਨ ਸਿੰਘ ਜੀ (ਪਿੰਡ ਪਮਾਲ ਜਿ: ਲੁਧਿਆਣਾ ਦਾ ਜਨਮ)

(੯) ਸੰਤ ਹਜ਼ਾਰਾ ਸਿੰਘ ਜੀ

(੧੦) ਸੰਤ ਰਾਗਾ ਸਿੰਘ ਜੀ ਸਤਿਗੁਰੂ ਜੀ ਦੇ ਹਜ਼ੂਰੀਏ।

(੧੧) ਮੱਲਾ ਸਿੰਘ, ਹਰਨਾਮ ਸਿੰਘ ਜੀ ਪਿੰਡ ਭੈਣੀ ਸਾਹਿਬ ਦੇ ਹੋਣ ਕਰਕੇ ਕਈ ਢੰਗਾਂ ਨਾਲ ਪ੍ਰਸ਼ਾਦ ਪਾਣੀ ਬਾਹਰ ਲੈ ਜਾ ਕੇ ਸਿੱਖਾਂ ਨੂੰ ਛਕਾਂਦੇ

(੧੨) ਬਾਬਾ ਨੱਥਾ ਸਿੰਘ ਜੀ ਮਜ਼ਹਬੀ ਲੰਗਰ ਲਈ ਲੱਕੜ ਬਾਲਣ ਦਾ ਪ੍ਰਬੰਧ ਕਰਦੇ, ਅੱਕ ਵਗੈਰਾ ਪੁੱਟ ਕੇ ਲਿਆਉਂਦੇ।

(੧੩) ਆਪ ਨਾਲ ਵਾਂ ਬੁੱਢਾ ਸਿੰਘ ਕੇ ਸੰਤੋਖ ਸਿੰਘ ਜੀ ਵੀ ਮਦਦ ਕਰਦੇ।

(੧੪) ਮਹੰਤ ਮਾਘਾ ਸਿੰਘ ਜੀ, ਆਟਾ ਪੀਹ ਪੀਹ ਲੰਗਰ ਪਕਾਂਦੇ ਛਕਾਂਦੇ (ਬਾਹਰ ਰੁਕੇ ਦਰਸ਼ਨ ਪਰੇਮੀਆਂ ਨੂੰ)

ਹੇਠ ਲਿਖੇ ਸਿੰਘ ਖ਼ੁਫ਼ੀਆ ਅਖੰਡ ਪਾਠ ਜਾਂ ਸਾਧਾਰਨ ਪਾਠ ਕਰਦੇ :

(੧੫) ਸਤਿਗੁਰੂ ਜੀ ਦੇ ਦੂਹਤੇ ਭਾਈ ਬਸੰਤ ਸਿੰਘ ਜੀ

(੧੬) ਸਿਆਹੜ ਦੇ ਬੀਰ ਸਿੰਘ ਜੀ

(੧੭) ਗੁਰੂ ਹਰੀ ਸਿੰਘ ਜੀ ਦੇ ਦੂਹਤੇ ਨਰੈਣ ਸਿੰਘ ਜੀ

(੧੮) ਗੁਮਟੀ ਵਾਲੇ ਪਨਾ ਸਿੰਘ ਜੀ।

(੧੯) ਭੁੰਮਾਬਦੀ ਦੇ ਸੰਤ ਹਰਨਾਮ ਸਿੰਘ ਜੀ।

(੨੦) ਮੁੰਡੀਆਂ ਦੇ ਹੀਰਾ ਸਿੰਘ ਜੀ।

(੨੧) ਬਿਲਗਾ ਜਿ: ਜਲੰਧਰ ਦੇ ਘਨੱਈਆ ਸਿੰਘ ਜੀ ਇਹਨਾਂ ਨਾਲ ਮੌਰ ਦੇ ਮਹੰਤ ਗੁਰਦਿੱਤ ਸਿੰਘ ਜੀ ਵੀ ਮਦਦ ਕਰਦੇ!

(੨੨) ਮਾਤਾ ਜੀਉਣ ਕੌਰ ਜੀ।

(੨੩) ਮਾਤਾ ਫਤਹ ਕੌਰ ਜੀ।

(੨੪) ਮਾਤਾ ਸਾਹਿਬ ਜੀ।

(੨੫) ਮਾਈ ਉਤਮੀ (ਚੱਕ ਦੇਸ ਰਾਜ ਜਿ: ਜਲੰਧਰ) ਇਹ ਮਾਤਾ ਜੀ ਮੁਹਾਰਾਜਾ ਰਣਜੀਤ ਸਿੰਘ ਦੇ ਸੇਵਕਾਂ ਵਿੱਚੋਂ ਸਨ। ਸੁਤਿਗੁਰੂ ਜੀ ਦੇ ਜੋੜਿਆਂ ਦੀ ਸੇਵਾ ਕਰਦੇ।

(੨੬) ਬੀਬੀ ਨੰਦਾਂ ਜੀ।

(੨੭) ਭਾਈ ਭਾਗਣ (ਅਟਾਰੀ ਜਿ: ਲਾਹੌਰ) ਤੋਂ ਅੱਖਾਂ ਤੋਂ ਹੀਣੇ ਹੋ ਗਏ ਸਨ ਅਤੇ ਲੰਗਰ ਵਿੱਚ ਹੀ ਰਿਹਾ ਕਰਦੇ, ਜੋ ਬਣ ਆਵੇ ਸੇਵਾ ਕਰਦੇ।

(੨੮) ਮਾਈ ਹੁਕਮੀ ਜੀ ਵਰਿਆਂਹਾਂ ਵਾਲੇ

(੨੯) ਮਾਈ ਗੁਰਦੇਈ (ਖੰਨਾ ਜਿ: ਲੁਧਿਆਣਾ)

ਇਹ ਕੁਛ ਉਨ੍ਹਾ ਸਰੀਰਾਂ ਦੇ ਨਾਮ ਹਨ ਜੋ ਸ੍ਰੀ ਗੁਰੂ ਹਰੀ ਸਿੰਘ ਜੀ ਮਹਾਰਾਜ ਨਾਲ ਕ੍ਰੀਬ ੩੫ ਸਾਲ ਮੁਸਤਕਿਲ ਤੌਰ ਤੇ ਗੁਰਦੁਆਰੇ ਵਿੱਚ ਰਹੇ। ਜਿਉਂ-ਜਿਉਂ ਸਤਿਗੁਰੂ ਜੀ ਦੇ ਪ੍ਰਤਾਪ ਸੂਰਜ ਦੀਆਂ ਕਿਰਨਾਂ ਜ਼ੋਰਾਵਰ ਹੁੰਦੀਆਂ ਗਈਆਂ ਤਿਉਂ ਤਿਉਂ ਸਿੱਖਾਂ ਸਾਧਾਂ ਦੀ ਸੰਖਿਆ ਵਧਦੀ ਗਈ, ਜੋ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਦੇ ਪ੍ਰਕਾਸ਼ ਤੱਕ ਕਾਫ਼ੀ ਤਕੜੀ ਤਾਦਾਦ ਵਿੱਚ ਹੋ ਗਈ ਤੇ ਇਹਨਾਂ ਦੇ ਆਗਮਨ ਨਾਲ ਸਰਕਾਰੀ ਪਾਬੰਦੀਆਂ ਵਿੱਚ ਨਰਮਾਈ ਵੀ ਆ ਗਈ।

ਨਵੀਂ ਉਸਾਰੀ

ਜਿਵੇਂ ਕਿ ਪਾਠਕ ਜਾਣਦੇ ਹੀ ਹਨ, ਸ੍ਰੀ ਸਤਿਗੁਰੂ ਜੀ ਨੇ ਹਲੀਮ ਰਵੱਈਏ ਨਾਲ ਹਰ ਮੁਸ਼ਕਲ ਤੇ ਸਹਿਜੇ ਸਹਿਜੇ ਕਾਬੂ ਪਾ ਲਿਆ। ਇਸ ਹੀ, ਜਿਵੇਂ ਭੈਣੀ ਸਾਹਿਬ ਤੋਂ ਬਾਹਰ, ਜਾਣ ਦੀ ਮਹੀਨੇ ਦੇ ਮਹੀਨੇ ਦੀ ਛੁੱਟੀ ਮਿਲਣ ਤੇ ਮਨੂਆ ਰਹਾਂ ਨੂੰ ਦੀਨ ਦਿਆਲ ਜੀ ਨੇ ਸੁਰਜੀਤ ਕਰਕੇ ਟੁੱਟੀ-ਗੰਢੀ ਤੇ ਸੁੱਕੀ ਹਰੀ ਕੀਤੀ ਤਿਵੇਂ ਸ੍ਰੀ ਭੈਣੀ ਸਾਹਿਬ ਦੀ ਸਥਾਨਕ ਵੱਸੋਂ ਵਿੱਚ ਵੀ ਆਪ ਦੇ ਪਿਆਰ ਸਤਿਕਾਰ ਦਾ ਪ੍ਰਭਾਵ ਪੈਣ ਲੱਗਾ, ਪਰੰਤੂ ਈਰਖਾ ਭਰੇ ਹਿਰਦਿਆਂ ਤੋਂ ਪੁਰਾਣੀ ਭੈਣੀ ਸਾਹਿਬ ਦੀ ਫਿਕਰ ਰਹਿੰਦਾ ? ਅਜਿਹੇ ਲੋਕਾਂ ਦੀ ਪਰਵਾਹ ਨਾ ਕਰਦੇ ਹੋਏ ਸ੍ਰੀ ਸਤਿਗੁਰੂ ਜੀ ਨੇ ਕੁਝ ਨਵੀਆਂ ਉਸਾਰੀਆਂ ਦੀ ਤਜਵੀਜ਼ ਬਣਾ ਲਈ।

ਲੰਗਰ ਵੱਲ ਨੂੰ ਜਾਂਦਿਆ ਸੱਜੇ ਹੱਥ ਵਾਲੀਆਂ ਕੋਠੜੀਆਂ ਵਿੱਚ ਤਾਂ ਬੀਬੀ ਨੰਦਾਂ ਦੇ ਸਪੁੱਤਰਾਂ ਲਈ ਕਮਰੇ ਸਨ, ਪਰ ਸਾਧ ਸੰਗਤ ਤੇ ਡੇਰੇ ਦੇ ਵਿਸਥਾਰ ਲਈ ਜਗਹ ਹੋਰ ਵੀ ਦਰਕਾਰ ਸੀ। ਸੋ ਦੀਨ ਦਿਆਲ ਜੀ ਨੇ ਉਸ ਰਾਮਸਰ ਦੀ ਕਾਰ ਦਾ ਪ੍ਰਬੰਧ ਕਰਕੇ ਉਸ ਦੀ ਮਹਾਨਤਾ ਨੂੰ ਪ੍ਰਗਟ ਕੀਤਾ ਜੋ ਅਜੇ ਕੁੱਪਾਂ ਵਾਲੇ ਛੱਪੜ ਦੀ ਹਾਲਤ ਵਿੱਚ ਹੀ ਸੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਤਾਂ ਸ਼ੁਰੂ ਤੋਂ ਹੀ ਇਸ ਟੋਭੇ ਨੂੰ ਆਪਣੀ ਮਿਹਰ ਨਾਲ ਨਿਵਾਜ ਲਿਆ ਏਸ ਦੇ ਗਿਰਦ ਦੂਰ ਦੂਰ ਤਕ ਪਿੱਪਲ ਬੋਹੜ ਤੇ ਦਰਖ਼ਤ ਲਗਾ ਦਿੱਤੇ ਸਨ, ਆਪ ਪਾਣੀ ਪਾ ਕੇ ਇਨ੍ਹਾਂ ਨੂੰ ਬੱਚਿਆਂ ਵਾਂਗ ਪਾਲਦੇ। ਪਰ ਜਿਨ੍ਹਾਂ ਹਾਲਤਾਂ ਦਾ ਗੁਰੂ ਹਰੀ ਸਿੰਘ ਜੀ ਨੂੰ ਸਾਹਮਣਾ ਕਰਨਾ ਪਿਆ ਸੀ, ਉਹਦੇ ਰੂਬਰੂ ਰਾਮ ਸਰੋਵਰ ਵੀ ਅਪੁਛਿਆ ਪਿਆ ਸੀ—ਭਾਵੇਂ ਦਰਸ਼ਨ ਪਰੇਮੀ ਚੋਰੀ ਛੁਪੇ ਸ਼ਨਾਨ ਕਰਕੇ ਤਨ-ਮਨ ਦੀ ਭਾਵਨੀਆਂ ਪੂਰੀਆਂ ਕਰਦੇ।

ਪਰੰਤੂ ਜਿਉਂ ਹੀ ੧੯੪੪ ਬਿ: ਵਿੱਚ ਸ੍ਰੀ ਮਾਤਾ ਜੀਉਣ ਕੌਰ ਜੀ ਤੇ ਮਾਤਾ ਫਤਹ ਕੌਰ ਜੀ ਬਰਾਜ ਵਾਲੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਘਰ ਮਹਿਲ ਬਣ ਕੇ ਆਏ ਤਿਉਂ ਹੀ ਭੈਣੀ ਸਾਹਿਬ ਗੁਰਦੁਆਰੇ ਵਿੱਚ ਕੁਝ ਸਪੱਸ਼ਟ ਤਬਦੀਲੀਆਂ ਵਾਪਰਨ ਲੱਗ ਪਈਆਂ।

੧੯੪੬ ਬਿਕਰਮੀ ਚੇਤਵਦੀ ਤੀਜ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜਦੋਂ ਭੈਣੀ ਸਾਹਿਬ ਦੇ ਵਾਯੂਮੰਡਲ ਤੇ ਪਹਿਲੀ ਮੁਸਕਾਨ ਸੁੱਟੀ ਤਾਂ ਬਰਸਾਤ ਵਿੱਚ ਅਚਾਨਕ ਚਮਕ ਉਠਦੇ ਸੂਰਜ ਦੇ ਪ੍ਰਕਾਸ਼ ਵਾਂਗ ਏਥੋਂ ਦੇ ਹਾਲਾਤ, ਨੇ ਰੰਗ ਬਦਲ ਲਏ! ੭੦ ਸਾਲ ਦੀ ਉਮਰ ਵਿੱਚ ਸਤਿਗੁਰੂ ਜੀ ਨੇ ਪੁੱਤਰ ਮੁੱਖ ਦੇ ਦਰਸ਼ਨ ਕੀਤੇ ਸਨ ਤੇ ਘਰ ਦੇ ਵਾਰਸ ਨੂੰ ਆ ਗਿਆ ਜਾਣ ਤਸੱਲੀ ਭਰੀ ਖ਼ੁਸ਼ੀ ਅਨੁਭਵ ਕੀਤੀ ਸੀ। ਫੇਰ ਸ੍ਰੀ ਮਹਾਰਾਜ ਨਿਹਾਲ ਸਿੰਘ ਜੀ ਦੇ ਜਨਮ (੧੯੪੯ ਕੱਤਕ ਵਦੀ ੧੦) ਦੀ ਪਰਮ ਅਨੰਦੀ ਖ਼ਬਰ ਸਤਿਗੁਰੂ ਜੀ ਨੂੰ ਦੌਰੇ ਵਿੱਚ ਹੀ ਮਿਲੀ।

ਹੁਣ ਸ੍ਰੀ ਸਤਿਗੁਰੂ ਜੀ ਨੇ ਰਾਮਸਰੋਵਰ ਵੱਲ ਤਵੱਜੋ ਕੀਤੀ। ਇਹਦੇ ਨਜ਼ਦੀਕ ੮-੯ ਕਿੱਲੇ ਜ਼ਮੀਨ ਪ੍ਰਾਪਤ ਕਰ ਲਈ। ਇਕ ਹਿੱਸੇ ਵਿੱਚ ਬਾਗ਼ ਲਾ ਲਿਆ। ੧੯੫੩ ਬਿ: ਦੇ ਸਾਲ ਰਾਮਸਰ ਦੇ ਨਜ਼ਦੀਕ, ਬਾਗ ਵਿੱਚ ਉਹ ਕੋਠੀ ਪਾਈ ਜੋ ਅੱਜ ਵਰਨੀਆਂ ਕਰਨ ਲਈ ਵਰਤੀ ਜਾ ਰਹੀ ਹੈ, ਪਰ

ਜਿਸ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬਹੁਤ ਲੰਮਾ ਸਮਾਂ ਨਿਵਾਸ ਰੱਖ ਕੇ ਨਿਵਾਜਿਆ। ਸਾਧ ਸੰਗਤ ਨੇ ਪਿਆਰ ਨਾਲ ਏਸ ਜਗਹ ਨੂੰ ਹਰੀ ਮੰਦਰ ਆਖਣਾ। ਏਥੇ ਹੀ ਨਿਮਾਣੀ ਦਾ ਇਕ ਤਕੜਾ ਮੇਲਾ ਕੀਤਾ ਗਿਆ, ਜਿਸ ਵਿੱਚ ੨੧ ਭੋਗ ਗਰੰਥ ਸਾਹਿਬ ਦੇ ਪਾ ਕੇ ੨੨ ਮਣ ਦੇਸੀ ਘਿਉ ਦਾ ਕੜਾਹ ਪ੍ਰਸ਼ਾਦ ਵੰਡ ਵਰਤਾ ਕੇ ਦੂਰ ਨੇੜੇ ਧੁੰਮਾਂ ਪਾ ਦਿੱਤੀਆਂ, ਨਵੀਆਂ ਆਸਾਂ ਉਮੀਦਾਂ ਦੀਆਂ।

ਅਗਲੇ ਸਾਲ (੧੯੫੪) ਰਾਮ ਸਰੋਵਰ ਦੀ ਕਾਰ ਕੱਢਣ ਦਾ ਐਲਾਨ ਕਰਕੇ ਸ੍ਰੀ ਸਤਿਗੁਰੂ ਜੀ ਨੇ ਸਾਧ ਸੰਗਤ ਨਾਲ ੮ ਦਿਨ ਤੱਕ ਲਗਾਤਾਰ ਕਾਰ ਸੇਵਾ ਕੀਤੀ। ਸ੍ਰੀ ਮਾਤਾ ਜੀਉਣ ਕੌਰ ਜੀ ਮਾਤਾ ਫਤਹ ਕੌਰ ਜੀ ਤੇ ਬਾਲ-ਪ੍ਰਤਾਪੀ ਗੁਰੂ ਜੀ ਨੇ ਵੀ ਚਾਓ ਨਾਲ ਕਾਰ ਸੇਵਾ ਆਪ ਕੀਤੀ। ਤੇ ਸਤਿਗੁਰੂ ਹਰੀ ਸਿੰਘ ਜੀ ਨੇ ਸਾਧ ਸੰਗਤ ਨੂੰ ਏਸ ਤਾਲਾਬ ਦੀ ਪੁਰਾਤਨ ਤੇ ਨਵੀਨ ਮਹਾਨਤਾ ਤੋਂ ਜਾਣੂੰ ਕਰਵਾਇਆ। ਏਸੇ ਸਾਲ ਸ੍ਰੀ ਮਹਾਰਾਜ ਗੁਰਦਿਆਲ ਸਿੰਘ ਜੀ ਦਾ ਜਨਮ ਹੋਇਆ।

੫੬ ਦਾ ਕਾਲ ਭਾਵੇਂ ਭਾਰਤ ਦੇ ਕਈ ਹਿੱਸਿਆਂ ਵਿੱਚ ੧੯੫੩ ਤੋਂ ਹੀ ਜਾਰੀ ਸੀ ਪਰ ਇਸ ਦਾ ਜ਼ੋਰ ੧੯੫੬ ਵਿੱਚ ਹੀ ਪਿਆ ਜਦੋਂ ਸ੍ਰੀ ਭੈਣੀ ਸਾਹਿਬ ਦੇ ਮਹਾਨ ਲੰਗਰ ਨੇ ਦੀਨ ਦੁਖੀ ਤੇ ਭੁੱਖੇ ਤਿਹਾਏ ਦੀ ਸੇਵਾ ਕਰਕੇ ਗੁਰੂ-ਜਸ ਨੂੰ ਦੂਰ ਦੂਰ ਤੱਕ ਫੈਲਾਇਆ। ਏਧਰ ਏਸ ਸਾਲ ਤੱਕ ਰਾਮਸਰ ਵਿੱਚ ੩੫-੩੬ ਘਰਾਂ ਨੇ ਵਸੋਂ ਲੈ ਆਂਦੀ। ਕੁਝ ਘਰ ਪਿੰਡ ਦੇ ਦਰਜ਼ੀਆਂ, ਤਰਖਾਣਾਂ ਤੇ ਹੋਰ ਪਰੇਮੀਆਂ ਬਣਾ ਲਏ। ਪਹਿਲਾਂ ਏਥੇ ਛੰਨਾਂ ਛਪਰੀਆਂ ਵਿੱਚ ਕੁਝ ਲੋਕ ਰਹਿੰਦੇ ਸਨ। ਪਰ ਹੁਣ ਤੱਕ ਲੋਕਾਂ ਕੋਠੇ ਮੁਠਲੇ ਛੱਤ ਲਏ ਸਨ। ਬਾਗ ਵਿੱਚ ਏਸੇ ਸਾਲ ਰਾਤੋ ਰਾਤ ਵੱਡਾ ਖੂਹ ਲਾਇਆ ਗਿਆ। ਉਧਰ ਲੰਗਰ ਲਈ ਦਾਣੇ ਪੀਹਣ ਵਾਸਤੇ ਝਟਾ ਪਟ ਖਰਾਸ ਦੀ ਤਿਆਰੀ ਹੋ ਗਈ—ਏਧਰ ਰਾਮਸਰੋਵਰ ਦਾ ਦੁਆਲਾ ਉਸਰਨ ਲੱਗਾ। ਸਤਿਗੁਰਾਂ ਦੀ ਕੋਠੀ ਤੋਂ ਚੜ੍ਹਦੇ ਪਾਸੇ, ਥੋੜੀ ਵਿੱਥ ਤੇ ਸੰਗਤ ਸਿੰਘ ਜੀ ਰਾਮਦਾਸੀਏ ਨੇ ਕੋਠੜੀ ਛੱਤ ਕੇ ਖੂਹੀ ਲਾ ਲਈ। ਨਾਲ ਹੀ ਥੋੜ੍ਹੇ ਫਾਸਲੇ ਤੇ ਸੂਰਤ ਸਿੰਘ ਜੀ ਨੇ ਖੂਹੀ ਦਾ ਪ੍ਰਬੰਧ ਕਰ ਲਿਆ। ਬਾਬੇ ਪ੍ਰੇਮ ਸਿੰਘ ਸੁਖਈ ਨੇ ਹੋਰ ਥੋੜੇ ਪਸਿਤਿਆਂ ਹੋ ਕੇ ਕੱਖਾਂ ਕਾਨਾਂ ਦੀਆਂ ਛਪਰੀਆਂ ਪਾ ਕੇ, ਖੂਹੀ ਲਾ ਕੇ ਸਹੀਦੀ ਬੁੰਗਾ ਰਚਾ ਲਿਆ।

ਗੱਲ ਕੀ ਸ੍ਰੀ ਭੈਣੀ ਸਾਹਿਬ ਦਾ ਰਾਮਸਰ ਵਾਲਾ ਬਾਗ ਏਸ ਸਾਲ ਕਾਫੀ ਉਸਾਰੀ ਹੇਠ ਸੀ। ਇਕ ਦਿਨ ਅਜੇਹਾ ਆ ਗਿਆ ਕਿ ਸਿੱਖਾਂ ਨੇ ਸਤਿਗੁਰੂ ਜੀ ਪਾਸ ਸ਼ਿਕਾਇਤਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਕਿ ਮਰਯਾਦਾ ਰਹਿਤ ਲੋਕਾਂ ਦੀ ਵਸੋਂ ਰਾਮਸਰ ਦੇ ਇਲਾਕੇ ਵਿਚ ਬੰਦ ਕਰ ਦਿੱਤੀ ਜਾਵੇ। ਉੱਤਰ ਵਿਚ ਸਤਿਗੁਰਾਂ ਬਚਨ ਕੀਤਾ ਘਾਬਰੋ ਨਾ ਸਭ ਕੁਝ ਠੀਕ ਹੋ ਜਾਏਗਾ, ਆ ਗਿਆ ਹੈ ਮੁਨਾਸਬ ਪ੍ਰਬੰਧ ਕਰਨ ਵਾਲਾ, (ਇਸ਼ਾਰਾ ਸਤਿਗੁਰੂ ਪ੍ਰਤਾਪ ਸਿੰਘ ਜੀ ਵੱਲ ਸੀ)।

ਜਿਥੇ ਨਿੱਕੀ ਮੋਟੀ ਹਰ ਸਾਲ ਹੀ ਉਸਾਰੀ ਹੁੰਦੀ ਰਹੀ। ਉਥੇ ਰੋਜ਼ਾਨਾ ਅਖੰਡ ਪਾਠ ਜਾਂ ਸਾਧਾਰਣ ਪਾਠ ਦੇ ਭੋਗ ਵੀ ਨਿਤ ਪੈਂਦੇ ਰਹਿਣੇ ਤੇ ਕੜਾਹ ਪ੍ਰਸਾਦ ਵੀ ਹਾਜ਼ਰ ਸੰਗਤ ਰੱਜ ਛਕਦੀ। ਸਵਾ ਰੁਪੈ ਦਾ ਕੜਾਹ ਪ੍ਰਸਾਦ ਪਹਿਲੀ ਦਿਨੀਂ ਉਂਜ ਵੀ ਨਿਤ ਹੀ ਹੁੰਦਾ।

ਤਬੇਲੇ ਦੀ ਲੋੜ ਵੀ ਵਧ ਗਈ ਸੋ ਪੁਰਾਣੇ ਤਬੇਲੇ ਨਾਲ ਇਕ ਹੋਰ ਤਬੇਲੇ ਲਈ ਜ਼ਮੀਨ ਪ੍ਰਾਪਤ ਕਰ ਲਈ ਗਈ, ਜਿਸ ਵਿਚ ਅੱਜ ਕੱਲ੍ਹ ਗਊਆਂ ਮਹੀਆਂ ਤੇ ਗਾਈਆਂ ਦਾ ਪ੍ਰਬੰਧ ਹੈ। ਇਸ ਤਬੇਲੇ ਦੀ ਤਿਆਰੀ ਵੀ ਰਾਤੋ ਰਾਤ ਕਰਵਾਈ। ਦੋਖੀਆਂ ਨੇ ਇਸ ਬਾਬਤ ਗੁਆਂਢੀ ਨਰੈਣ (ਜੱਟ) ਨੂੰ ਉਕਸਾਇਆ ਤੇ ਉਹ ਤਬੇਲੇ ਦੀ ਪੂਰਬੀ ਦਿਵਾਰ ਦੀ ਉਸਾਰੀ ਸਮੇਂ ਨੀਹਾਂ ਵਿਚ ਆ ਕੇ ਡਿੱਗ ਪਿਆ। ਆਖੇ, ਮੈਂ ਤਾਂ ਨਹੀਂ ਏਥੋਂ ਹਟਣਾ, ਮੇਰੇ ਖੇਤ ਦੀ ਗੁਠ ਵਿਗੜਦੀ ਹੈ, ਮੈਂ ਨਹੀਂ ਏਥੇ ਨੀਂਹ ਧਰਨ ਦੇਣੀ। ਅੰਤ ਥਾਣੇ ਇਤਲਾਹ ਹੋਈ। ਹਥਕੜੀਆਂ ਨਰੈਣ ਨੂੰ ਲਗ ਗਈਆਂ। ਫੇਰ ਜਲਦੀ ਹੀ ਸਮਝੌਤਾ ਹੋ ਗਿਆ। ਤਬੇਲਾ ਮੁਕੰਮਲ ਹੋਣ ਉਤੇ ਝਗੜੇ ਵਾਲੀ ਥਾਂ ਦਾ ਪਾਸਾ ਗੱਡਿਆਂ ਵਾਲਿਆਂ ਦੇ ਹਵਾਲੇ ਕੀਤਾ ਗਿਆ। ਇਕ ਪਾਸਾ ਤੂੜੀ ਲਈ ਰਿਜ਼ਰਵ ਰੱਖਿਆ, ਇਕ ਥੰਨੇ ਦਾਣੇ ਵਾਸਤੇ ਕੋਠੜੀ ਨਿਸਚਿਤ ਕੀਤੀ ਗਈ। ਬਾਬਾ ਵਜ਼ੀਰ ਸਿੰਘ ਜੀ ਜੋ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੀ ਸੰਤਾਨ ਦੇ ਖਿਡਾਵੇ ਸਨ, ਏਥੇ ਪਸ਼ੂਆਂ ਲਈ ਦਾਣਾ ਵੰਡਿਆ ਕਰਦੇ।

ਇਸ ਤਬੇਲੇ ਦਾ ਦਰਵਾਜ਼ਾ ਉਚੇਚਾ ਰਾਮਸਰ ਵੱਲ ਰੱਖਿਆ ਗਿਆ—ਪਰ ਚੌਕੀ ਪਹਿਰੇ ਸਮੇਂ, ਕੁੰਜੀ ਪੁਲਿਸ ਵਾਲੇ ਕੋਲ ਰਖਦੇ। ਕਹਿੰਦੇ, ਜੇ ਚਾਬੀ ਸਾਡੇ ਪਾਸ ਨਾ ਹੋਈ ਤਾਂ ਪਤਾ ਨਹੀਂ ਕੀ ਕਰ ਸੁਟਣ।

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੀ ੩੩ ਸਾਲ ਦੀ ਗੁਰਤਾ ਸਮੇਂ ਸ੍ਰੀ ਭੈਣੀ ਸਾਹਿਬ ਦਾ ਰਾਜਸੀ ਮਹੱਤਵ ਜਿਉਂ ਕਾ ਤਿਉਂ ਸੀ। ਉਸ ਦਾ ਜ਼ਿਕਰ ਕਿਸੇ ਵੱਖਰੇ ਭਾਗ ਵਿਚ ਹੋਵੇਗਾ ਪਰ ਉਪਰਲੀ ਸਤਹ ਤੇ ਧਰਮ ਕਰਮ ਦੀ

ਪਰਧਾਨਤਾ ਸਿਖਰਾਂ ਤੇ ਸੀ। ਭੈਣੀ ਸਾਹਿਬ ਡੇਰੇ ਦੇ ਸਾਰੇ ਹੀ ਵਸਨੀਕ ਅੰਮ੍ਰਿਤ ਵੇਲੇ ਸਕੇਸ਼ ਸ਼ਨਾਨ ਕਰਦੇ। ਭਜਨ ਕਰਦੇ ਦਿਨ ਚੜ੍ਹਨ ਤਕ। ਬਾਣੀ ਪੜ੍ਹਦੇ ਸੁਣਦੇ। ਹਰ ਰੋਜ਼ ਸਵਾ ਰੁਪੈ ਦਾ ਕੜਾਹ ਪ੍ਰਸ਼ਾਦ ਬਣਦਾ। ਦਰਸ਼ਨਾਰਥੀਆਂ ਨੂੰ ਉਚੇਚਿਆਂ ਪਰਸ਼ਾਦ ਛਕਾਇਆ ਜਾਂਦਾ। ਸਤਿਗੁਰੂ ਜੀ ਪਾਸ ਆਪਣੇ ਪਾਪ ਅਪਰਾਧ ਬਖਸ਼ਾਣ ਵਾਲੇ ਅਨ੍ਹੇਰੇ ਸਵੇਰੇ ਆਉਂਦੇ ਹੀ ਰਹਿੰਦੇ। ਸ੍ਰੀ ਜੀ ਹਰੇਕ ਨੂੰ ਸਾਧਾਰਨ ਪਾਠ ਜਾਂ ਅਖੰਡ ਪਾਠ ਕਰਨ ਦੀ ਆਗਿਆ ਦੇ ਕੇ ਪਾਪ ਮੁਕਤ ਕਰ, ਅਗੋਂ ਲਈ ਸੱਤਿ ਮਾਰਗ ਤੇ ਚਲਣ ਦੀ ਪ੍ਰੇਰਨਾ ਕਰਦੇ। ਅੱਠੇ ਪਹਿਰ ਹੀ ਗ੍ਰੰਥ ਸਾਹਿਬ ਜੀ ਦੇ ਪਾਠ ਹੁੰਦੇ ਰਹਿੰਦੇ। ਬਾਹਰਲੇ ਸਰੀਰ ਵੀ ਏਥੇ ਪਾਠੀਆਂ ਲਈ ਖਰਚ ਆਦਿ ਦੀ ਭੇਟਾ ਭੇਜ ਪਾਠ ਕਰਵਾਂਦੇ ਰਹਿੰਦੇ।

ਸ੍ਰੀ ਸਤਿਗੁਰੂ ਜੀ ਦੇ ਅੰਤਿਮ ਡੇਢ ਦੋ ਦਹਾਕਿਆਂ ਵਿਚ ਹੇਠ ਲਿਖੇ ਸਰੀਰਾਂ ਨੇ ਵੱਖ ਵੱਖ ਵਿਭਾਗਾਂ ਵਿਚ ਮਨ ਧਨ ਨਾਲ ਸੇਵਾ ਕਰਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ :-

(੧) ਸਰਕਾਰੇ ਦਰਬਾਰੇ :

ਸੰਤ ਦਾਨ ਸਿੰਘ ਅਤੇ ਮਹੰਤ ਸੇਵਾ ਸਿੰਘ ਜੀ ਕਲਾਲ ਮਾਜਰਾ (ਅੰਬਾਲਾ) ਵਾਲੇ। ਮਹੰਤ ਦੇਵਾ ਸਿੰਘ ਜੀ ਅੱਜ ਵੀ ਸ੍ਰੀ ਭੈਣੀ ਸਾਹਿਬ ਵਿਚ ਦਰਸ਼ਨ ਦੇ ਰਹੇ ਹਨ ਆਪ ਦੀ ਆਯੂ ਇਸ ਸਮੇਂ ੧੧੫ ਸਾਲ ਦੇ ਕਰੀਬ ਹੈ।

(੨) ਖੇਤੀ ਬਾੜੀ :

ਮਹੰਤ ਗੁਰਦਿੱਤ ਸਿੰਘ ਜੀ ਮੋਰੋਂ ਵਾਲੇ ਖੇਤੀ ਬਾੜੀ ਦਾ ਪ੍ਰਬੰਧ ਕੀਤਾ ਕਰਵਾਇਆ ਕਰਦੇ।

(੩) ਲੰਗਰ :

ਭਾਈ ਸੁਧ ਸਿੰਘ ਜੀ ਦਾਲਾ ਰਿੰਨਦੇ, ਬਾਬਾ ਬੰਮਣ ਸਿੰਘ ਜੀ ਮਲਵਈ ਜਲ ਭਰਦੇ, ਬਾਬਾ ਹੀਰਾ ਸਿੰਘ ਜੀ ਕੁਬਿਆਂ ਵਾਲੇ ਆਟਾ ਗੁੰਨ੍ਹਦੇ ਸਿਆਹੜਾ ਸਿੰਘ ਜੀ ਪਰਸ਼ਾਦੇ ਪਕਾਉਂਦੇ, ਭਾਈ ਮਨਸਾ ਸਿੰਘ ਅਤੇ ਮਾਈ ਕਰਮ ਕੌਰ ਜੀ ਲੋਹ ਝੋਕਦੇ। ਸਵੇਰ ਵੇਲੇ ਪਰਸ਼ਾਦ ਵਰਤਾਉਂਦੇ ਭਾਈ ਸੇਵਾ ਸਿਘ ਜੀ ਅਤੇ ਸ਼ਾਮ ਨੂੰ ਭਾਈ ਅਰਵੇਲ ਸਿੰਘ ਜੀ ਸੰਤ ਹਰਨਾਮ ਸਿੰਘ ਜੀ ਛੂਤੀਏ ਤੇ ਹਜ਼ੂਰੀ ਲਾਂਗਰੀ ਬਾਬਾ ਰਾਘੋ ਸਿੰਘ ਜੀ।

(੪) ਕੀਰਤਨ :

ਬਾਬਾ ਝਾਬਾ ਸਿੰਘ ਜੀ ਸੂਰਮਾਂ ਸ਼ਬਦ ਗਾਇਨ ਕਰਦੇ। ਭਾਈ ਗੁਰਮੁਖ ਸਿੰਘ ਜੀ ਸੂਰਮਾ ਢੋਲਕੀ ਤੇ ਕੈਂਸੀਆਂ ਬਜਾਉਂਦੇ। ਮਹੰਤ ਗੁਰਦਿੱਤ ਸਿੰਘ ਜੀ ਸਿਤਾਰ ਵਜਾਉਂਦੇ ਸੰਤ ਰਾਗਾ ਸਿੰਘ ਜੀ ਹਜ਼ੂਰੀ ਗੜਵਈ, ਮਾਈ ਹੁਕਮੀ ਮਾਈ ਘੁਲੀ, ਮਾਈ ਗੁਰਦੇਈ, ਮਾਈ ਸ਼ਿਵ ਕੌਰ ਅਤੇ ਸੁਹੇਲ ਸਿੰਘ ਜੀ ਬਿਲਗੇ ਵਾਲੇ ਕੀਰਤਨ ਵਿਚ ਸਾਥ ਦਿੰਦੇ।

(੫) ਹਜ਼ੂਰੀ ਜਥਾ:

ਬਾਬਾ ਹੀਰ ਸਿੰਘ ਟਿੱਕਾ ਚੋਰੀ ਬਰਦਾਰ ਬਾਬਾ ਗੋਧਾ ਸਿੰਘ ਜੀ ਅਬਲੂ, ਭਾਈ ਹਰਨਾਮ ਸਿੰਘ ਜੀ ਨਥਾਣੀਏ, ਸੰਤ ਹਰਨਾਮ ਸਿੰਘ ਜੀ ਦਰਜੀ ਸਿਖ, ਸੰਤ ਮਿਹਰ ਸਿੰਘ ਜੀ ਲੋਪੋ ਕਿਆਂ ਵਾਲੇ (ਆਪ ਨੇ ਅੰਮ੍ਰਿਤਸਰ ਬੁਚੜ ਬੱਧ ਵਿਚ ਭਾਗ ਲਿਆ ਸੀ ਪਰ ਕੁਛ ਜ਼ਰੂਰੀ ਕਾਰਨਾਂ ਕਰਕੇ ਸੰਤਾ ਸਿੰਘ ਨਾਮ ਰਖ ਵਿਚਰ ਰਹੇ ਸਨ) ਬਾਬਾ ਲਾਲ ਸਿੰਘ ਜੀ ਲਤਾਲੀਏ, ਬਾਬਾ ਵੀਰ ਸਿੰਘ ਜੀ ਚੁੰਨੀ ਮਛਲੀ ਅਤੇ ਗਹਿਲਾਂ ਵਾਲੇ ਸੰਤ ਮੰਗਲ ਸਿੰਘ ਜੀ।

(੬) ਅਸਤਬਲ :

ਉਹਨੀ ਦਿਨੀ: ੨੪-੩੦ ਘੋੜੇ ਘੋੜੀਆਂ ਦੌਰੇ ਆਦਿ ਲਈ ਰੱਖੇ ਹੋਏ ਸਨ। ਵਧ ਹੋਣ ਤੇ ਵੇਚ ਦੇਣੇ ਹੇਠ ਲਿਖੇ ਨਾਮਾਂ ਦੇ ਘੋੜੇ ਘੋੜੀਆਂ ਪ੍ਰਸਿੱਧ ਸਨ।

(੧) ਕੁੱਲੀ (ਇਹ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੀ ਪ੍ਰਿਯ ਘੋੜੀ ਸੀ ਜਿਸ ਤੇ ਆਪ ਸਵਾਰੀ ਕਰ ਕੇ ਨਿਸਚਿੰਤ ਹੋ ਜਾਂਦੇ) (੨) ਕੁਲੀ ਦੀ ਛੋਟੀ ਭੈਣ ਮੋਰਾਂ (੩) ਚੰਬੀ (੪) ਸਤਲਾਣੀ (੫) ਮਾਧੋ (ਘੋੜਾ) (੬) ਭੂਪਾਲੀਆ (੭) ਵਢ ਖਾਣਾ (੮) ਵਢਖਾਣੀ (੯) ਬਾਵਾ (੧੦) ਗੂਟ (੧੧)ਲੰਡਾ (੧੨) ਬੂਟਾ ਸਿੰਘ ਉਗਰਾਹੀਏ ਵਾਸਤੇ (੧੩) ਸਬਜ਼ੀ ਘੋੜੀ (੧੪) ਸ਼ਿੰਗਰਫ ਘੋੜਾ (੧੫) ਸਬਜ਼ਾ ਆਦਿ।

ਘੋੜਿਆਂ ਦੇ ਦਰੋਗਾ ਸਨ ਸੰਤ ਸੁਹੇਲ ਸਿੰਘ ਜੀ ਬਿਲਗੇ ਵਾਲੇ। ਆਪ ਬੜੇ ਧੱੜਲੇਦਾਰ, ਉਦਾਰ ਤੇ ਧਾੜਕੂ ਸੁਭਾਉ ਦੇ ਸਨ। ਮਾਤਾ ਜੀਉਣ ਕੌਰ ਜੀ ਤੱਕ ਵੀ ਆਪ ਦੇ ਪ੍ਰਭਾਵ ਤੇ ਸ਼ਖਸੀਅਤ ਦੀ ਕਦਰ ਕਰਦੇ। ਹੋਰ ਕੁਝ ਸਰੀਰਾਂ ਦੇ ਨਾਮ ਜੋ ਘੋੜਿਆਂ ਦੀ ਸੇਵਾ ਕਰਦੇ: ਸ੍ਰੀ ਦੇਵਾ ਸਿੰਘ ਜੀ ਬਖਸ਼ੀ (ਬ੍ਰਾਹਮਣ, ਭੈਣੀ ਸਾਹਿਬ) ਬਾਈ ਸੇਵਾ ਸਿੰਘ ਜੀ ਰੁੜਕਾ, ਬਾਬਾ ਟਹਿਲ ਸਿੰਘ ਜੀ, ਬਾਬਾ ਨਿਧਾਨ ਸਿੰਘ ਜੀ ਮਜਹਬੀ, ਬਾਬਾ ਪਾਖਰ ਸਿੰਘ ਜੀ, ਬਾਬਾ ਮਸਤਾਨ ਸਿੰਘ ਜੀ, ਕਾਰੀਗਰ ਗੁਰਮੁਖ ਸਿੰਘ ਜੀ ਅੰਬਰਸਰੀਏ।

(੭) ਪਸ਼ੂ-ਵਾੜਾ :

੨੦ ਦੇ ਕਰੀਬ ਮਝਾਂ ਤੇ ਏਦੂੰ ਘਟ ਗਊਆਂ ਦਾ ਪ੍ਰਬੰਧ ਨਵੇਂ ਤਬੇਲੇ ਵਿਚ ਹੁੰਦਾ। ਏਸ ਤਬੇਲੇ ਦੇ ਮੁਖੀ ਸਨ ਸੰਤਾ ਸਿੰਘ ਜੀ ਮਲਵਈ। ਆਪ ਦੇ ਪ੍ਰਬੰਧ ਹੇਠ ਗਊਆਂ ਮਹੀਆਂ ਦੀ ਸੰਭਾਲ ਕਰਦੇ ਸੰਤ ਕਿਸ਼ਨ ਸਿੰਘ ਜੀ, ਜੈ ਸਿੰਘ ਜੀ

ਸੋਧੀ, ਭਾਈ ਭੂਪ ਸਿੰਘ ਜੀ, ਬਾਬਾ ਸ਼ਰਮ ਸਿੰਘ ਜੀ ਕੁਨੂੰ ਤੇ ਭਾਈ ਗੁਰਬਖਸ਼ ਸਿੰਘ ਜੀ ਫਰੜੂ। ਹੇਣੂ ਮਾਲ ਦੀ ਰਖਵਾਲੀ ਮਹੰਤ ਵੀਰ ਸਿੰਘ ਜੀ ਜਹਾਨ, ਰਾਮਪੁਰ ਵਾਲੇ ਕਰਦੇ, ਆਪ ਜੀ ਨੇ ਆਪਣੀ ਅਕਲ ਸਿਆਣਪ ਨਾਲ ਰਾਈਆਂ ਵਾਲੇ ਮੁਕੱਦਮੇ ਵਿਚ ਵੀ ਅਗਵਾਈ ਕੀਤੀ ਸੀ।

(੮) ਊਠ-ਵਾੜਾ:

ਉਗਰਾਹੀ ਆਦਿ ਵਾਸਤੇ ਜਿਥੇ ਗੱਡੇ ਵਗੈਰਾ ਜਾਂਦੇ ਓਥੇ ਊਠਾਂ ਦਾ ਪ੍ਰਬੰਧ ਵੀ ਸੀ। ਸੋ ਹੇਠ ਲਿਖੇ ਸਰੀਰ ਆਮ ਉਗਰਾਹੀ ਤੇ ਦੂਜੀਆਂ ਵਸਤਾਂ ਦੀ ਲਿਆਵਾ ਜਾਈ ਲਈ ਊਠਾਂ ਦੀ ਵਰਤੋਂ ਕਰਦੇ। ਇਨ੍ਹਾਂ ਦੇ ਮਹੰਤ ਸਨ ਬਾਬਾ ਵੀਰ ਸਿੰਘ ਜੀ ਘੁਕੇ ਵਾਲੀਏ, ਭਾਈ ਸੰਤਾ ਸਿੰਘ ਅਤੇ ਸੁਰਜਨ ਸਿੰਘ ਜੀ ਭੋਮੇ ਵਡਾਲੀਏ। ਚੁੰਨ੍ਹੀ ਵਾਲੇ ਹਰਨਾਮ ਸਿੰਘ ਜੀ, ਇੰਦਰ ਸਿੰਘ ਜੀ, ਗੰਡਾ ਸਿੰਘ ਜੀ, ਮੋਹਣ ਸਿੰਘ ਜੀ, ਸੋਹਣ ਸਿੰਘ ਜੀ, ਸੁੰਦਰਸਿੰਘ ਜੀ, 'ਬੱਬੂ' ਨਥਾ ਸਿੰਘ ਜੀ ਤੇ ਸਮੁੰਦ ਸਿੰਘ ਮੰਜਹਬੀ ਅਤੇ ਜੀਉਣ ਸਿੰਘ ਜੀ ਢੋਲੇ ਗੋਲੇ ਵਾਲੇ ਸਹੰਾਇਕ ਸਨ

(੯) ਗੱਡਿਆਂ ਵਾਲੇ:

ਉਹਨੀਂ ਦਿਨੀਂ ਛੇ ਗੱਡੇ ਅੱਠੇ ਪਹਿਰ ਸਮੇਤ ਬਲਦਾਂ ਹਾਜ਼ਰ ਰਹਿੰਦੇ। ਜਿਨ੍ਹਾਂ ਨਾਲ ਉਗਰਾਹੀ ਦਾਣੇ ਦੂਰ ਦੂਰ ਤੋਂ ਢੋਏ ਜਾਂਦੇ, ਬਾਲਣ ਤੇ ਪੱਠੇ ਆਦਿ ਡੇਰੇ ਵਿਚ ਲਿਆਂਦੇ ਜਾਂਦੇ। ਏਸ ਗਰੁਪ ਦੇ ਮੁਖੀ ਸਨ ਮਹੰਤ ਜਵਾਲਾ ਸਿੰਘ ਜੀ ਚੱਘਾ, ਭਾਈ ਦੇਵਾ ਸਿੰਘ ਜੀ ਬੁਲਾੜੀ, ਮੰਗਲ ਸਿੰਘ ਜੀ ਗਹਿਲਾਂ ਵਾਲੇ। ਇਨ੍ਹਾਂ ਦੇ ਸਹਾਇਕ ਸਨ, ਸ੍ਰੀ ਜੈ ਸਿੰਘ ਬਿੱਲਾ ਪਿੰਡ ਗੜ੍ਹੀ (ਜਲੰਧਰ) ਮਹੰਤ ਕੌਲਾ ਸਿੰਘ ਜੀ, ਸ੍ਰੀ ਮਾਘਾ ਸਿੰਘ ਜੀ ਅਬੋਹੜੀਆਂ, ਭਾਈ ਮੰਨਾ ਸਿੰਘ ਜੀ ਮਲਵਈ ਬਾਜੇਵਾਲੇ ਬਿਸ਼ਨ ਸਿੰਘ ਜੀ 'ਘੱਕੂ'।

(੧੦) ਆਟਾ :

ਪੀਹਣ ਕਰਦੇ ਭਾਈ ਮਹਾਂ ਸਿੰਘ ਜੀ, ਏਹ ਕਲੇ ਹੀ ਲਗਾਤਾਰ ਲਗਕੇ ਸੌ ਸੌ ਬੋਰੀ ਪੀਠ੍ਹ ਕਰ ਦਿੰਦੇ। ਮਾਈ ਹੁਕਮੀ, ਮਾਈ ਧੇਮੀ, ਮਾਈ ਭਾਗਣ ਧੇਮੀ ਦੂਜੀ ਤੇ ਮਾਈ ਭਗਵਾਨੀ ਜੀ ਵੀ ਪੀਹਣ ਕਰਦੇ। ਆਟਾ ਪੀਂਹਦੇ ਸਨ ਬਾਬਾ ਲਹਿਣਾ ਸਿੰਘ ਜੀ।

(੧੧) ਗੋਹਾ ਕੂੜਾ:

ਇਹ ਨਿਰਮਾਣ ਸੇਵਾ ਮਾਈ ਘੁਲੀ ਤੇ ਕੋਲੋ ਹੋਰ ਸਹਾਇਕਾਂ ਨਾਲ ਕਰਦੀਆਂ।

(੧੨) ਲੋਹਾਰਾ :

ਡੇਰੇ ਦੇ ਹਰ ਤਰ੍ਹਾਂ ਦੇ ਲੁਹਾਰੇ ਕੰਮ ਲਈ ਸੰਤ ਵਸਾਖਾ ਸਿਘ ਜੀ ਪ੍ਰੇਮ ਭਰਪੂਰ ਸੇਵਾ ਕਰਦੇ।

(੧੩) ਲੱਕੜ ਦਾ ਹਰ ਪ੍ਰਕਾਰ ਦਾ ਕੰਮ

ਬਾਬਾ ਹੀਰਾ ਸਿੰਘ ਜੀ 'ਤਿੰਨ ਖਾਣ' ਹੀ ਕਰਦੇ। ਜ਼ਰੂਰਤ ਸਮੇਂ ਹੋਰ ਸਰੀਰ ਵੀ ਆ ਮਦਦ ਕਰਦੇ ਪਰ ਮੁੱਖ-ਪ੍ਰਬੰਧਕ ਏਹੋ ਹੀ ਸਨ।

(੧੪) ਪਾਠੀ:

ਗੁਪਤ ਪਰਗਟ ਪਾਠ ਕਰਨ ਵਾਲੀ ਹੇਠ ਲਿਖੀ ਟੀਮ ਸੀ : ਸੰਤ ਲਛਮਣ ਸਿੰਘ ਜੀ,ਬਾਬਾ ਖੁਸ਼ਹਾਲ ਸਿੰਘ ਜੀ, ਭਾਈ ਸੁਹੇਲ ਸਿੰਘ ਜੀ ਬਿਲਗਾ, ਭਾਈ ਗੋਧਾ ਸਿੰਘ ਜੀ ਅਬਲੂ, ਸਿਆਹੜ (ਲੁਧਿਆਣਾ) ਦੇ ਭਾਈ ਵੀਰ ਸਿੰਘ ਜੀ ਅਤੇ ਕਨ੍ਹਈਆ ਸਿੰਘ ਜੀ!

(੧੫) ਸਫਰਸੈਨਾ :

ਬਾਬਾ ਚੇਤ ਸਿੰਘ ਜੀ ਆਸਲਾਂ ਵਾਲੇ ਜਥੇਦਾਰ, ਭਾਈ ਸਾਧੂ ਸਿੰਘ ਜੀ ਰਮਦਾਸੀਆ, ਭਾਈ ਚੰਦਾ ਸਿੰਘ ਜੀ ਸੁਖਈ, ਮਾਘਾ ਸਿੰਘ ਜੀ ਮੁਖਈ ਅਤੇ ਬਾਬਾ ਬੁੱਲੇ ਸ਼ਾਹ ਜੀ

(੧੬) ਗੱਦੀ ਸਾਹਿਬ ਦੇ ਸੇਵਕ:

ਜਿਸ ਚੁਬਾਰੇ ਵਿਚ ਗੁਰੂ ਹਰੀ ਸਿੰਘ ਜੀ ਨਿਵਾਸ ਰਖਦੇ ਰਹੇ ਉਸ ਨੂੰ ਅੱਜ ਗਦੀ ਸਾਹਿਬ ਵਾਲਾ ਚੁਬਾਰਾ ਕਰਕੇ ਪੁਕਾਰਿਆ ਜਾਂਦਾ ਹੈ। ਅੰਤਮ ਦਿਨਾਂ ਵਿ ਹੇਠ ਲਿਖੇ ਸਰੀਰ ਉਥੋਂ ਦੇ ਸੇਵਕਾਂ ਵਿਚੋਂ ਸਨ: ਬਾਬਾ ਹੀਰਾ ਸਿੰਘ ਜੀ ਛੰਣਿਆਂ ਵਾਲੇ ਸੁੰਦਰ ਸਿੰਘ ਜੀ ਢਮੋਟੀਆਂ, ਬਾਬਾ ਕੁਜਰਤ ਸਿੰਘ ਅਤੇ ਸੰਤ ਜੀਉਣ ਸਿੰਘ ਜੀ ਝੱਬਰ।

(੧੭) ਮੁਤਫਰਕ

ਪਿੰਡ ਰਾਜੇ ਦੇ ਘੁਮਿਆਰ ਸਿਖ ਰਾਜਾ ਸਿੰਘ ਜੀ ਤਾਂ ਡੇਰੇ ਦੀਆਂ ਪੱਟੀਆਂ, ਪਲਾਣਿਆਂ ਵਗੈਰਾ ਦੀ ਉਣਾਈ ਜਾਰੀ ਰਖਦੇ ਅਤੇ ਹਰ ਤਰ੍ਹਾਂ ਦੀ ਵਰਤੋਂ ਵਿਚ ਆਉਣ ਵਾਲੀਆਂ ਮੁੰਜ ਦੀਆਂ ਲੱਜਾਂ ਭਾਈ ਸੰਗ ਸਿੰਘ ਜੀ ਰਮਦਾਸੀਏ ਸੰਤ ਵਟਦੇ।

[ਨੋਟ : ਇਨ੍ਹਾਂ ਨਾਮਾਂ ਦੇ ਵਿਭਾਗ-ਵੇਰਵੇ ਲਈ ਮੈਂ ਸ੍ਰੀ ਸਵਰਨ ਸਿੰਘ ਸਪੁੱਤਰ ਸੰਤ ਗੁਰਮੁਖ ਸਿੰਘ ਜੀ ਝੱਬਰ ਕਰੀਵਾਲ ਦਾ ਕਿਰਤੱਗਯ ਹਾਂ। ਉਨ੍ਹਾਂ ਦੀ ਲਿਖਤ ਨੇ ਇਹਨਾਂ ਸਜਣਾਂ ਦੇ ਨਾਮ ਠਾਮ ਵਿਚ ਮੇਰੀ ਸਹਾਇਤਾ ਕੀਤੀ ਹੈ।]

ਇੰਜ ਜਦੋਂ ਸ੍ਰੀ ਸਤਿਗੁਰੂ ਜੀ ਦਾ ਆਯੂ ਪੈਰੋ ਪੈਰ ਅਸਤਾਚਲ ਨੂੰ ਜਾ ਰਿਹਾ ਸੀ ਤਾਂ ਸ੍ਰੀ ਭੈਣੀ ਸਾਹਿਬ ਦੇ ਜੀਵਨ ਵਿਚ ਇਕ ਸਥਿਰਤਾ ਆ ਰਹੀ ਸੀ। ਨਾਲ ਹੀ

ਬਾਲ-ਸਤਿਗੁਰੂ ਪ੍ਰਤਾਪ ਸਿੰਘ ਜੀ ਪ੍ਰਤੀਪਲ ਚੜ੍ਹਦੀਆਂ ਕਲਾਂ ਵਿਚ ਆ ਰਹੇ ਸਨ। ਆਪ ਦੀ ਉਮਰ ਉਸ ਘੜੀ ਸਤਾਰਾਂ ਸਾਲ ਦੀ ਸੀ। ਜਦੋਂ ਪਿਤਾ ਸਤਿਗੁਰੂ ਜੀ ਦੇ ਪ੍ਰਾਣ ਮਹਾ ਪ੍ਰਾਣ ਵਿਚ ਸਮਾ ਗਏ। ਆਪ ਨੇ ਗੁਰਗੱਦੀ ਦੀਆਂ ਜ਼ਿੰਮੇਵਾਰੀਆਂ ਨੂੰ ਕਿਸ਼ੋਰ ਮੋਢਿਆਂ ਤੇ ਉਠਾਇਆ ਤੇ ਆਪਣੀ ਕੁਸ਼ਾਗਰ ਬੁਧੀ ਕਾਰਨ ਤੇਜ਼ੀ ਨਾਲ ਸ੍ਰੀ ਮਾਤਾ ਜੀਉਣ ਕੌਰ ਜੀ ਦੀ ਅਗਵਾਈ ਹੇਠ ਅਤੇ ਹੋਰ ਬਜ਼ੁਰਗਾਂ ਦੀ ਸਹਾਇਤਾ ਲੈ ਸ੍ਰੀ ਭੈਣੀ ਸਾਹਿਬ ਦੇ ਪ੍ਰਬੰਧ ਨੂੰ ਪੱਕਿਆਂ ਕੀਤਾ ਤੇ ਲੋੜ ਅਨੁਸਾਰ ਇਸ ਵਿਚ ਵਾਧੇ ਲਿਆਂਦੇ। ਕੇਂਦਰ ਨੂੰ ਪ੍ਰਪਕ ਕਰ ਆਪ ਜੀ ਨੇ ਗੁਰ-ਸਿਖ ਫੁਲਵਾੜੀ ਵਿਚ ਵੀ ਕਈ ਅਜਿਹੇ ਨਵੇਂ ਸੁਧਾਰ ਕੀਤੇ ਜਿਸ ਤੋਂ ਨਾਮਧਾਰੀ ਜਗਤ ਦੀ ਵਿਸ਼ੇਸ਼ਤਾ ਅਤੇ ਮਹਾਨਤਾ ਪ੍ਰਗਟ ਰੂਪ ਵਿਚ ਝਲਕਣ ਲੱਗ ਪਈ। ਆਪ ਜੀ ਦੇ ਸਮੇਂ ਵਿਚ ਪੁਲਿਸ ਚੌਕੀ ਉਠ ਗਈ ਤੇ ਸ੍ਰੀ ਭੈਣੀ ਸਾਹਿਬ ਬੰਧਨ ਮੁਕਤ ਹੋ ਗਿਆ।

ਏਸੇ ਨਜ਼ਰ-ਬੰਦੀ ਕੈਂਪ ਨੂੰ ਜਦੋਂ ਮੁੜ ਰਾਹਤ ਮਿਲੀ ਤਾਂ ਸੁਤੰਤਰਤਾ ਸੰਗਰਾਮੀਆਂ ਦਾ ਇਹ ਸਥਾਨ ਦੁਬਾਰਾ ਅਗਰ ਦੂਤ ਬਣ ਗਿਆ। ਸ੍ਰੀ ਜਵਾਹਰ ਲਾਲ ਜੀ, ਰਾਸ਼ਟਰਪਤੀ ਰ੍ਰਜਿੰਦਰ ਪ੍ਰਸ਼ਾਦ ਜੀ ਆਦਿ ਦੇਸ਼ ਦੇ ਮਹਾਨ ਨੇਤਾ ਗਣ ਸ੍ਰੀ ਭੈਣੀ ਸਾਹਿਬ ਦੇ ਦਰਸ਼ਨਾਂ ਵਿਚ ਫ਼ਖ਼ਰ ਮਹਿਸੂਸ ਕਰਨ ਲੱਗੇ ਅਤੇ ਏਸ ਹਕੀਕਤ ਨੂੰ ਸਮਝਣ ਲੱਗੇ ਕਿ ਆਜ਼ਾਦੀ ਦੀ ਜੰਗ ਦੀ ਅਹਿੰਸਕ ਯੁਧ ਨੀਤੀ, ਮਹਾਤਮਾ ਗਾਂਧੀ ਜੀ ਨੇ ਹੀ ਨਹੀਂ ਸਗੋਂ ਉਨ੍ਹਾਂ ਤੋਂ ਪਹਿਲੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਹੀ ਏਸ ਮਹਾਨਤਾ ਭਰੀ ਨਗਰੀ ਚੋਂ ਹੀ ਐਲਾਨੀ ਸੀ। ਜਿਸ ਆਜ਼ਾਦੀ ਦੀ ਰੂਪ ਰੇਖਾ ਬਾਰ੍ਹਵੇਂ ਸਤਿਗੁਰੂ ਜੀ ਨੇ ਕਲਪਣਾ ਕੀਤੀ ਸੀ, ਭਾਂਵੇਂ ਉਂਜ ਦੀ ਨਹੀਂ, ਫੇਰ ਵੀ ਅੱਜ ਜਦੋਂ ਭਾਰਤ ਭੂਮੀ ਵਿਦੇਸ਼ੀ ਰਾਜ ਤੋਂ ਛੁਟਕਾਰਾ ਹਾਸਲ ਕਰਕੇ ਅਗਾਂਹ ਨੂੰ ਮਨਜ਼ਲਾਂ ਮਾਰ ਰਹੀ ਹੈ, ਸ੍ਰੀ ਭੈਣੀ ਸਾਹਿਬ ਇਹ ਫ਼ਖ਼ਰ ਕਰਨ ਦਾ ਹੱਕਦਾਰ ਹੈ ਕਿ ਉਸ ਦੇ ਫੂਕੇ ਹੋਏ ਸਿੰਘ ਨਾਦ ਨੇ ਹੀ ਦੇਸ਼ ਦੀ ਕਲਿਆਣ ਦਾ ਮਾਰਗ ਖੋਲ੍ਹਿਆ।

ਅੱਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਿਰਸੇ ਵਿਚ ਮਿਲੇ ਸ੍ਰੀ ਭੈਣੀ ਸਾਹਿਬ ਨੂੰ ਮੁੜ ਉਸਾਰ ਕੇ ਇਸ ਤੀਰਥ ਦੀ ਮਹਾਨਤਾ ਲੋਕ-ਜੀਵਨ ਵਿਚ ਪੂਰੀ ਤਰ੍ਹਾਂ ਸਥਾਪਤ ਕਰ ਰਹੇ ਹਨ।

—ਪ੍ਰੀਤਮ ਸਿੰਘ ਕਵੀ

ਇਹ ਲੇਖ ਇਕ ਵੱਡੇ ਲੇਖ 'ਵਿਰਸੇ ਵਿਚ ਮਿਲਿਆ ਭੈਣੀ ਸਾਹਿਬ" ਦਾ ਇਕ ਭਾਗ ਹੈ।)

—ਸੰਪਾਦਕ ਵਰਿਆਮ

ਚਿਠੀਆਂ ਲਿਖ ਸਜਣਾਂ ਨੂੰ ਪਾਈਆਂ

ਵਰਿਆਮ ਦੇ ਬਦੇਸ਼ਾਂ ਵਿਚ ਵਸਦੇ ਸਾਰੇ ਪਾਠਕਾਂ ਨੂੰ ਸੰਪਾਦਕ ਵਰਿਆਮ ਨੇ ਆਪਣੇ ਹੱਥ ਨਾਲ ਲਿਖ ਕੇ ਚਿੱਠੀਆਂ ਪਾਈਆਂ ਹਨ। ਉਹਨਾਂ ਚਿੱਠੀਆਂ ਵਿਚ ਵਰਿਆਮ ਬਾਰੇ ਪਾਠਕਾਂ ਦੀ ਪ੍ਰਕ੍ਰਿਆ ਅਤੇ ਸੁਝਾਅ ਮੰਗੇ ਹਨ। ਉਹਨਾਂ ਨੂੰ ਵਰਿਆਮ ਦੇ ਚੰਦਿਆਂ ਦੀ ਮਿਆਦ ਤੋਂ ਵੀ ਸੂਚਿਤ ਕੀਤਾ ਹੈ। ਇਹਨਾਂ ਚਿੱਠੀਆਂ ਦੇ ਉਤਰ ਵਿਚ ਉਤਸ਼ਾਹ ਜਨਕ ਟੈਲੀਫੋਨ ਸੁਨੇਹੇ ਅਤੇ ਚਿੱਠੀਆਂ ਆ ਰਹੀਆਂ ਹਨ ਜਿਸ ਨਾਲ ਸਾਨੂੰ ਹੌਸਲਾ ਮਿਲਿਆ ਹੈ।

ਹਾਂ ਜਿਹੜੇ ਸਜਨ ਬਿਲਕੁਲ ਹੁੰਗਾਰਾ ਨਹੀਂ ਭਰ ਰਹੇ ਹਨ। ਉਤਰ ਨਹੀਂ ਦੇ ਰਹੇ ਅਤੇ ਬਕਾਇਆ ਚੰਦਿਆਂ ਨੂੰ ਭੇਜਣ ਵਿਚ ਵੀ ਲਗਾਤਾਰ ਘੌਲ ਕਰ ਰਹੇ ਹਨ, ਇਕ ਦਿਨ ਉਹਨਾਂ ਦਾ ਪਰਚਾ ਭੇਜਣ ਦੀ ਘੌਲ ਸਾਡੇ ਵੱਲੋਂ ਵੀ ਹੋ ਜਾਵੇਗੀ। ਇਸ ਵਾਸਤੇ ਬੇਨਤੀ ਹੈ ਕਿ ਅਜਿਹੀ ਨੌਬਤ ਆਉਣ ਤੋਂ ਪਹਿਲਾਂ ਹੀ ਸੰਪਰਕ ਕਰੋ। ਅਸੀਂ ਸੁਆਗਤ ਕਰਾਂਗੇ। ਸਮੇਂ ਸਿਰ ਆਪਣਾ ਸਹਿਯੋਗ, ਚੰਦੇ ਆਦਿਕ ਭੇਜਣ ਨਾਲ ਸਾਨੂੰ ਸੇਵਾ ਕਰਨ ਦਾ ਅਵਸਰ ਮਿਲਦਾ ਰਹੇਗਾ। ਸੰਪਰਕ ਟੁੱਟਣ ਦੀ ਨੌਬਤ ਨਾ ਆਵੇ, ਆਵੋ ਸਾਰੇ ਜਤਨ ਕਰੀਏ।

—ਸੰਪਾਦਕ ਵਰਿਆਮ

ਚਿੰਤਨਧਾਰਾ

ਕਰਮਾਂ ਸੰਦੜਾ ਖੇਤ

—ਮਹਿਮਾ ਸਿੰਘ ਹਲਵਾਰਵੀ

ਮਨੁੱਖ ਦੀ ਸੁਤੰਤਰਤਾ ਹੀ ਉਸ ਲਈ ਵਰ ਜਾਂ ਸਰਾਪ ਹੈ। ਹੋਸ਼ ਸੰਭਾਲਦੇ ਸਾਰ ਹੀ ਉਸ ਨੂੰ ਖ਼ੁਦ-ਮੁਖ਼ਤਾਰੀ ਦਾ ਅਹਿਸਾਸ ਹੁੰਦਾ ਹੈ। ਬੱਚਾ ਰੋ ਸਕਦਾ ਹੈ। ਜ਼ਿੱਦ ਕਰ ਸਕਦਾ ਹੈ। ਖ਼ੁਸ਼ ਹੋ ਸਕਦਾ ਹੈ। ਕਿਸੇ ਗੱਲ ਬਾਰੇ ਹਾਂ ਜਾਂ ਨਾਂਹ ਕਰ ਸਕਦਾ ਹੈ। ਜਿਉਂ ਜਿਉਂ ਉਹ ਵੱਡਾ ਹੁੰਦਾ ਜਾਂਦਾ ਹੈ ਉਸ ਦੀ ਨਿੱਜੀ ਸੁਤੰਤਰਤਾ ਹੀ ਚੋਣ ਕਰਦੀ ਹੈ ਕਿ ਕੀ ਕਰਾਂ ਜਾਂ ਨਾ ਕਰਾਂ ? ਭਾਵੇਂ ਇਸ ਵਿਚ ਮਾਹੌਲ ਦਾ ਵੀ ਕਾਫੀ ਰੋਲ ਹੁੰਦਾ ਹੈ, ਪਰ ਫਿਰ ਵੀ ਅਕਸਰ ਹਰ ਮਨੁੱਖ ਦੇ ਫੈਸਲੇ ਨਿੱਜੀ ਹੁੰਦੇ ਹਨ। ਇਹ ਉਹ ਹੀ ਫੈਸਲਾ ਲੈਂਦਾ ਹੈ ਕਿ ਕਿਸੇ ਦੀ ਆਗਿਆ ਮੰਨਾਂ ਜਾਂ ਨਾਂ ਮੰਨਾਂ। ਕਿਸੇ ਦੀ ਸਲਾਹ ਲਵਾਂ ਜਾਂ ਨਾ ਲਵਾਂ। ਕਿਸੇ ਦੀ ਕੀਤੀ ਚੋਣ ਨੂੰ ਮੰਨਣ ਜਾਂ ਰੱਦਣ ਦੀ ਹਰ ਮਨੁੱਖ ਨੂੰ ਖੁੱਲ੍ਹ ਹੁੰਦੀ ਹੈ। ਕੋਈ ਨਾ ਕੋਈ ਫੈਸਲਾ ਲੈਣਾ ਮਨੁੱਖ ਦੀ ਸੁਤੰਤਰਤਾ ਦੀ ਮਜਬੂਰੀ ਹੈ। ਫਿਰ ਉਸ ਦਾ ਲਿਆ ਨਿਰਣਾ ਹੀ ਉਸ ਨੂੰ ਕਿਸੇ ਨਾ ਕਿਸੇ ਪਾਸੇ ਲੈ ਜਾਂਦਾ ਹੈ। ਫਿਰ ਬਹੁਤਾ ਕੁਝ ਉਸ ਦੇ ਹੱਥ-ਵੱਸ ਨਹੀਂ ਰਹਿੰਦਾ ਜਿਧਰ ਨੂੰ ਕਦਮ ਪੁੱਟ ਲਿਆ ਉਧਰ ਨੂੰ ਤੁਰਨਾ ਹੀ ਪੈਂਦਾ ਹੈ।

ਆਪਣੇ ਲਏ ਨਿਰਣੇ ਮੁਤਾਬਕ ਮਨੁੱਖ ਕੁੱਝ ਵੀ ਕਰ ਸਕਦਾ ਹੈ, ਕੁਝ ਵੀ ਬਣ ਸਕਦਾ ਹੈ। ਇਹ ਚੋਣ ਉਸ ਨੂੰ ਖ਼ੁਦ ਕਰਨੀ ਪੈਂਦੀ ਹੈ। ਜੀਵਨ ਦਾ ਉਦੇਸ਼ ਆਪ ਘੜਨਾ ਪੈਂਦਾ ਹੈ। ਇਸ ਲਈ ਆਪਣੀ ਸਫ਼ਲਤਾ ਜਾਂ ਅਸਫਲਤਾ ਲਈ ਵੀ ਉਹ ਆਪ ਹੀ ਜ਼ਿੰਮੇਵਾਰ ਹੁੰਦਾ ਹੈ; ਕਿਉਂਕਿ ਮਨੁੱਖ ਦੀ ਸੁਤੰਤਰਤਾ ਉਸ ਦੇ ਹਰ ਫੈਸਲੇ ਤੇ ਕਰਮ ਦੀ ਜ਼ਿੰਮੇਵਾਰੀ ਉਸ ਦੇ ਸਿਰ ਸੌਂਪਦੀ ਹੈ। ਇਸ ਲਈ ਕੋਈ ਵੀ ਮਨੁੱਖ ਘੱਟ ਜਾਂ ਵੱਧ ਸੰਤਾਪ ਦੀ ਸਥਿਤੀ ਤੋਂ ਵੀ ਬਚ ਨਹੀਂ ਸਕਦਾ। ਵੱਧ ਜਾਂ ਘੱਟ ਸੰਤਾਪ ਉਸ ਦੀ ਕਰਮ ਦੀ ਸੁਤੰਤਰ ਚੋਣ 'ਤੇ ਹੀ ਨਿਰਭਰ ਕਰਦਾ ਹੈ। ਕੋਈ ਵੀ ਆਪਣੇ ਕਰਮ ਦੀ ਜ਼ਿੰਮੇਵਾਰੀ ਤੋਂ ਬਚ ਨਹੀਂ ਸਕਦਾ। ਸੰਤਾਪ ਦਾ ਮੁਕੰਮਲ ਅੰਤ ਜੀਵਨ ਦੇ ਮੁਕੰਮਲ ਅੰਤ ਨਾਲ ਹੀ ਸੰਭਵ ਹੋ ਸਕਦਾ ਹੈ। ਇਸੇ ਲਈ ਹੀ ਕੋਈ ਮਨੁੱਖ ਜੰਮਣ-ਮਰਨ ਦੇ ਗੇੜ ਤੋਂ ਬਚਣ ਲਈ ਮੁਕਤੀ ਦੇ ਸੰਕਲਪ ਬਾਰੇ ਸੋਚਦਾ ਹੈ। ਮੁਕੰਮਲ ਮੁਕਤੀ ਕਿਤੇ ਹੈ ਜਾਂ ਨਹੀਂ, ਇਹ ਅਧਿਆਤਮਕ ਖੋਜ ਦਾ ਵਿਸ਼ਾ ਹੋ ਸਕਦਾ ਹੈ।

ਭਾਰਤੀ ਫਲਸਫੇ ਮੁਤਾਬਕ ਜਿਸ ਚੀਜ਼ ਦਾ ਬੀਜ ਬੀਜਿਆ ਜਾਵੇਗਾ ਉਸ ਚੀਜ਼ ਦੀ ਹੀ ਫਸਲ ਵੱਢੀ ਜਾ ਸਕਦੀ ਹੈ। ਕਿੱਕਰ ਬੀਜ ਕੇ ਦਾਖਾਂ ਦੀ ਆਸ ਨਹੀਂ ਕੀਤੀ ਜਾ ਸਕਦੀ। ਅੱਕ ਬੀਜ ਕੇ ਅੰਬਾਂ ਦੀ ਆਸ ਕਰਨਾ ਮੂਰਖਤਾ ਹੈ। ਇਸ ਲਈ ਮਨੁੱਖ ਦੀ ਫੈਸਲਾ ਲੈ ਸਕਣ ਦੀ ਸੁਤੰਤਰਤਾ ਕਾਰਨ ਉਸ ਦੀ ਜੋ ਵੀ ਹੋਣੀ ਹੈ ਉਹ ਅਟੱਲ ਹੈ; ਕਿਉਂਕਿ ਉਸ ਨੇ ਉਹ ਆਪ ਚੁਣੀ ਹੈ। ਫਿਰ ਵੀ ਮਨੁੱਖ ਸਿਰਫ ਇਕ ਵਸਤੂ ਨਹੀਂ ਹੈ। ਉਸ ਨੂੰ ਕਿਸੇ ਵਸਤੂ ਵਾਂਗ ਸਮਝਣਾ ਉਸ ਦੇ ਨਿੱਜਤਵ ਦਾ ਅਪਮਾਨ ਹੈ। ਮਨੁੱਖ ਦੇ ਨਿੱਜੀ ਠੀਕ ਜਾਂ ਗਲਤ ਨਿਰਣਿਆਂ ਮੁਤਾਬਕ ਪ੍ਰਸਥਿਤੀਆਂ ਉਸ ਨੂੰ ਗੁਨਾਹ ਵੱਲ ਵੀ ਲਿਜਾ ਸਕਦੀਆਂ ਹਨ। ਇਹ ਪ੍ਰਸਥਿਤੀਆਂ ਵੀ ਮਨੁੱਖੀ ਕਰਮਾਂ ਦੀ ਹੀ ਉਪਜ ਹੁੰਦੀਆਂ ਹਨ। ਜੀਵਨ ਦਾ ਕੋਈ ਧਰਾਪਣ ਆਪਣੇ ਨਿੱਜਤਵ ਦੀ ਪਹਿਚਾਣ ਵਿਚੋਂ ਹੀ ਲੱਭਿਆ ਜਾ ਸਕਦਾ ਹੈ। ਮਨੁੱਖ ਦੀ ਕੋਈ ਵੀ ਸਫ਼ਲਤਾ ਉਸ ਦੀਆਂ ਨਿੱਜੀ ਸੰਭਾਵਨਾਵਾਂ ਵਿਚੋਂ ਚੋਣ ਕਰਨ ਦੀ ਯੋਗਤਾ ਹੁੰਦੀ ਹੈ। ਗੁਰਬਾਣੀ ਵਿਚ ਵੀ ਮਨੁੱਖੀ ਜੀਵਨ ਨੂੰ 'ਕਰਮਾਂ ਸੰਦੜਾ ਖੇਤ' ਕਿਹਾ ਗਿਆ ਹੈ।

ਤੂਰ ਨਿਵਾਸ, ਹਲਵਾਰਾ (ਲੁਧਿਆਣਾ)

ਹਰੀ ਅਵਤਾਰ

ਲੈ ਗਈ ਗੱਡ ਜੂਹਾਂ ਤੋਂ ਬਾਹਰ
ਸਿੱਖ ਸਭਿਅਤਾ ਦਾ ਇਹ ਚਾਨਣ
ਹਿੰਦ ਦੀ ਗੋਂਦ ਦਾ ਫ਼ਾਖਰ ਹੈ ਇਹ
ਮਟਕ ਰਹੀ ਸਰਕਾਰ
ਗੁਰੂ ਰਾਮ ਸਿੰਘ ਦੇ ਹੁਣ ਪਿੱਛੋਂ
ਕੌਣ ਸਹੇਗਾ ਸਾਡੀ ਮਾਰ।

ਬਟਣ ਦਬਾ ਕੇ ਖੁਹਲੀਆਂ ਹੁੱਕਾਂ
ਲਾਲ ਬੜਾਛਾਂ ਵਾਲੇ ਕੁੱਤੇ
ਬਹੁਤੇ ਜਮ ਪਲ ਏਸ ਧਰਤ ਦੇ
ਕੌਣ ਓਪਰਾ ਗਲੀਆਂ ਜਾਣੇ
ਗਾਹਣ ਬਣਾਏ ਫ਼ਸਲਾਂ ਕੋਠੇ
ਜਾਬਰ ਲਾਏ ਹੰਸਾਂ ਪਿੱਛੇ
ਵੀਰ ਕੂਕੇ ਦਾ ਵਿਚ ਪੰਜਾਬੇ
ਹੋ ਰਿਹਾ ਕਿਵੇਂ ਸ਼ਿਕਾਰ।

ਤੁੰਨ ਤੁੰਨ ਜੇਂਹਲਾਂ ਬੂਥੀਆਂ ਗਈਆਂ
ਕਾਲਖ ਵਰਗਾ ਕਾਰਨ ਜਿਸਦਾ
ਇਥੇ ਧਰਮ ਇਨ੍ਹਾਂ ਦਾ ਕੋਹੀਏ
ਇਥੇ ਰਹਿਤ ਇਨ੍ਹਾਂ ਦੀ ਲੁੱਟੀਏ
ਇਥੇ ਜ਼ਹਿਰ ਸੋਧ ਤੇ ਮਲੀਏ
ਦੇਖ ਲਵਾਂਗੇ ਕੀ ਕੁਝ ਕਰਦਾ
ਗੁਰੂ ਚੀਨੀ ਅਸਵਾਰ।

ਕਦੇ ਨਾ ਨਿੰਵਦੇ ਰਾਮ ਦੁਲਾਰੇ
ਇਹ ਜੇਲ੍ਹਾਂ ਸਭ ਘਰ ਹਮਾਰੇ
ਲੱਖ ਤਸੀਹੇ ਦਿਸਣ ਨਜ਼ਾਰੇ
ਜੇਹਲਾਂ ਵਿਚ ਦੀਵਾਨ ਗੂੰਜਦੇ
ਬੰਨ੍ਹਣ ਰੰਗ ਗਲਾਸਾਂ ਵਾਲੇ
ਨੇੜੇ ਪਿੰਡ ਤੋਂ ਭੋਜਨ ਅਪੜੇ
ਇਸ ਨਾਲ ਖੁਸ਼ ਨਿਰਬਾਹ ਕਰ ਲੈਂਦੇ
ਇਹ ਸੀ ਸੱਚ ਧਰਮ ਤੇ ਟੇਕਾਂ
ਇਹ ਸੀ ਮਰਨਾ ਜੀਣਾ ਇੱਕੋ
ਇਹ ਸੀ ਪਰਮ ਅਨੰਦ ਪਵਿੱਤਰ
ਜਾਣ ਗਈ ਸਰਕਾਰ
ਇਹ ਹੈ ਅਜਬ ਕਟਾਰ।

ਗੁਰੂ ਧਾਮ ਤੇ ਲੱਗਿਆ ਪਹਿਰਾ
ਟੋਪਾਂ ਵਾਲੇ ਕਰਨ ਪਰੇਟਾਂ
ਜੁੜ ਸਿੰਘਾਂ ਨੂੰ ਬਹਿਣ ਨਹੀਂ ਦੇਣਾਂ
ਦਿਲਬਰ ਨੂੰ ਦੁੱਖ ਕਹਿਣ ਨਹੀਂ ਦੇਣਾਂ
ਐਨਾਂ ਤਾਣ ਵਿਚ ਸੀ ਕੂਕਾ
ਐਨੇ ਜੋਰਾਂ ਵਿਚ ਸੀ ਸੂਰੇ
ਐਥੇ ਤੱਕ ਸੀਗਾ ਇਹ ਬਾਗੀ
ਐਥੇ ਤੱਕ ਸੀ ਪਹੁੰਚ ਏਸ ਦੀ
ਗੁਰ ਤੇ ਸਿੱਖ ਦੇ ਪਦ ਜੁੜਨ ਤੇ
ਸਕਦੀ ਬਦਲ ਨੁਹਾਰ।

ਇਸ ਮੱਸਿਆ ਦੀ ਕਾਲੀ ਰੁੱਤੇ
ਜਦੋਂ ਅਨ੍ਹੇਰੀ ਛਾਈ ਉੱਤੇ
ਜਦੋਂ ਧਰਮ ਦੀ ਹੁੰਦੀ ਮਿਣਤੀ
ਜਦੋਂ ਜਬਰ ਦੀਆਂ ਪੈਣ ਜਰੀਬਾਂ
ਇੱਕ ਸੀ ਜੋਤ ਇਲਾਹੀ ਬੈਠੀ
ਆਪਣਾ ਤਾਣ ਲੜਾਈ ਜਾਂਦੀ
ਹਰ ਦਮ ਤਾਰ ਸਿੰਘਾਂ ਨਾ ਜੋੜੀ
ਮਾਲ ਅਮੋਲ ਪੁਜਾਈ ਜਾਂਦੀ
ਹਰ ਦਾ ਦੁੱਖ ਕਲੇਜੇ ਸਹਿ ਕੇ
ਹਰ ਕੇ ਅੰਦਰ ਆਪਾ ਤਹਿ ਕੇ
ਹਰ ਇੱਕ ਪੀੜ 'ਉਸੇ' ਦੀ ਕਹਿ ਕੇ
ਝੜੀ ਨਾਮ ਦੀ ਆਪੂੰ ਲਾ ਕੇ
ਪਰਮਾਰਥ ਦੀ ਬੁੱਕਲ ਦੇ ਵਿਚ
ਗੁਰੂ ਵੀਰ ਦੀ ਜੋਤ ਜਗੰਦੀ
ਨੇਤਰ ਰਹੇ ਝੁਹਾਰ।

ਵਿਚਰ ਰਹੇ ਸੰਸਾਰ।
ਗੁਰੂ ਹਰੀ ਅਵਤਾਰ।

ਆਸ਼ਿਕ

— ਅਮਰਜੀਤ ਸਿੰਘ ਸੰਧੂ

ਛੱਡ ਓਏ ਕਵੀਆ ਇਸ਼ਕ-ਮੁਸ਼ਕ ਨੂੰ, ਇਸ਼ਕ ਇਸ਼ਕ ਕੀ ਕਰਦਾ ਰਹਿਨੈਂ!
ਸੋਚਾਂ ਦੇ ਵਿਚ ਡੁੱਬਿਆ ਰਹਿਨੈਂ, ਠੰਡੇ ਹੌਕੇ ਭਰਦਾ ਰਹਿੰਨੈ।
ਕਦੇ ਕਿਸੇ ਦੇ ਕਿੱਸੇ ਛੇੜੇਂ, ਕਦੇ ਕਿਸੇ ਦੀ ਕਹਾਣੀ ਪਾਉਂਨੈ।
ਕਦੇ ਕਿਸੇ ਸੋਹਣੀ ਦੀ ਫੋਟੋ, ਘੁੱਟ ਘੁੱਟ ਕੇ ਸੀਨੇ ਲਾਉਂਨੈਂ।
ਮੰਨ ਲਿਆ ਕਿ ਸ਼ਾਇਰ ਹੈ ਤੂੰ, ਕਵਿਤਾ ਕਹਿਣਾ ਕੰਮ ਹੈ ਤੇਰਾ।
ਤੇਰੇ ਕਰਕੇ ਕਵਿਤਾ ਹੈ ਤੇ ਕਵਿਤਾ ਕਰਕੇ ਦਮ ਹੈ ਤੇਰਾ।
ਲੇਕਿਨ ਕਵਿਤਾ ਇਹ ਤਾਂ ਨਹੀਂ ਕਿ ਖਿਆਲਾਂ ਦੇ ਹੀ ਮਹਿਲ ਉਸਾਰੇਂ।
ਵਲਵਲਿਆਂ ਦਾ ਜੀਵਨ ਜੀਵੇਂ, ਅਸਲੀਅਤ ਨੂੰ ਮੁੱਢੋਂ ਮਾਰੇਂ।
ਕਿਧਰੇ ਸਜਣੀ ਦੇ ਕੇਸਾਂ ਨੂੰ ਕਾਲੀ-ਘਟਾ ਪੁਕਾਰੀ ਜਾਨੈਂ।
ਕਾਲੀ ਰਾਤੋਂ ਤਾਰੇ ਲੈ ਕੇ, ਉਸ ਦੇ ਕੇਸ ਸ਼ਿੰਗਾਰੀ ਜਾਨੈਂ।
ਕਦੀ ਆਖਦੈਂ ਚੰਦ ਨਾਲੋਂ ਵੀ, ਉਸ ਦਾ ਮੁੱਖੜਾ ਸੋਹਣਾ ਲੱਗਦੈ।
ਡੱਲ ਝੀਲ ਦੇ ਝਿਲਮਿਲ-ਪਾਣੀ ਨਾਲੋਂ ਵੀ ਮਨਮੋਹਣਾ ਲੱਗਦੈ।
ਅੱਖਾਂ ਦਾ ਨੀਲਾ-ਪਨ ਉਸ ਦਾ, ਤੂੰ ਨੀਲਾ ਅਸਮਾਨ ਬਣਾਇਆ।
ਅੱਖੀਂ ਹੰਝੂ ਤੱਕੇ ਕਿਧਰੇ, ਸਾਗਰ ਦਾ ਤੂਫ਼ਾਨ ਬਣਾਇਆ।
ਪਾਤਾਲਾਂ ਤੋਂ ਅਰਸ਼ਾਂ ਤੀਕਣ, ਸਾਰੇ ਨਜ਼ਰ ਘੁਮਾ ਆਇਆ ਏਂ।
ਲੇਕਿਨ ਤੈਨੂੰ ਧਰਤ ਨਾ ਦਿੱਸੀ, ਕਿਥੇ ਹੋਸ਼ ਗੁਆ ਆਇਆ ਏਂ।
ਮੈਂ ਗੁਸਤਾਖ਼ੀ ਕਰਨੀ ਚਾਹੁੰਦਾਂ, ਦੇ ਦੇ ਜ਼ਰਾ ਇਜਾਜ਼ਤ ਮੈਨੂੰ।
ਆ ਕਵੀਆ! ਤੇਰੀ ਹੀ ਧਰਤੀ ਦੀ ਫੋਟੋ ਦਿਖਲਾਵਾਂ ਤੈਨੂੰ।
ਔਹ ਤੇਰੀ ਸਜਨੀ ਵਰਗੀ ਹੀ, ਆਉਂਦੀ ਉ ਮੁਟਿਆਰ ਹੁਸੀਨਾ।
ਸੁੱਕੇ-ਬੁੱਲ੍ਹ ਸਿੱਕਰੀ ਮਾਰੇ, ਚੋ ਚੋ ਪੈਂਦਾ ਪਿਆ ਪਸੀਨਾ।
ਸਿਰ ਤੇ ਪੰਡ ਧਾਏ ਤੋਂ ਭਾਰੀ, ਪੈਰ ਡੋਲਦੇ ਥਿੜਕ ਰਹੇ ਨੇ।
ਸਾਰੇ ਦਿਨ ਦੀ ਮਿਹਨਤ-ਮਾਰੇ, ਅੰਗ ਨਿਮਾਣੇ ਤਿੜਕ ਰਹੇ ਨੇ
ਹੱਡ-ਭੰਨਵੀਂ ਮਿਹਨਤ ਦਾ ਵੀ, ਏਨਾ ਇਵਜ਼ ਕਮਾ ਨਹੀਂ ਸਕਦੀ।
ਭਰਨਾ ਪੇਟ ਤਾਂ ਪਾਸੇ ਦੀ ਗੱਲ, ਭੁੱਖਾ ਪੇਟ ਲੁਕਾ ਨਹੀਂ ਸਕਦੀ।
ਲੀੜੇ ਲੀਰਾਂ-ਲੀਰਾਂ ਹੋਏ, ਲੀਰਾਂ ਲੱਜ ਕੱਜਣੋਂ ਆਰੀ।
ਕਦੀ ਛੁਪਾਵੇ ਛਾਤੀ ਤਾਈਂ, ਕਦੀ ਛੁਪਾਵੇ ਪੇਟ ਵਿਚਾਰੀ।
ਕਦੀ ਪੱਟ ਤੋਂ ਪਾਟੀ ਸੁੱਥਣ, ਪਰਤ ਪਰਤ ਕੇ ਢੱਕੀ ਜਾਵੇ।
ਬਿਨ-ਕੱਪੜਿਓਂ ਅੰਗ ਛੁਪਾ ਕੇ, ਜੀਵਨ-ਗੱਡੀ ਧੱਕੀ ਜਾਵੇ।
ਔਹ ਵੇਖੀਂ-ਇਕ ਬੁੱਢੀ ਮਾਤਾ, ਤੇਰੀ ਮਾਂ ਜਾਂ ਮੇਰੀ ਮਾਂ ਹੈ।
ਇਹ ਹੈ ਜੱਗ ਦੀ ਜੰਮਣ-ਹਾਰੀ, ਏਸੇ ਦਾ ਹੀ 'ਔਰਤ' ਨਾਂ ਹੈ।
ਲੇਕਿਨ ਵੀਰਾ, ਇਸ ਨੂੰ ਬੁੱਢੇਵਾਰੇ ਵੀ ਆਰਾਮ ਨਹੀਂ ਹੈ।
ਠੂਠੇ ਦੇ ਵਿਚ ਆਟਾ ਨਹੀਂ ਹੈ, ਬੋਝੇ ਦੇ ਵਿਚ ਦਾਮ ਨਹੀਂ ਹੈ।
ਹਿੰਮਤ-ਹਾਰੀ, ਉਮਰਾ-ਭੰਨੀ, ਕੰਮ ਤਾਂ ਕੋਈ ਕਰ ਨਹੀਂ ਸਕਦੀ।
ਲੇਕਿਨ ਬੱਚੇ ਵਿਧਵਾ ਨੂੰਹ ਦੇ, ਭੁੱਖੇ ਮਰਦੇ ਜਰ ਨਹੀਂ ਸਕਦੀ।

ਔਹ ਬੁੱਢੀ ਨੂੰ ਠੇਡਾ ਲੱਗਾ, ਡਿੱਗ ਪਈ ਮੂੰਹ-ਭਾਰ ਵਿਚਾਰੀ।
ਪੇਟ ਵਾਸਤੇ ਦਰ ਦਰ ਫਿਰਦੀ, ਕੀ ਕਰਦੀ ਲਾਚਾਰ ਵਿਚਾਰੀ।
ਨਜ਼ਰ-ਵਿਹੂਣੀ, ਠੇਡਾ ਖਾ ਕੇ ਡਿੱਗ ਪਈ ਪਰ ਚੁੱਕਦਾ ਕਿਹੜਾ ?
ਚਲੋ-ਚਲੀ ਦੀ ਚੱਲੇ ਦੁਨੀਆਂ, ਇਸ ਦੀ ਖ਼ਾਤਿਰ ਰੁਕਦਾ ਕਿਹੜਾ ?
ਔਹ ਜਿਹੜੀ ਹੈ ਤੀਵੀਂ ਬੈਠੀ, ਬੱਚੇ ਇੱਟਾਂ ਮਾਰ ਰਹੇ ਨੇ।
"ਝੱਲੀ ਝੱਲੀ" ਕਹਿ ਝੱਲੀ ਨੂੰ, ਝੱਲੇ ਝੱਲ ਖਿਲਾਰ ਰਹੇ ਨੇ।
ਇਹ ਜੋਬਨ ਦੀ ਵਿਧਵਾ, ਇਸ ਨੇ ਅੰਗ ਵੇਚ ਕੇ ਉਮਰ ਬਿਤਾਈ।
ਰੂਪ ਗਿਆ, ਜੋਬਨ ਵੀ ਖੁਸਿਆ ਪਰ ਬੇਤਰਸ ਮੌਤ ਨਾ ਆਈ।
ਔਧਰ ਵੇਖੀਂ ਵਿਲਕ ਰਿਹਾ ਈ, ਢਿੱਡੋਂ ਭੁੱਖਾ ਬਾਲ ਕਿਸੇ ਦਾ।
ਬਿਨਾਂ ਦਵਾਈਓਂ ਔਹ ਮਰਿਆ ਈ, ਨੰਨ੍ਹਾ-ਮੁੰਨਾ ਲਾਲ ਕਿਸੇ ਦਾ।
ਏਨਾ ਹੀ ਨਹੀਂ- ਆ ਧਰਤੀ ਤੇ, ਧਰਤੀ ਵਾਲੇ ਹੋਰ ਵਿਖਾਵਾਂ।
ਧਰਮਾਂ ਖ਼ਾਤਿਰ, ਧਰਤੀ ਖ਼ਾਤਿਰ, ਲੜਦੇ ਜ਼ੋਰੋ-ਜ਼ੋਰ ਵਿਖਾਵਾਂ।
ਔਹ ਧਰਮਾਂ ਦੇ ਨਾਂ ਤੇ ਕਵੀਆ, ਪੀਲੇ ਸੂਹੇ ਝੰਡੇ ਉੱਠੇ।
ਔਹ ਦੋਹਾਂ ਤੇ ਗੋਲੀ ਚੱਲੀ, ਕਰ ਦਿੱਤੇ ਦੋਵੇਂ ਹੀ ਪੁੱਠੇ।
ਔਹ ਕਾਲਜ ਦੇ ਛੋਕਰਿਆਂ ਨੇ, ਕਿਸੇ ਕੁੜੀ ਦੀ ਚੁੰਨੀ ਖਿੱਚੀ।
ਔਹ ਚੰਦੂ ਨੇ ਵੀਰ ਸਿੰਘ ਦੀ, ਵੱਢੀ ਮਾਰ ਗੰਡਾਸਾ ਗਿੱਚੀ।
ਲਾਭ ਸਿਹੁੰ ਨੇ ਲਾਲ ਚੰਦ ਦੇ ਟਕੂਆ ਸਿਰ ਦੇ ਵਿੱਚ ਟਿਕਾਇਆ।
ਔਹ ਲਾਰੀ ਨੂੰ ਲਾਂਬੂ ਲੱਗਾ, ਸੜੇ ਪਿਆ ਸਾਂਝਾ ਸਰਮਾਇਆ।
ਏਧਰ ਅੱਤ ਗਰੀਬੀ, ਓਧਰ ਜਾਏਦਾਦਾਂ ਸਾੜੀ ਜਾਵਣ।
ਇਹ ਬਾਗ਼ਾਂ ਦੇ ਝੱਲੇ ਮਾਲੀ, ਆਪੇ ਬਾਗ਼ ਉਜਾੜੀ ਜਾਵਣ।
ਕਲਯੁਗ ਦੇ ਵਿਚ ਬਣ ਗਏ ਕਵੀਆ, ਕਲਯੁਗ ਦੇ ਅਨਕੂਲ ਪੁਜਾਰੀ।
ਵੰਡ ਰਹੇ ਪਰਸ਼ਾਦ ਸਮਝਕੇ, ਕਿਰਪਾਨਾਂ ਤਿਰਸ਼ੂਲ ਪੁਜਾਰੀ।
ਇਹ ਘਟਨਾ ਨਿੱਤ ਵਾਪਰਦੀ ਹੈ, ਇੱਕ-ਅੱਧੀ ਘਟਨਾ ਨਾ ਜਾਣੀ।
ਇੱਕ ਤੰਦ ਦੀ ਗੱਲ ਨ ਸਮਝੀਂ, ਉਲਝ ਗਈ ਊ ਸਾਰੀ ਤਾਣੀ।
ਔਧਰ ਕਾਰ 'ਚ ਬੰਬ ਰੱਖਦਾ, ਉੱਡ ਗਿਆ ਜੇ ਆਪੇ ਕੋਈ।
ਕਿੰਨੇ ਨਾਲ ਬੇਦੋਸ਼ੇ ਉੱਡੇ, ਇਹ ਕਿਸ ਧਰਮ ਦੀ ਸੇਵਾ ਹੋਈ ?
ਔਹ ਅਖ਼ਬਾਰ ਨੂੰ ਸੁਰਖ਼ੀ ਮਿਲ ਗਈ, ਉਸ ਨੇ ਘੜ ਕੇ ਖ਼ਬਰ ਲਗਾਈ।
ਅੱਗ ਲਾ ਕੇ ਛੱਬੂ ਰੂੜੀ ਤੇ, ਲੜ ਕੇ ਮਰ ਗਏ ਭਾਈ ਭਾਈ।
ਇਸ ਵੇਲੇ ਵੇਲਾ ਹੈ ਕਵੀਆ, ਲੋਕ-ਦਿਲਾਂ ਵਿਚ ਜੋਤ ਜਗਾ ਦੇ।
ਇਸ ਵੇਲੇ ਕੀ ਕਰਨਾ ਬਣਦੈ, ਸਜਣਾ ਸਭਨਾਂ ਨੂੰ ਸਮਝਾ ਦੇ।
ਸੁਣਿਐਂ ਕਵੀਆ ! ਤੇਰੀ ਬੋਲੀ, ਸਭ ਦੇ ਦਿਲ ਨੂੰ ਪੋਹ ਜਾਂਦੀ ਹੈ।
ਮਿੱਠੀ ਮਨ ਨੂੰ ਮੋਹ ਜਾਂਦੀ ਹੈ, ਕੌੜੀ ਵੀ ਸਹਿ ਹੋ ਜਾਂਦੀ ਹੈ।
ਤਾਂ ਹੀ ਕਹਿਨਾਂ, ਛਡ ਦੇ ਹੁਣ ਤੂੰ, ਇਸ਼ਕ-ਮੁਸ਼ਕ ਦੀ ਗੱਲ ਪੁਰਾਣੀ।
ਲਿਖ ਦੇ ਦੁਖੀਆਂ ਦੇ ਦੁੱਖਾਂ ਦੀ, ਦਰਦ ਭਰੀ ਕੋਈ ਦਰਦ-ਕਹਾਣੀ।
ਜੰਤਾ ਦੀ ਦੇਵੀ ਦਾ ਅੜਿਆ, 'ਸੰਧੂ' ਵੀਰ ਉਪਾਸ਼ਕ ਬਣ ਜਾ।
ਇਹ ਦੁਨੀਆਂ ਮਾਸ਼ੂਕ ਬਣਾ ਲੈ, ਤੂੰ ਦੁਨੀਆਂ ਦਾ ਆਸ਼ਿਕ ਬਣ ਜਾ।

421 ਦਕੋਹਾ (ਜਲੰਧਰ)

ਧੀਆਂ ਦੀ ਗ਼ਜ਼ਲ

—ਹਰਭਜਨ ਸਿੰਘ ਕੋਮਲ

ਪਹਿਲਾਂ ਵੀ ਤਾਂ ਪੁੱਤਾਂ ਬਾਰੇ, ਆਲਮ ਬੜਾ ਉਲਾਰ ਸੀ ਮਾਂ।
ਪਰ ਧੀਆਂ ਦੀ ਰੱਤੇ ਨਾਉਂਦਾ ਏਨਾ ਨਾ ਖ਼ੂੰ-ਖਾਰ ਸੀ ਮਾਂ।
ਕਲੀਆਂ ਕਲੀਆਂ ਸੁੱਟੀ ਜਾਏ, ਤੇ ਫੁੱਲਾਂ ਨੂੰ ਸਾਂਭੀ ਜਾਏ।
ਇਸ ਤੋਂ ਪਹਿਲਾਂ ਤਾਂ ਮਾਲੀ ਦਾ, ਨਾ ਐਸਾ ਕਿਰਦਾਰ ਸੀ ਮਾਂ।
ਘਰ ਦੇ ਵੱਡਿਆਂ ਤੇ ਮਰਦਾਂ ਦਾ, ਦਾਬਾ ਸੀ ਵਰਨਾਂ ਨੰਨ੍ਹੀ ਨੂੰ
ਕੁੱਖ ਵਿਚ ਹੀ ਮਾਰ ਮੁਕਾਣਾ, ਤੈਨੂੰ ਨਾ ਦਰਕਾਰ ਸੀ ਮਾਂ।
ਓਸੇ ਕਾਰਨ ਤਿੱਤਲੀਆਂ ਦੇ, ਏਨੇ ਸਾਰੇ ਪੰਖ ਕਟੇ ਨੇ
ਸੋਚ ਗ੍ਰਹਿਣੀ ਹੋਈ ਦਾ ਜੋ ਉਹਨਾਂ ਨਾਲ ਵਿਹਾਰ ਸੀ ਮਾਂ।
ਤੇਰੇ ਏਨੇ ਵੱਡੇ ਘਰ ਦੇ, ਮੈਂ ਖੂੰਜੇ ਵਿਚ ਪੈ ਰਹਿਣਾ ਸੀ।
ਤੂੰ ਮਾਲਕ ਸੈਂ ਮੈਂ ਗੋਲੀ ਸਾਂ, ਸਾਡਾ ਕੀ ਤਕਰਾਰ ਸੀ ਮਾਂ।
ਹੁਣ ਤਾਂ ਮੈਨੂੰ ਉਹ ਵੀ ਆਪਣੇ, ਸੀਨੇ ਵਿਚ ਸਮਾਇਆ ਲਗਦੇ,
ਤੇਰੀ ਹਿੱਕ ਦਾ ਨਿੱਘ ਸੀ ਭਾਵੇਂ, ਤੇਰੀ ਹਿੱਕ ਦਾ ਠਾਰ ਸੀ ਮਾਂ।
ਦਿਨ ਚੜ੍ਹਿਆ ਤਾਂ ਆਪਸ ਦੇ ਵਿਚ ਉਵੇਂ ਗੁੱਥਮ-ਗੁੱਥਾ ਹੋਏ
ਰਾਤੀਂ ਸੁਪਨੇ ਵਿਚ ਤੂੰ ਜਿਹੜੇ, ਦਿੱਤੇ ਵਾਲ ਸੰਵਾਰ ਸੀ ਮਾਂ।
ਲੱਖ ਜੰਦਰੇ ਮਾਰ ਲਵਾਂ ਮੈਂ, ਓਦਾਂ ਕਿਵੇਂ ਸੰਭਾਲ ਸਕਾਂਗੀ,
ਜਿੰਦਾਂ ਹਰ ਇਕ ਭੇਤ ਅਸਾਡਾ, ਦੋਹਾਂ ਦੇ ਵਿਚਕਾਰ ਸੀ ਮਾਂ।
ਤੇਰੇ ਬਾਝੋਂ ਬੋਲ ਮੁਹੱਬਤ ਦੇ ਵੀ ਕੌੜੇ ਲਗਦੇ ਨੇ
ਉਹ ਮਿੱਠੀ ਸੀ ਭਾਵੇਂ ਤੇਰੀ, ਛਮਕਾਂ ਦੀ ਹੀ ਮਾਰ ਸੀ ਮਾਂ।
ਮੈਨੂੰ ਲੱਖ ਬਿਠਾਵਨ ਪਲਕੀਂ, ਵੀਰੇ ਤੇ ਭਰਜਾਈਆਂ ਕੋਮਲ
ਪਰ ਉਹ ਕਿੱਥੋਂ ਲਭਣੀ ਹੈ ਜੋ ਤੇਰੇ ਨਾਲ ਬਹਾਰ ਸੀ ਮਾਂ।

('ਧੀਆਂ ਦੀ ਗ਼ਜ਼ਲ' ਨਾਂ ਦੀ ਇਕ ਲੰਮੀ ਗ਼ਜ਼ਲ ਦੇ ਕੁਝ ਸ਼ੇਅਰ)

ਗ਼ਜ਼ਲ

—ਪ੍ਰੋ. ਕਰਤਾਰ ਸਿੰਘ ਕਾਲੜਾ

ਖ਼ੁਦਾ ਮੇਰੇ ਨੇ ਹੈ ਜ਼ਿਹਨ ਮੇਰੇ 'ਚ
ਹੈ ਕਿਰਨ ਸੂਰਜ ਦੀ ਇਉਂ ਟਿਕਾਈ
ਕਿ ਦੌੜੇ ਜਾਂਦੇ ਹਨੇਰਿਆਂ ਨੂੰ
ਨਾ ਹੋਂਦ ਲੱਭੀ ਨਾ ਹੋਸ਼ ਆਈ।

ਸੀ ਜਮਘਟਾ ਬਣ ਕੇ ਜਦ ਤੋਂ ਕਿਰਨਾਂ
ਜ਼ਿਹਨ ਮੇਰੇ ਨੂੰ ਨਿਖਾਰ ਗਈਆਂ,
ਤਾਂ ਕਹਿਕਸ਼ਾਂ ਮਨ 'ਚ ਸਿਰਜ ਹੋਈ,
ਤੇ ਜਿੰਦੂੰ-ਧੁਪੜੀ ਨੇ ਹੋਂਦ ਪਾਈ।

ਜਾਂ ਚਾਨਣਾ ਚੰਦ੍ਰਮਾ ਨੇ ਮੰਗਿਆ,
ਤਾਂ ਬਣ ਗਈ ਭਾਅ ਦੀ ਤਾਰਿਆਂ ਦੇ,
ਜਿਨ੍ਹਾਂ 'ਚ ਸੀ ਆਪਣੀ ਲੋਅ ਉਹ ਚਮਕੇ,
ਤੇ ਹੋਂਦ ਬਾਕੀ ਦਿਆਂ ਗਵਾਈ।

ਜਾਂ ਚੰਨ ਚਾਨਣ ਉਧਾਰ ਲੀਤਾ
ਤੇ ਆ ਕੇ ਪੁੱਜਾ ਉਹ ਜੋਬਨੇ 'ਤੇ,
ਤਾਂ ਵਧ ਗਈ ਖਿੱਚ ਸਾਗਰਾਂ ਵਿਚ
ਉਹ ਦੇਣ ਮਿਲਣੇ ਲਈ ਦੁਹਾਈ।

ਵਿਗੋਚਿਆਂ ਹੁਣ ਹਲਾਲ ਕੀਤਾ
ਤੇ ਲੋਕ-ਚਿਹਰੇ ਨੇ ਜ਼ਰਦ ਹੋਏ,
ਜੋ ਕਿਰਤ ਦਿਨ ਦਿਨ ਹੋਈ ਹੈ ਬੇਬਸ,
ਹੈ ਧਨ-ਕੁਬੇਰਾਂ ਨੇ ਐਸ਼ ਪਾਈ।

ਜੋ ਦੇਸ਼ ਤੋਂ ਬਾਹਰ ਜਾ ਕੇ ਬਣਦੇ ਸੀ
ਧਰਮ-ਨਿਰਪੱਖ ਤੇ ਦੋਸ਼-ਮੁਕਤੇ,
ਉਨ੍ਹਾਂ ਹੀ ਧਰਮਾਂ 'ਚ ਕਾਂਜੀ ਘੋਲੀ
ਉਨ੍ਹਾਂ ਨੂੰ ਗੱਦੀ ਹੈ ਰਾਸ ਆਈ।

ਬਹਾਰ ਹੋਕੇ ਪਈ ਹੈ ਭਰਦੀ
ਤੇ ਪਤਝੜਾਂ ਵਿਚ ਸਮੀਰੀ ਪੌਣਾਂ,
ਜੋ ਸੁੱਕਾ ਸਾਵਣ ਗੁਜ਼ਰ ਗਿਆ ਸੀ
ਤਾਂ ਮਾਰੂਥਲ ਵਿਚ ਬਹਾਰ ਆਈ।

ਹੈ ਹੋਂਦ ਹਸਤੀ ਦੀ ਤਾਂ ਸਲਾਮਤ
ਜੋ ਸਿਰ ਤਲੀ ਤੇ ਹਾਂ ਧਰਕੇ ਤੁਰਿਆ,
ਉਨ੍ਹਾਂ ਨੂੰ ਹੀ ਮੰਜ਼ਿਲਾਂ ਉਡੀਕਣ,
ਜਿਨ੍ਹਾਂ ਸਿਰਾਂ ਦੀ ਬਲੀ ਚੜ੍ਹਾਈ।

ਕੀ ਅੱਧ-ਸਦੀ ਦੀ ਹੈ ਘਾਲ ਥੋੜੀ,
ਜੋ 'ਕਾਲੜੇ' ਨੂੰ ਪਛਾਣਦਾ ਨਈਂ,
ਜਿਨ੍ਹਾਂ ਕਲਾ ਨਾ ਕੋਈ ਵੀ ਸਿਰਜੀ,
ਉਨ੍ਹਾਂ ਦੀ ਬੇੜੀ ਤੂੰ ਪਾਰ ਲਾਈ ?

੩੯੨੯/੩ ਕਰਤਾਰ ਨਗਰ, ਜਵੱਦੀ ਰੋਡ,
ਲੁਧਿਆਣਾ-141002

ਬਾਬਾ ਸੋਹਣ ਸਿੰਘ ਭਕਨਾ ਨਾਲ ਇਕ ਮੁਲਾਕਾਤ

ਇਨਕਲਾਬੀ ਮਹਾਂ ਪੁਰਸ਼ ਦੇ ਚਰਨਾਂ ਵਿਚ

—ਪ੍ਰੀਤਮ ਸਿੰਘ ਕਵੀ

ਉਸ ਦਿਨ ਪਹਿਲੀ ਮਈ ਸੀ। ਮਜ਼ਦੂਰ ਜਮਾਤ ਦਾ ਕੌਮਾਂਤਰੀ ਏਕਤਾ ਦਾ ਦਿਹਾੜਾ। ਆਖ਼ਰਾਂ ਦੀ ਗਰਮੀ ਸੀ। ਉਡਦੇ ਪੰਛੀ ਰੁੱਖਾਂ ਦੀਆਂ ਸੰਘਣੀਆਂ ਟਾਹਣੀਆਂ ਵਿਚ ਪਨਾਹ ਲੈ ਕੇ, ਚੁੰਝਾਂ ਖੋਹਲੀ ਸੁਖਾਵੇਂ ਸਮੇਂ ਦੀ ਉਡੀਕ ਕਰ ਰਹੇ ਸਨ। ਮਨੁੱਖ ਤੇ ਪਸ਼ੂ ਵੀ ਛਾਵਾਂ ਹੇਠ ਹਾਕਲ ਬਾਕਲ ਹੋਏ ਬੈਠੇ ਸਨ ਕਿ ਮੈਂ ਛਤਰੀ ਦੇ ਸਾਏ ਹੇਠ ਉਸ ਮਹਾਂ ਪੁਰਸ਼ ਦੇ ਖੇਤਾਂ ਵਿਚ ਪਹੁੰਚਾ ਜਿਸ ਨੇ ਜ਼ਿੰਦਗੀ ਦੀਆਂ ਛਿਆਨਵੇਂ ਬਹਾਰਾਂ ਚੋਂ ੭੬ ਸਮੁਚੇ ਤੌਰ ਤੇ ਦੇਸ਼ ਦੇ ਲੇਖੇ ਲਾਈਆਂ। ਸਚੇ ਅਰਥਾਂ ਵਿਚ ਸੁਆਰਥ ਹੀਨ ਜੀਵਨ ਜੀਵਿਆ। ਅਮਲੀ ਤੌਰ ਤੇ ਸਾਰੀ ਮਨੁਖਤਾ ਨੂੰ ਆਪਣਾ ਪਰਵਾਰ ਸਮਝਿਆ। ਆਪਣੇ ਵਾਸਤੇ ਕੋਈ ਟਕਾ ਕਮਾਣ ਦੀ ਥਾਂ ਮਹਾ-ਜੀਵਨ ਦੇ ਭਲੇ ਅਰਥ ਸਰੀਰਕ ਤੇ ਮਾਨਸਿਕ ਸ਼ਕਤੀ ਨੂੰ ਲੇਖੇ ਲਾਇਆ।

ਖੇਤਾਂ ਵਿਚ ਉਸਦਾ ਨਿਕਾ ਜਿਹਾ, ਦੋ ਤਿੰਨ ਕਮਰਿਆਂ ਦਾ ਘਰ ਸੀ। ਜਿਸ ਦੇ ਦੁਆਲੇ ਕਿਸਾਨ ਕਿਤੇ ਕਿਤੇ ਗਹਾਈ ਵਿਚ ਰੁਝੇ ਨਜ਼ਰ ਪੈਂਦੇ। ਕਿਸੇ ਪਾਣੀ ਲਾਇਆ ਹੋਇਆ ਸੀ। ਉਸਦੇ ਘਰ ਤੋਂ ਦਖਣ ਵਲ ਇਕ ਦੋ ਖੇਤਾਂ ਦੇ ਫਾਸਲੇ ਤੇ ਹਾਈ ਸਕੂਲ ਦੀ ਇਮਾਰਤ ਸੀ, ਤੇ ਇਹ ਉਸਦੀ ਆਪਣੀ ਜ਼ਮੀਨ ਵਿਚ ਸੀ, ਜਿਹੜੀ ਉਸਨੇ ਨਵੇਂ ਯੁਗ ਦੇ ਆਉਣ ਵਾਲੇ ਬੱਚਿਆਂ ਨੂੰ ਸਮਰਪਣ ਕਰ ਛੱਡੀ, ਤਾਕਿ ਉਹ ਘਟ ਖੇਚਲ ਵਿਚ ਵਧ ਤੋਂ ਵਧ ਪੜ੍ਹਨ।

ਖਾਸਿਓਂ ਉਤਰ ਮੈਂ 'ਭਕਨਾ' ਪਿੰਡ ਦਾ ਪਤਾ ਕਰ ਅਤੇ ਅਗੋਂ ਬਾਬਾ ਸੋਹਣ ਸਿੰਘ ਜੀ ਦਾ ਪਤਾ ਪੁਛ ਏਥੇ ਪਹੁੰਚਾ ਸੀ। ਮੈਂ ਵੇਖਿਆ ਕਿ ਲੋਕਾਂ ਵਿਚ ਉਨ੍ਹਾਂ ਦਾ ਕਿੰਨਾ ਸਤਿਕਾਰ ਸੀ। ਹਰ ਕੋਈ ਅਦਬ ਨਾਲ ਬਾਬਾ ਜੀ ਦਾ ਜ਼ਿਕਰ ਕਰਦਾ। ਇਕ ਨੇ ਕਿਹਾ : ਜੀ, ਉਹ ਹੁਣੇ ਇਸ਼ਨਾਨ ਕਰਕੇ ਹਟੇ ਨੇ। ਅਜ ਏਥੇ ਹੀ ਨੇ। ਸਵੇਰੇ ਉਨ੍ਹਾਂ ਨੂੰ ਮਿਲਣ ਵਾਸਤੇ ਜਰਮਨੀ ਵਿਚੋਂ ਦੋ ਕੁ ਜਣੇ ਆਏ ਸਨ, ਤੁਸੀਂ ਕਿਥੋਂ ਆ ਰਹੇ ਹੋ ?

'ਜ਼ਿਲਾ ਹਿਸਾਰ ਦੀ ਤਹਿਸੀਲ ਸੰਰਸਾ ਵਿਚੋਂ ਦੱਸ ਮੈਂ ਅਗਾਂਹ ਸਰਕ ਗਿਆ ਤੇ ਬਾਬਾ ਜੀ ਦਾ ਜੀਵਨ ਮੇਰੀਆਂ ਅਖਾਂ ਅਗੇ ਫਿਲਮ ਵਾਂਗ ਘੁੰਮ ਗਿਆ। ਅਮਰੀਕਾ ਵਿਚ ਰੁਪਏ ਕਮਾਣ ਲ਼ਈ ਜਾਣਾ। ਓਥੋਂ ਦੇਸ਼ ਭਗਤੀ ਦੀ ਕਮਾਈ ਕਰ ਲਿਆਣੀ। ਗੁਲਾਮੀ ਨੂੰ ਰਬੀ ਨਿਆਮਤ ਸਮਝ ਕੇ ਗਲ ਲਾਈ ਰਖਣ ਵਾਲੇ ਬਹੁਤੇ ਭਾਰਤੀਆਂ ਤੇ ਤਰਸ ਆਉਣਾ। ਇਨ੍ਹਾਂ ਨੂੰ ਆਜ਼ਾਦੀ ਦੀ ਸੂਝ ਦੇਣ ਲਈ ਗਦਰ ਪਾਰਟੀ ਦਾ ਆਰੰਭ ਕਰਨਾ। ਸੰਨ ੧੪ ਵਿਚ ਦੇਸ਼ ਭਰ ਵਿਚ ਫੌਜੀ ਬਗ਼ਾਵਤ ਦੇ ਆਧਾਰ ਤੇ ਬਰਤਾਨਵੀ ਰਾਜ ਦਾ ਭੋਗ ਪਾ ਦੇਣ ਲਈ ਜਾਨ ਹੂਲਵੀਂ ਮਿਹਨਤ ਕਰਨੀ। ਅਸਫਲ ਹੋਣਾ। ਜਹਾਜ਼ੋਂ ਉਤਰਦਿਆਂ ਗ੍ਰਿਫਤਾਰੀ ਹੋ ਜਾਣੀ ਫਾਹੇ ਦੀ ਸਜ਼ਾ ਮਿਲਣੀ। ਦੇਸ਼ ਦੇ ਚੋਟੀ ਦੇ ਸਿਆਣੇ ਵਕੀਲਾਂ ਦੇ ਜਤਨਾਂ ਨਾਲ ਬਾਬਾ ਜੀ ਤੇ ਇਹਨਾਂ ਦੇ ਸਾਥੀਆਂ ਦੀ ਸਜ਼ਾ ਤਾ ਜ਼ਿੰਦਗੀ ਕਾਲੇ ਪਾਣੀਆਂ ਵਿਚ ਤਬਦੀਲ ਹੋ ਜਾਣੀ। ਭੁਖ ਹੜਤਾਲਾਂ ਕਰਨੀਆਂ। ਜੇਲਾਂ ਵਿਚ ਮਨੁਖੀ ਅਧਿਕਾਰਾਂ ਲਈ ਲੜਨਾ। ਕਾਂਗਰਸ ਵਿਚ ਆਉਣਾ। ਤੇ ਫੇਰ ਇਸ ਨੂੰ ਧਨਾਢਾਂ ਦੀ ਪਾਰਟੀ ਸਮਝ ਕੇ ਕਮਿਊਨਿਸਟਾਂ ਲਈ ਆਪਣੇ ਘਰ-ਦਰ ਖੋਲ੍ਹਣੇ ਤੇ ਅਨੇਕਾਂ ਵਾਰ ਕਮਿਊਨਿਸਟ ਹੋਣ ਦੇ ਅਪਰਾਧ ਵਿਚ ਜੇਹਲ ਜਾਣਾ, ਨਜ਼ਰ ਬੰਦ ਹੋਣਾ ਤੇ ਭੁਖ ਹੜਤਾਲਾਂ ਕਰਨੀਆਂ ਪਰ ਇਸ ਵਿਸ਼ਵਾਸ ਨੂੰ ਇਕ ਪਲ ਲਈ ਵੀ ਨ ਤਿਆਗਣਾ ਕਿ ਦੇਸ਼ ਅਤੇ ਦੁਨੀਆਂ ਵਿਚ ਸਤਿਜੁਗ ਨੂੰ ਸਥਾਪਤ ਕਰਨਾ ਹੈ। ਹਰ ਇਨਸਾਨ ਲਈ ਰੋਟੀ ਰੋਜ਼ੀ ਤੇ ਰਿਹਾਇਸ਼ ਦਾ ਪ੍ਰਬੰਧ ਜ਼ਰੂਰੀ ਫਰਜ਼ ਹੋਇ ਸਰਕਾਰਾਂ ਦਾ। ਮਨੁਖ ਦਾ ਬੱਚਾ ਖੁਲੀਆਂ ਪੌਣਾ ਵਿਚ, ਚੰਗੇ ਉਚੇ ਮਿਆਰ ਨਾਲ ਅਨੰਦ ਮਾਣੇ ਤੇ ਸਭ ਪਾਸੇ ਸੁਖ ਸ਼ਾਂਤੀ ਦੇ ਸਮਰਿਧੀ ਹੋਵੇ।

ਅਜਿਹੀਆਂ ਸੋਚਾਂ ਵਿਚ ਪਿਆਂ ਬਾਬਾ ਸੋਹਣ ਸਿੰਘ ਜੀ ਦੀ ਸਿਮਰਤੀ ਵਿਚ ਮੇਰਾ ਮਨ ਸ਼ਰਧਾ ਨਾਲ ਭਰ ਗਿਆ।

ਤੇ ਜਦੋਂ ਮੈਂ ਉਨ੍ਹਾਂ ਦੇ ਘਰ ਦੇ ਨਿਕੀ ਨਿਕੀ ਵਲਗਣ ਵਾਲੇ ਅਹਾਤੇ ਵਿਚ ਦਾਖਲ ਹੋਇਆ। ਦੂਰੋਂ ਹੀ ਮੈਨੂੰ ਉਹ ਅੰਦਰ ਮੰਜੇ ਤੇ ਬੈਠੇ ਨਜ਼ਰ ਪਏ ਉਜਲੇ ਉਜਲੇ, ਮਹਾਨ ਮਹਾਨ। ਸਫੈਦ ਬਸਤਰ ਤੇ ਕੇਸ ਜਿਵੇਂ ਉਹ ਫਰਿਸ਼ਤੇ ਹੀ ਉਤਰੇ ਹੋਣ ਤੇ ਮੈਨੂੰ ਯਾਦ ਆਇਆ, ਉਸ ਦਿਨ ਜਲੰਧਰ ਦੇ ਦੇਸ਼ ਭਗਤ ਯਾਦਗਾਰ ਹਾਲ ਦੇ ਅਹਾਤੇ ਵਿਚ ਅਮਨ ਸੰਬੰਧੀ ਹੋਈ ਇਕਤ੍ਰਤਾ ਨੂੰ ਸੰਬੋਧਨ ਕਰਨ ਸਮੇਂ ਵੀ ਆਪ ਇੰਜ ਦੇ ਹੀ ਸਨ। ਮੈਨੂੰ ਦੂਰੋਂ ਆਉਂਦਿਆਂ ਵੇਖ ਕੇ ਆਪਨੇ ਕਿਹਾ ਸੀ : ਦੇਸ਼ ਭਗਤੋ ! ਸਾਹਮਣੇ ਆ ਰਹੇ ਸਜਨ ਨੂੰ ਵੇਖ ਕੇ ਮੈਨੂੰ ਸਭ ਤੋਂ ਪਹਿਲੇ ਦੇਸ਼ ਭਗਤਾਂ ਦਾ ਸਨਮਾਨ ਕਰਨਾ ਬਣਦਾ ਹੈ। ਅੰਗਰੇਜ਼ ਨੂੰ ਜਦੋਂ ਲੋਕਾਂ ਆਪਣੀ ਕਿਸਮਤ ਦਾ ਖ਼ੁਦਾ ਸਮਝ ਰਖਿਆ ਸੀ ਓਦੋਂ ਨਾਮਧਾਰੀਆਂ ਨੇ ਹੀ ਉਨ੍ਹਾਂ ਨੂੰ ਸਚੀ ਆਜ਼ਾਦੀ ਦਾ ਸੰਦੇਸ਼ ਦਿਤਾ ਸੀ। ਮੈਂ ਆਪ ੧੧ ਸਾਲ ਇਸ ਸੰਗਤ ਵਿਚ ਬਿਤਾਏ ਹਨ ਤੇ ਦੇਸ਼ ਭਗਤੀ ਦੀ ਲਗਨ ਇਨ੍ਹਾਂ ਤੋਂ ਹੀ ਲਈ ਹੈ।

(ਇਸ ਮੌਕੇ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਸ੍ਰੀ ਮਹਾਰਾਜ ਬੀਰ ਸਿੰਘ ਜੀ ਨੇ ਵੀ ਬਾਦ ਵਿਚ ਦਰਸ਼ਨ ਦੇਣ ਦੀ ਕਿਰਪਾ ਕੀਤੀ ਸੀ।)

ਮੈਂ ਆਗਿਆ ਲੈ ਕੇ ਅੰਦਰ ਗਿਆ। ਹਥਲਾ ਸਾਮਾਨ ਇਕ ਪਾਸੇ ਟਿਕਾ ਕੇ ਬਾਬਾ ਜੀ ਨੂੰ ਨਮਸਕਾਰ ਕੀਤੀ। ਉਹ ਸਾਹਮਣੇ ਚਲਦੀ ਬੰਬੀ ਦਾ ਪਾਣੀ ਨੋਟ ਕਰ ਰਹੇ ਸਨ ਤਾਕਿ ਦੂਜੇ ਕਿਸਾਨਾਂ ਦਾ ਪਰਸਪਰ ਰੌਲਾ ਜਾਂ ਝਗੜਾ ਨ ਵਧੇ। ਆਪਣਾ ਬੱਚਾ ਜਾਣ ਕੇ ਹੀ ਉਹਨਾਂ ਮੇਰੀ ਖਾਣ ਪੀਣ ਦੀ ਲੋੜ ਪੁਛੀ। ਤੇ ਕਾਰਨ ਜਾਣਿਆ ਇਸ ਵੇਲੇ ਦੁਪਹਿਰੇ ਖੇਚਲ

ਕਰਨ ਦਾ।

ਜਦੋਂ ਸ੍ਰੀ ਮਹਾਰਾਜ ਬੀਰ ਸਿੰਘ ਜੀ ਨੇ ਇਸ ਫੈਸਲੇ ਤੇ ਮੋਹਰ ਲਾਈ ਸੀ ਕਿ ਇਸ ਵਾਰ 'ਸਤਿਜੁਗ ਦਾ ਗੁਰੂ ਹਰੀ ਸਿੰਘ ਅੰਕ' ਪ੍ਰਕਾਸ਼ਤ ਕੀਤਾ ਜਾਇ, ਓਦੋਂ ਹੀ ਮੈਂ ਬਾਬਾ ਸੋਹਣ ਸਿੰਘ ਜੀ ਭਕਨਾ ਦੇ ਦਰਸ਼ਨਾਂ ਦੀ ਤਜਵੀਜ਼ ਬਣਾ ਲਈ ਸੀ। ਕਿਉਂ ਕਿ ਮੈਨੂੰ ਖਿਆਲ ਸੀ ਕਿ ਆਪ ਨੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਅਵਸ਼ ਕੀਤੇ ਹੋਣਗੇ।

ਸੁਹਣਾ ਰੰਗ। ਚਾਂਦੀ ਚਮਕਦਾ ਦਰਮਿਆਨਾ ਦਾਹੜਾ। ਲੰਮੇ ਚੌੜੇ ਚਿਤੰਨ ਕੰਨ। ਡੂੰਘੀਆਂ ਅੱਖਾਂ, ਦੂਰ ਦੀ ਸੋਝੀ ਵਾਲੀਆਂ ਨਜ਼ਰਾਂ। ਲੰਬੂਤਰਾ ਚਿਹਰਾ। ਚਮਕਦਾਰ ਦੰਦ। ਟੁਣਕਦੀ ਆਵਾਜ਼। ਮਿੱਠਾ ਕਤਾਬੀ ਸ਼ਬਦਾਂ ਵਰਗਾ ਬੋਲ ਚਾਲ। ਬਾਬਾ ਜੀ ਨੂੰ ਤਕ ਮੈਨੂੰ ਆਨੰਦ ਆ ਗਿਆ ਤੇ ਸਮੁੱਚੀ ਮਾਨਵਤਾ ਦੇ ਇਸ ਸ਼ੁਭ ਇਛਕ ਲਈ ਪਿਤਾਵਾਂ ਵਰਗਾ ਪਿਆਰ ਮੇਰੇ ਅੰਦਰ ਜਾਗਿਆ।

ਬਾਬਾ ਜੀ ਦਸਿਆ ਕਿ ਉਹ ਪਹਿਲਾਂ ਪਹਿਲ ਨਾਮਧਾਰੀ ਸੰਗਤ ਵਿਚ ਬਾਬਾ ਕੇਸਰ ਜੀ ਦੇ ਪ੍ਰਭਾਵ ਹੇਠ ਆਏ। ਉਨ੍ਹੀ ਦਿਨੀਂ ਸ੍ਰੀ ਮਾਨ ਸੰਤ ਕੇਸਰ ਸਿੰਘ ਜੀ ਮਹਾਵੇ ਵਾਲਿਆਂ ਦਾ ਜਪ ਤਪ ਤੇ ਭਗਤੀ ਸਿਖਰਾਂ ਛੂੰਹਦੀ ਸੀ। ਉਨ੍ਹਾਂ ਹੀ ਸਤਿਗੁਰੂ ਹਰੀ ਸਿੰਘ ਜੀ ਦੇ ਦਰਸ਼ਨਾਂ ਦਾ ਅਵਸਰ ਪੈਦਾ ਕੀਤਾ।

ਸਵਾਲ : ਆਪ ਦੀ ਆਯੂ ਉਸ ਵੇਲੇ ਕਿੰਨੀ ਕੁ ਹੋਵੇਗੀ ਜਦੋਂ ਆਪ ਠਾਕਰ ਜੀ ਨੂੰ ਮਿਲੇ ?

ਬਾਬਾ ਜੀ : ਮੇਰਾ ੧੯੭੦ ਈਸਵੀ ਦਾ ਜਨਮ ਹੈ। ਸੰਨ ੧੯੯੬ ਵਿਚ ਮੈਂ ਬਾਬਾ ਕੇਸਰ ਜੀ ਨੂੰ ਮਿਲਿਆ ਹਾਂ। ਜਦੋਂ ਗੁਰੂ ਹਰੀ ਸਿੰਘ ਜੀ ਗੁਜ਼ਰੇ ਤਦ ਤਕ ਮੈਨੂੰ ਸੰਗਤ ਵਿਚ ਆਇਆਂ ੩੬ ਕੁ ਸਾਲ ਹੋ ਗਏ ਸਨ। ੧੦ ਕੁ ਸਾਲ, ਬਾਬਾ ਕੇਸਰ ਜੀ ਨਾਲ ਜਾਂ ਕਲਿਆਂ ਵੀ, ਮਹਾਰਾਜ ਜੀ ਦੇ ਦਰਸ਼ਨ ਕਰਨ ਦਾ ਸਮਾਂ ਮਿਲਿਆ। ਮੈਂ ਕਰੀਬ ੨੦ ਕੁ ਵਾਰੀ ਸਤਿਗੁਰਾਂ ਦੇ ਦਰਸ਼ਨ ਕੀਤੇ ਹੋਣਗੇ।

ਸਵਾਲ : ਸਤਿਗੁਰੂ ਜੀ ਦਾ ਦਰਸ਼ਨ ਕਰਨ, ਜਦੋਂ ਆਪ ਜਾਂਦੇ ਤਾਂ ਉਹ ਆਪ ਨੂੰ ਕਿਵੇਂ ਲਗਦੇ ?

ਬਾਬਾ ਜੀ : ਬੜੇ ਸ਼ਾਂਤ ਅਤੇ ਗੰਭੀਰ ਸੁਭਾਉ ਵਾਲੇ। ਡਾਢਾ ਪਿਆਰ ਕਰਨ ਵਾਲੇ। ਸਤਿਗੁਰੂ ਪ੍ਰਤਾਪ ਸਿੰਘ ਜੀ ਵਾਂਗ ਉਹਨਾਂ ਦੇ ਚਿਹਰੇ ਤੇ ਮਾਤਾ ਦੇ ਦਾਗ਼ ਉਘੜੇ ਹੋਏ ਨਹੀਂ ਸਨ। ਕੱਦ ਅਤੇ ਸਰੀਰ ਦਰਮਿਆਨਾ ਸੀ। ਸਫੇਦ ਬਸਤਰ ਪਹਿਰਿਆ ਕਰਦੇ। ਸਤਿਗੁਰੂ ਰਾਮ ਸਿੰਘ ਜੀ ਵਾਂਗ ਹੀ ਉਹਨਾਂ ਸੰਗਤ ਨੂੰ ਇੱਕਤ੍ਰ ਰਖਿਆ ਅਤੇ ਲੰਗਰ ਚਲਾਇਆ।

ਸਵਾਲ : ਸਤਿਗੁਰੂ ਜੀ ਦਾ ਕੀਤਾ ਕੋਈ ਬਚਨ ਯਾਦ ਹੋਏ ?

ਬਾਬਾ ਜੀ : ਮੇਰਾ ਜੀਵਨ ਅਮਰੀਕਾ ਵਿਚ ਜਾਣ ਬਾਦ, ਗੁਰੂ ਰਾਮ ਸਿੰਘ ਜੀ ਵਾਲੇ ਆਦਰਸ਼, ਦੇਸ ਨੂੰ ਸੁਤੰਤਰ ਕਰਾਣਾ, ਮਾਨਵ ਮਾਤਰ ਵਿਚ ਸ਼ਾਂਤੀ ਤੇ ਸਮਰਿਧੀ ਦਾ ਪੈਦਾ ਕਰਨਾ—ਨੂੰ ਪੂਰੀ ਤਰਾਂ ਸਮਰਪਤ ਹੋ ਗਿਆ।

ਸਾਰਾ ਜੀਵਨ ਹੀ ਜਦੋਂ ਜਹਿਦ ਵਿਚ ਲਗਿਆ ਰਿਹਾ ਹੈ। ਬਹੁਤ ਸਾਰੀਆਂ ਗਲਾਂ ਅਜ ਧਿਆਨ ਵਿਚ ਨਹੀਂ। ਪਰ ਇਕ ਬਚਨ ਤਾਂ ਉਨ੍ਹਾਂ ਦਾ ਮੇਰਾ ਪ੍ਰੇਰਣਾ ਸੂਤਰ ਹੈ। ਆਪ ਜੀ ਕਿਹਾ ਕਰਦੇ ਸਨ ਕਿ ਸਤਿਜੁਗ ਲਗ ਰਿਹਾ ਹੈ। ਕਲਿਜੁਗ ਦੀ ਸਫ ਵਲ੍ਹੇਟੀ ਜਾ ਰਹੀ ਹੈ। ਮੈਂ ਵੇਖ ਰਿਹਾ ਹਾਂ ਕਿ ਹੁਣ ਮਾਇਆ ਦਾ ਯੁਗ ਅੰਤਮ ਪੜਾ ਤੇ ਹੈ, ਰਬੀ ਯੁੱਗ ਮਨੁਖ ਮਾਤਰ ਨੂੰ ਇਕੋ ਨੂਰ ਦਾ ਅੰਸ਼ ਮੰਨਣ ਵਾਲਾ ਯੁੱਗ ਆ ਰਿਹਾ ਹੈ।

ਸਵਾਲ : ਕੀ ਆਪ ਨੂੰ ਸ੍ਰੀ ਭੈਣੀ ਸਾਹਿਬ ਗਿਆਂ ਸਤਿਗੁਰੂ ਹਰੀ ਸਿੰਘ ਜੀ ਦੇ ਦਰਸ਼ਨਾਂ ਬਾਰੇ ਕੁਛ ਯਾਦ ਹੈ ?

ਬਾਬਾ ਜੀ : ਹਾਂ ਹੈ। ਮਹਾਰਾਜ ਜੀ ਦੇ ਅੰਤਮ ਤਿੰਨ ਸਾਲਾਂ ਵਿਚ ਨੇਤਰ ਬੰਦ ਰਹੇ। ਆਪ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦਾ ਵੈਰਾਗ ਬਹੁਤ ਅਨੁਭਵ ਕੀਤਾ। ਮੈਂ ਸ੍ਰੀ ਠਾਕੁਰ ਜੀ ਦੇ ਕਹਿਣ ਤੇ ਨੇਤਰਾਂ ਦਾ ਪਤਾ ਕਰਨ ਲਈ ਭੈਣੀ ਸਾਹਿਬ ਗਿਆ। ਮਹਾਰਾਜ ਜੀ ਆਪਣੇ ਚੁਬਾਰੇ ਉਤੇ ਦਰਸ਼ਨ ਦੇ ਰਹੇ ਸਨ। ਮੈਨੂੰ ਇਕਲਿਆਂ ਪਾ ਕੇ ਠਾਕਰ ਜੀ ਤੇ ਹੋਰ ਸਾਰੇ ਇਲਾਕੇ ਦੀ ਸੁਖ ਸਾਂਦ ਪੁੱਛ ਕੇ ਉਨ੍ਹਾਂ ਆਪਣੇ ਮਨ ਦੀ ਗਲ ਦਸੀ, ਜਿਸਤੋਂ ਉਨ੍ਹਾਂ ਦੀ ਮਾਨਸਿਕ ਦਸ਼ਾ ਵਿਚ ਕੁਛ ਤਣਾਉ ਨਜ਼ਰ ਪੈਂਦਾ ਸੀ।........ਆਪ ਜੀ ਦਾ ਮੇਰੇ ਨਾਲ ਕਾਫੀ ਸਨੇਹ ਸੀ। ਇਕ ਵਾਰ ਇਸਤੋਂ ਪਹਿਲਾਂ, ਮੈਂ ਅਤੇ ਭਾਈ ਹਰਨਾਮ ਸਿੰਘ ਜੀ ਚਵਿੰਡੇ ਵਾਲੇ ਮਹਾਰਾਜ ਜੀ ਦੇ ਦਰਸ਼ਨਾਂ ਨੂੰ ਗਏ ਤਾਂ ਨਾਲ ਕੇਸਰ ਜੀ ਵੀ ਸਨ। ਸ੍ਰੀ ਸਤਿਗੁਰੂ ਜੀ ਬਹੁਤ ਸਤਿਕਾਰ ਕਰਦੇ। ਉਨ੍ਹਾਂ ਨੂੰ ਆਪ ਬ੍ਰਹਮ ਗਿਆਨੀ ਸਮਝਿਆ ਕਰਦੇ ਸਨ।

ਸਵਾਲ : ਨਾਮਧਾਰੀ ਸੰਗਤ ਵਿਚੋਂ ਆਪ ਨੂੰ ਕੀ ਪ੍ਰਾਪਤ ਹੋਇਆ ?

ਬਾਬਾ ਜੀ : ਅੱਜ ਭਾਵੇਂ ਹਾਲਾਤ ਹੋਰ ਹਨ। ਪਰ ਮੈਂ ਜੀਵਨ ਦੀ ਬੁਨਿਆਦੀ ਸੂਝ ਨਾਮਧਾਰੀ ਸੰਗਤ ਵਿਚੋਂ ਹੀ ਹਾਸਲ ਕੀਤੀ ਹੈ। ਉੱਚਾ ਸਦਾਚਾਰ, ਸਾਧ ਸੰਗਤ ਦੀ ਸੇਵਾ, ਮਹਾ-ਜੀਵਨ ਵਿਚ ਵਿਸ਼ਵਾਸ। ਇਨ੍ਹਾਂ ਤਿੰਨਾਂ ਗੱਲਾਂ ਨੂੰ ਘੁੱਟ ਕੇ ਫੜੀ ਰਖਣ ਨਾਲ ਮੈਨੂੰ ਹਰ ਤਰਾਂ ਮਾਨਸਿਕ ਤਸੱਲੀ ਹੈ। ਸਾਰਾ ਵਿਸ਼ਵ ਆਪਣਾ ਹੀ ਜਾਪਦਾ ਹੈ। ਜੇ ਵੀਅਤਨਾਮ ਵਿਚ ਨਿਹੱਥਿਆਂ ਲੋਕਾਂ ਅਤੇ ਮਾਸੂਮ ਬਚਿਆਂ ਤੇ ਅਮਰੀਕੀ ਬੰਬ ਵਰ੍ਹਦੇ ਹਨ ਤਾਂ ਮੇਰੀ ਆਤਮਾ ਏਥੇ ਕਲਵਲ ਹੋ ਉਠਦੀ ਹੈ। ਜੇ ਅਮਰੀਕੀ ਜੰਗ ਬਾਜ਼ ਜੋਰ ਜਬਰੀ ਮੁਦਾਖਲਤ ਕਰਕੇ ਵੀਅਤਨਾਮ ਦਾ ਜੀਵਨ ਬਰਬਾਦ ਕਰਦੇ ਹਨ ਤਾਂ ਉਹ ਵੀ ਵਿਗੜੇ ਹੋਏ ਤੇ ਮੂਰਖ ਬੱਚੇ ਆਪਣੇ ਹੀ ਲਗਦੇ ਹਨ। ਇਕਨਾਂ ਵਾਸਤੇ ਤਰਸ ਆਉਂਦਾ ਹੈ ਦੂਜਿਆਂ ਵਾਸਤੇ ਗੁੱਸਾ। ਪਰ ਮਹਾਂ-ਜੀਵਨ ਦਾ ਭਾਗ ਹੋਣ ਕੇ ਉਨ੍ਹਾਂ ਦੀ ਬਣਤਰ ਤਾਂ ਇਕੋ ਲਹੂ ਮਿਟੀ ਦੀ ਹੈ।

ਬਾਬਾ ਜੀ ਜ਼ਰਾ ਕੁ ਮੁਸਕਰਾ ਪਏ ਤੇ ਮੈਨੂੰ ਪੂਰੀ ਤਰ੍ਹਾਂ ਨਾਮਧਾਰੀ-ਨੁਮਾਇੰਦਾ ਜਾਣ ਕੇ ਆਪ ਜੀ ਕਹਿਣ ਲੱਗੇ :

ਮੈਂ ਭਾਵੇਂ ਹੁਣ ਮਾਲਾ ਤਾਂ ਨਹੀਂ ਫੇਰਦਾ ਪਹਿਲਾਂ ਵਾਂਗ। ਮਹਾਂਜੀਵਨ ਦੀ ਦ੍ਰਿਸ਼ਟੀ ਮੈਂ ਨਾਮਧਾਰੀ ਸੰਗਤ ਪਾਸੋਂ ਹੀ ਪ੍ਰਾਪਤ ਕੀਤੀ ਹੈ। ਮੈਂ ਸਤਿਗੁਰੂ ਹਰੀ ਸਿੰਘ ਜੀ ਦਾ ਏਨਾ ਰਿਣੀ ਹਾਂ ਕਿ ਉਹ ਰਿਣ ਮੈਥੋਂ ਅਦਾ ਹੋ ਹੀ ਨਹੀਂ ਸਕਦਾ।

ਨਾਮਧਾਰੀਆਂ ਦੇ ਹੋਲੇ ਅਤੇ ਮੇਲੇ ਹੀ ਐਸੇ ਇਕੱਠ

ਸਨ, ਜਿਨਾਂ ਤੇ ਹਰ ਧਰਮ ਅਤੇ ਹਰ ਰਾਇ ਦੇ ਲੋਕੀਂ ਮੰਡਨ ਰੂਪ ਵਿਚ ਆਪਣੇ ਵਿਚਾਰ ਦਸ ਸਕਦੇ ਸਨ। ਸਮੂਚੇ ਲੋਕਾਂ ਨੂੰ ਹੀ ਨਾਮਧਾਰੀਆਂ ਦੇ ਮੇਲਿਆਂ ਤੇ ਜਾ ਕੇ ਕਾਫ਼ੀ ਤਸਲੀ ਹੁੰਦੀ।

ਉਸ ਸਾਲ ਮਾਨਾਵਾਲੇ ਸਰਦਾਰਾਂ ਦੇ ਹੋਲਾ ਸੀ। ਏਧਰ ਅਸਾਂ ਭਕਨਾ ਵਾਸੀ ਨਾਮਧਾਰੀਆਂ ਵੀ ਹੋਲੇ ਦਾ ਆਰੰਭ ਰਚਾ ਲਿਆ। ਪਰ ਸਤਿਗੁਰੂ ਜੀ ਤੋਂ ਅਜੇ ਆਗਿਆ ਨਹੀਂ ਸੀ ਲਈ ਗਈ। ਸਤਿਗੁਰੂ ਜੀ ਮਾਨਾਂ ਵਾਲੇ ਜਾਣ ਲਈ ਅੰਮ੍ਰਿਤਸਰ ਪਹੁੰਚੇ। ਤਾਂ ਪਿੰਡ ਦੇ ਸਾਥੀਆਂ ਨਾਲ ਮੈਂ ਵੀ ਜਾ ਦਰਸ਼ਨ ਕੀਤੇ। ਠਾਕੁਰ ਜੀ ਦੀ ਪ੍ਰੇਰਣਾ ਨਾਲ ਲੰਗਰ ਦੀ ਭੇਟਾ ੧੦੧) ਪਹਿਲਾਂ ਨਾਲ ਲੈ ਲਏ। ਮਹਾਰਾਜ ਜੀ ਨੂੰ ਬੇਨਤੀ ਕੀਤੀ ਆਪ ਪਹਿਲਾਂ ਭਕਨੇ ਦਰਸ਼ਨ ਦੇ ਕੇ ਫੇਰ ਮਾਨਾ ਵਾਲੇ 'ਪਧਾਰਿਓ। ਲੰਗਰ ਦੀ ਭੇਟਾ ਧਰ ਦਿਤੀ। ਸਤਿਗੁਰੂ ਜੀ ਨੇ ਥਾਪੜਾ ਦੇ ਕੇ ਕਿਹਾ ਤੂੰ ਤਾਂ ਠੀਕ ਕਰ ਦਿਤਾ ਹੈ, ਪਰ ਮੈਂ ਮਾਨਾ ਵਾਲੇ ਦੇ ਹੋਲੇ ਤੋਂ ਬਾਦ ਹੀ ਆਵਾਂਗਾ। ਉਹਨਾਂ ਪਾਸ ਪਹਿਲਾਂ ਪਹੁੰਚਣ ਦਾ ਬਚਨ ਦਿਤਾ ਗਿਆ ਏ।

ਬਾਬਾ ਜੀ ਸੁਭਾਵਕ ਹੀ ਜ਼ਿਕਰ ਕੀਤਾ ਕਿ ਉਸ ਹੋਲੇ ਸਮੇਂ ਗਹਿਣੇ ਧਰੀ ਚਾਰ ਘੁਮਾਂ ਜ਼ਮੀਨ ਅਜੇ ਗਹਿਣੇ ਹੀ ਚਲੀ ਆ ਰਹੀ ਹੈ।

ਮੇਰਾ ਢਿੱਡ ਖਾਲੀ ਹੋ ਗਿਆ ਸੀ। ਮੈਂ ਕਿਹਾ ਕਿ ਜੇ ਬਾਬਾ ਜੀ ਵੀ ਪ੍ਰਸ਼ਾਦ ਛਕਨਾ ਹੋਵੇ ? ਓਨੇ ਚਿਰ ਨੂੰ ਉਨ੍ਹਾਂ ਦੀ ਸਵਰਗਵਾਸੀ ਸੁਪਤਨੀ ਦੀ ਭਣੇਵੀ ਦੋਹਾਂ ਥਾਲੀਆਂ ਵਿਚ ਲੰਗਰ ਪਰੋਸ ਲਿਆਈ। ਉਹਨਾਂ ਖੂਬ ਚਬਾ ਚਬਾ ਕੇ ਪ੍ਰਸ਼ਾਦ ਛਕਿਆ ਤੇ ਮੈਨੂੰ ਇੰਜ ਪ੍ਰਤੀਤ ਹੋਇਆ ਜਿਵੇਂ ਮੈਂ ਆਪਣੇ ਨਾਮਧਾਰੀ ਦਾਦਾ ਨਾਲ ਰੋਟੀ ਖਾਣ ਦਾ ਰਸ ਮਾਣ ਰਿਹਾ ਹੋਵਾਂ।

ਥੋੜੇ ਤੋਂ ਥੋੜਾ ਵਕਤ ਸਿਆਣੇ ਲੋਕ ਕਿਵੇਂ ਵਰਤਦੇ ਹਨ। ਇਸਦਾ.ਮੈਨੂੰ ਅਜ ਡੇਢ ਘੰਟੀ ਮੁਲਾਕਾਤ ਵੇਲੇ ਪਤਾ ਲਗਿਆ। ਪ੍ਰਸ਼ਾਦ ਛਕਦਿਆਂ ਹੀ ਬਾਬਾ ਸੋਹਣ ਸਿੰਘ ਜੀ ਨੇ ਪਹਿਲ ਕੀਤੀ — ਅਸੀਂ ਇਨਕਲਾਬੀ ਤਹਿਰੀਕ ਨੂੰ ੧੮੫੭ ਤੋਂ ਚਲਦਿਆਂ ਗਿਣਦੇ ਹਾਂ। ਪਰ ਇਸ ਆਜ਼ਾਦੀ ਲਈ ਲੜਾਈ ਦੀ ਅਗਵਾਈ ਰਾਜੇ ਮਹਾਰਾਜਿਆਂ ਦੇ ਹਥ ਸੀ। ਫੇਰ ਉਠੀ ਨਾਮਧਾਰੀ ਤਹਿਰੀਕ ਜਿਸ ਦੇ ਆਗੂ ਸਤਿਗੁਰੂ ਰਾਮ ਸਿੰਘ ਜੀ ਆਪ ਇਕ ਕਿਰਤੀ ਸਨ ਤੇ ਜਿਨਾਂ ਦੇ ਹੋਰ ਸਾਥੀ ਵੀ ਸਾਧਾਰਨ ਲੋਕ ਤੇ ਦਸਾਂ ਨੌਹਾਂ ਦੀ ਕਿਰਤ ਕਰਨ ਵਾਲੇ ਸਨ, ਏਸ ਦੀ ਉਚੀ ਮਿਸਾਲ ਕੇਵਲ ਗੁਰੂ ਗੋਬਿੰਦ ਸਿੰਘ ਜੀ ਨਾਲ ਦਿਤੀ ਜਾ ਸਕਦੀ ਹੈ। ਜ਼ਰਾ ਕਿਆਸ ਕਰੋ ਉਨ੍ਹਾਂ ਨਾਮਧਾਰੀਆਂ ਦੇ ਉਚੇ ਆਚਰਨ ਤੇ ਲੋਬਾਲੀ ਤਬਹ ਦਾ, ਕਿਵੇਂ ਹਥ ਪਿਠ ਪਿਛੇ ਬਨ੍ਹਾਏ ਬਿਨਾਂ ਤੋਪਾਂ ਅਗੇ ਉਡ ਗਏ। ਤੀਜਾ ਦੌਰ ੧੯੦੭ ਵਿਚ ਆਇਆ ਜੋ ਕਾਨੂੰਨੀ ਜਦੋਂ ਜਹਿਦ ਦੇ ਰਾਹ ਤੇ ਸ਼ੁਰੂ ਹੋਇਆ। ਆਜ਼ਾਦੀ ਦੀ ਜੰਗ ਦੀ ਸਮੂਚੀ ਤਾਰੀਖ ਦਾ ਬਿਆਨ ਕਰਦਿਆਂ ਆਪ ਜੀ ਨੇ ਮਹਾਤਮਾ ਗਾਂਧੀ ਜੀ ਦੇ ਕਿਰਦਾਰ ਬਾਰੇ ਬੇਝਿੱਜਕ ਦਸਿਆ। ਗਾਂਧੀ ਜੀ ਦਾ ਵੱਡਾ ਨੁਕਸ ਏਹ ਸੀ ਕਿ ਉਹ ਲੜਾਈ ਨੂੰ ਅਹਿੰਸਕ ਦਸਦੇ ਰਹੇ ਪਰ ਆਪ ਸਦਾ ਹਿੰਸਕ ਵਦੇਸ਼ੀਆਂ ਦੀ ਮਦਦ ਕਰਦੇ ਰਹੇ। ਜੇ ਸਚ ਪੁਛੋ ਤਾਂ ਗਾਂਧੀ ਜੀ ਜੇਡਾ ਪਾਖੰਡੀ ਆਦਮੀ ਸਾਡੇ ਸਮੇਂ ਵਿਚ ਹੋਰ ਕੋਈ ਨਹੀਂ ਹੋਣਾ।

ਨਾਮਧਾਰੀਆਂ ਬਾਰੇ ਮੈਂ ਇਕ ਗਲ ਹੋਰ ਕਰਨਾ ਚਾਂਹਦਾ ਹਾਂ। ਮੈਂ ਨਾਮਧਾਰੀਆਂ ਵਿਚ ਅਥਾਹ ਪ੍ਰੇਮ ਸੇਵਾ ਭਾਵ ਤੇ ਕੁਰਬਾਨੀ ਦਾ ਜਜ਼ਬਾ ਵੇਖਿਆ ਹੈ। ਮਹਾਰਾਜ ਜੀ ਨੇ ਜਿੰਨਾ ਦੇਸ਼ ਭਗਤੀ ਦਾ ਬੀਜ ਬੀਜਿਆ, ਅਜ ਮੈਨੂੰ ਓਨਾਂ ਪ੍ਰਫੁਲਤ ਨਹੀਂ ਲਗਦਾ, ਭਾਵੇਂ ਸੱਚ ਸੁੱਚ ਸਰਲਤਾ ਸਾਦਗੀ ਅੱਜ ਵੀ ਇਨ੍ਹਾਂ ਵਿਚ ਸਭ ਤੋਂ ਵਧੇਰੇ ਹੈ। ਮੇਰਾ ਵਿਸ਼ਵਾਸ ਹੈ ਕਿ ਦੇਸ਼ ਵਿਚ ਛਾਏ ਭ੍ਰਿਸ਼ਟਾਚਾਰ, ਬੇਉਮੀਦੀ ਅਤੇ ਖੋਹਾ ਮੋਹੀ ਦਾ ਵਾਤਾਵਰਣ ਖਤਮ ਕਰਨ ਲਈ ਨਾਮਧਾਰੀਆਂ ਨੂੰ ਅਗੇ ਆਉਣ ਦੀ ਲੋੜ ਹੈ। ਮੇਰਾ ਦ੍ਰਿੜ ਵਿਸ਼ਵਾਸ਼ ਹੈ ਕਿ ਜਦ ਵਰਤਮਾਨ ਸਤਿਗੁਰੂ ਜੀ ਜਿਵੇਂ ਵਿਸ਼ਵ ਸ਼ਾਂਤੀ ਦੇ ਮਸਲਿਆਂ ਵਿਚ ਦਿਲਚਸਪੀ ਰਖਦੇ ਹਨ, ਦੇਸ਼ ਦੇ ਕਲਿਆਣ ਹਿਤ ਵੀ ਅਗੇ ਆ ਜਾਣ ਤਾਂ ਸਾਰਾ ਗੰਦ ਹੂੰਝ ਕੇ ਬਾਹਰ ਕਢਿਆ ਜਾ ਸਕਦਾ ਹੈ।

ਇਹ ਕਹਿੰਦਿਆਂ ਬਾਬਾ ਜੀ ਨਾਮਧਾਰੀਆਂ ਵਾਲੀ ਮਸਤੀ ਦੇ ਰਉਂ ਵਿਚ ਆ ਗਏ। ਆਪ ਨੇ ਯਾਦ ਕੀਤਾ ਕਿ ਇਕ ਦਿਨ ਸਤਿਗੁਰੂ ਪ੍ਰਤਾਪ ਸਿੰਘ ਜੀ ਉਨ੍ਹਾਂ ਨੂੰ ਜੇਲ ਵਿਚ ਮਿਲ ਕੇ ਆਏ ਸਨ ਤੇ ਅਜ ਵੀ ਉਨ੍ਹਾਂ ਨੂੰ ਚੇਤੇ ਕੀਤਾ ਗਿਆ ਹੈ।

ਅੰਤ ਉਤੇ ਬਾਬਾ ਜੀ ਨੇ ਫਲਸਫਾਨਾ ਅੰਦਾਜ਼ ਵਿਚ ਆਖਿਆ ਕਿ ਹਰੇਕ ਆਦਮੀ ਅੰਦਰ ਇਕ ਪਾਗਲ ਪਨ ਮੌਜੂਦ ਹੈ। ਇਸੇ ਦਾ ਨਾਂ ਇਸ਼ਕ ਅਤੇ ਏਹੋ ਹੀ ਮੁਹਬਤ ਹੈ। ਕਿਸੇ ਨੂੰ ਚੰਗੇ ਪਾਸੇ ਦੀ ਲਗਨ ਲਗ ਜਾਂਦੀ ਹੈ ਕੋਈ ਮੰਦੇ ਪਾਸੇ ਵਲ ਪੈ ਜਾਂਦਾ ਹੈ। ਕੁਛ ਲੋਕ ਉਹ ਹਨ ਜਿਨਾਂ ਤੇ ਇਨਕਲਾਬ ਦਾ ਇਸ਼ਕ ਸਵਾਰ ਹੋ ਜਾਂਦਾ ਹੈ ਤੇ ਉਹ ਸਭ ਕੁਛ ਦੇਸ਼ ਵਾਸੀਆਂ ਅਤੇ ਦੇਸ਼ ਵਾਸਤੇ ਅਰਪਣ ਕਰ ਦਿੰਦੇ ਹਨ, ਏਥੋਂ ਤਕ ਕਿ ਅੰਤ ਜੀਵਨ ਦੀ ਅਹੂਤੀ ਵੀ ਦੇਸ਼ਭਗਤੀ ਨੂੰ ਹੋਮ ਦਿੰਦੇ ਹਨ, ਮੈਂ ਸਤਿਜੁਗ ਲਿਆਉਣ ਦੇ ਮਨੋਰਥ ਨਾਲ ਹੀ ਜੂਝਦਾ ਚਲਿਆ ਆਇਆ ਹਾਂ।

ਅਤੇ ਇਹ ਸੋਲਾਂ ਆਨੇ ਠੀਕ ਹੈ। ਅਜ ਬਾਬਾ ਜੀ ਪਾਸ ਨਾ ਪਤਨੀ ਹੈ, ਉਹ ਪੁੱਤਰ ਦੀ ਸਿਕ ਵਿਚ ਰਹਿੰਦੀ ਬਾਬਾ ਜੀ ਨਾਲ ਰਣ ਸਾਥੀ ਬਣੀ ਚਾਰ ਸਾਲ ਹੋਏ ਗੁਜ਼ਰ ਗਈ ਹੈ। ਨਾ ਪੁੱਤਰ ਹੈ। ਜਦੋਂ ਪਤਨੀ ਨੇ ਅੰਤਮ ਸਧਰ ਦਸੀ ਤਾਂ ਬਾਬਾ ਜੀ ਕਿਹਾ : ਕਮਲੀਏ, ਸਾਰੀ ਦੁਨੀਆਂ ਦੇ ਬਚੇ ਹੀ ਆਪਣੇ ਹਨ ; ਇਕ ਨੂੰ ਜੇ ਅਪਣਾ ਬਣਾ ਲੈਂਦੇ ਤਾਂ ਲੋਕ ਸੇਵਾ ਕਿਵੇਂ ਹੋ ਸਕਦੀ। ਅਤੇ ਅਜ ਜ਼ਿੰਦਗੀ ਦੀ ਸੰਧਿਆ ਵਿਚ ਉਨ੍ਹਾਂ ਦੀ ਪਤਨੀ ਦੀ ਭਣੇਵੀਂ ਤੇ ਉਹਦੇ ਬਚੇ ਬਾਬਾ ਜੀ ਦੀ ਸੇਵਾ ਕਰ ਰਹੇ ਹਨ। ਦੁਪਹਿਰੇ ਵਾਪਸੀ ਸਮੇਂ ਛਤਰੀ ਦੀ ਛਾਂ ਵੀ ਮੈਨੂੰ ਓਪਰੀ ਲਗਨ ਲਗ ਪਈ। ਤੇ ਮੈਂ ਪੂਰੀ ਤਰ੍ਹਾਂ ਦੁਨੀਆਂ ਭਰ ਦੇ ਸਮੂਹ ਦੇਸ਼ ਭਗਤਾਂ ਦੀਆਂ ਕਰਨੀਆਂ ਦੇ ਧਿਆਨ ਵਿਚ ਗੁਆਚਾ ਗੁਆਚਾ ਪਤਾ ਨਹੀਂ ਕਦੋਂ 'ਖਾਸੇ' ਮੁੜ ਕੇ ਆ ਗਿਆ।

ਸਿਮਰਤੀ ਚੋਂ ਸਮਰਪਣ

—*ਸੁਵਰਨ ਸਿੰਘ ਵਿਰਕ*

ਮੇਰੇ ਪਿਤਾ ਸੰਤ ਗੁਰਮੁਖ ਸਿੰਘ ਜੀ ਝੱਬਰ, ਕਦੇ ਸ੍ਰੀ ਭੈਣੀ ਸਾਹਿਬ ਦੇ ਮੁਖ ਪ੍ਰਬੰਧਕ ਰਹੇ ਹਨ। ਸ੍ਰੀ ਸਤਿ ਗੁਰੂ ਪ੍ਰਤਾਪ ਸਿੰਘ ਜੀ ਆਪ ਤੇ ਬਹੁਤ ਵਿਸ਼ਵਾਸ ਰਖਿਆ ਕਰਦੇ ਸਨ। ਆਪ ਨੇ ਸ੍ਰੀ ਸਤਿਗੁਰੂ ਜੀ ਤੋਂ ਅਤੇ ਓਸ ਵੇਲੇ ਦੇ ਸਾਧਾਂ ਸੰਤਾਂ ਤੋਂ ਬਹੁਤ ਬਚਨ ਸੁਣੇ ਹੋਏ ਹਨ। ਮੇਰੇ ਦਾਦਾ ਸੰਤ ਜੀਉਣ ਸਿੰਘ ਜੀ ਤੇ ਸਤਿਗੁਰੂ ਜੀ ਦੀ ਬਹੁਤ ਹੀ ਕਿਰਪਾ ਸੀ, ਉਹ ਗੁਰੂ ਹਰੀ ਸਿੰਘ ਜੀ ਦੇ ਨਿਕਟੀ ਸੇਵਕਾਂ ਚੋਂ ਸਨ, ਉਹਨਾਂ ਤੋਂ ਵੀ ਮੇਰੇ ਪਿਤਾ ਜੀ ਨੇ ਬਹੁਤ ਕੁਛ ਸੁਣ ਕੇ ਜ਼ਬਾਨੀ ਯਾਦ ਰਖਿਆ ਹੈ।

'ਸਤਿਜੁਗ ਦਾ ਗੁਰੂ ਹਰੀ ਸਿੰਘ ਅੰਕ' ਪ੍ਰਕਾਸ਼ਤ ਹੋਣ ਦੇ ਖਿਆਲ ਨਾ੍ਲ ਮੈਂ ਵੀ ਚੋਖੀ ਸਾਰੀ ਸਮਗਰੀ ਪਿਤਾ ਜੀ ਤੋਂ ਨੋਟ ਕੀਤੀ ਹੈ। ਪਰ ਅੰਕ ਵਿਚ ਹਿਸੇ ਆਉਂਦੀ ਜਗਹ ਮਿਲਣ ਸਦਕਾ ਮੈਂ ਸਾਰੀਆਂ ਲਿਖੀਆਂ ਸਾਖੀਆਂ ਚੋਂ ਕੁਛ ਇਕ ਉਹ ਵਰਨਣ ਕਰਨ ਲਗਾ ਹਾਂ ਜੋ ਅਜੇ ਤਕ ਅਛੂਤੀਆਂ ਪਈਆਂ ਹਨ। ਉਮੀਦ ਹੈ ਪਾਠਕਾਂ ਦੀ ਜਾਣਕਾਰੀ ਵਿਚ ਵਾਧਾ ਕਰਨੀਆਂ।

***

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਚੀਨੀ ਵਾਲੇ ਸਤਿਗੁਰੂ ਜੀ ਵਾਂਗ ਹੀ ਅੰਗਰੇਜ਼ ਦਾ ਬਾਈਕਾਟ ਰਖਿਆ ਰਖਵਾਇਆ। ਮੁਕਦਮਿਆਂ ਦੇ ਫੈਸਲੇ, ਨਾਮਧਾਰੀ ਅਦਾਲਤ (ਕੂਕਾ ਟ੍ਰੀਬੀਊਨੀਲ) ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਤਕ ਕਰਦੀ ਰਹੀ। (ਅਜ ਵੀ ਬਹੁਤੇ ਫੈਸਲੇ ਅਦਾਲਤੋਂ ਉਰਾਂ ਉਰ੍ਹਾਂ ਕਰਵਾ ਲਏ ਜਾਂਦੇ ਹਨ-ਸੰ:) ਸਤਿਗੁਰੂ ਹਰੀ ਸਿੰਘ ਜੀ ਨੇ ਅਨੇਕਾਂ ਝਗੜਿਆਂ ਦਾ ਆਪਣੇ ਹੁਕਮ ਨਾਲ ਫੈਸਲਾ ਕੀਤਾ। ਮੈਂ ਕੇਵਲ ਇਕ ਦਾ ਸੰਖੇਪ ਜ਼ਿਕਰ ਕਰ ਰਿਹਾ ਹਾਂ।

ਨੱਥਾ ਸਿੰਘ ਪਾਖਰ ਸਿੰਘ ਇਹ ਦੋਵੇ ਮਜ਼ਹਬੀ ਸਿੰਘ ਸ੍ਰੀ ਭੈਣੀ ਸਾਹਿਬ ਡੇਰੇ ਦੀ ਸੇਵਾ ਕੀਤਾ ਕਰਦੇ ਸ਼ਨ। ਇਕ ਵਾਰ ਨੱਥਾ ਸਿੰਘ ਜੀ ਲਿਪਾਈ ਲਈ ਘਾਣੀ ਮਾਰ ਰਹੇ ਸਨ ਕਿ ਉਨ੍ਹਾਂ ਘਾਣੀ ਵਿਚ ਨਵੀਂ ਤੂੜੀ ਰਲਾਣੀ ਚਾਹੀ। ਪਾਖਰ ਸਿੰਘ ਜੀ ਨੇ ਪੁਰਾਣੀ ਤੂੜੀ ਪਾਣ ਲਈ ਜ਼ੋਰ ਦਿਤਾ ਪਰ ਨੱਥਾ ਸਿੰਘ ਜੀ ਜ਼ਿਦ ਵਿਚ ਆ ਗਏ ਨ ਹਟੇ। ਸ੍ਰੀ ਸਤਿਗੁਰੂ ਹਰੀ ਸਿੰਘ ਜੀ ਵਲੋਂ ਪੁਰਾਣੀ ਤੂੜੀ ਪਾਣ ਦਾ ਹੀ ਹੁਕਮ ਸੀ। ਗੁਸਾ ਪਾਖਰ ਸਿੰਘ ਜੀ ਨੂੰ ਵੀ ਆ ਗਿਆ। ਕਹੀ ਫੜ ਕੇ ਨੱਥਾ ਸਿੰਘ ਜੀ ਦੇ ਸਿਰ ਵਿਚ ਦੇ ਮਾਰੀ। ਸਿਰ ਨੂੰ ਇਕ ਪਾਸਿਉਂ ਵਢਦੀ ਕੰਨਾਂ ਤਕ ਲਥ ਗਈ।

ਰੌਲਾ ਸੁਣਕੇ ਸਿੰਘ ਵਿਚ ਪੈ ਗਏ। ਕਹੀ ਪੁਟ ਕੇ ਉਨ੍ਹਾਂ ਨੱਥਾ ਸਿੰਘ ਜੀ ਦਾ ਸਿਰ ਘੁਟ ਕੇ ਬੰਨ੍ਹ ਦਿਤਾ। ਖੂਨ ਸਾਫ਼ ਕਰ ਦਿੱਤਾ। ਮਾਤਾ ਜੀਉਣ ਕੌਰ ਜੀ ਨੇ ਰਜ ਕੇ ਦੁੱਧ ਘਿਉ ਪਿਆ ਦਿਤਾ। ਸਤਿਗੁਰੂ ਜੀ ਨੇ ਇਕ ਨੂੰ ਅਵੱਗਿਆ ਤੇ ਦੂਜੇ ਨੂੰ ਕ੍ਰੋਧ ਕਰਨ ਤੋਂ ਤਾੜਿਆ। ਦੋਹਾਂ ਦੀ ਸੁਲਹ ਕਰਵਾਈ।

ਨੱਥਾ ਸਿੰਘ ਜੀ ਮਦਾਨ ਮਾਰਨ ਜਾਣ ਲਗੇ ਤਾਂ ਪੁਲਿਸ ਚੌਕੀ ਦੇ ਹਵਾਲਦਾਰ ਨੇ ਸੀਖਿਆ : ਨਥਾ ਸਿਹਾਂ ਸੁਣਿਆਂ ਏ ਤੇਰਾ ਕਹੀ ਮਾਰ ਕੇ ਸਿਰ ਪਾੜ ਦਿਤਾ ਗਿਆ ਏ। ਤੂੰ ਪਰਚਾ ਦੇਹ ਜਿਸ ਤੇ ਦੇਣਾ ਈ, ਆਪਾਂ ਵੇਖ ਤੇਰੇ ਦੁਸ਼ਮਣ ਦਾ ਮਕੂ ਠਪਦੇ।

'ਮੈਨੂੰ ਜ਼ਰਾ ਡਾਂਗ ਫੜਾਏਂ ਨਾ।' ਕਹਿ ਕੇ ਹੌਲਦਾਰ ਤੋਂ ਡਾਂਗ ਫੜ, ਗੜਵਾ ਭੁੰਜੇ ਰਖ, ਨੱਥਾ ਸਿੰਘ ਜੀ ਨੇ ਗਤਕੇ ਦੇ ਪੈਂਤੜੇ ਕਢਣੇ ਸ਼ੁਰੂ ਕਰ ਦਿਤੇ। ਫੇਰ ਖਲੋ ਕੇ ਕਿਹਾ—'ਜੇ ਮੈਨੂੰ ਕਹੀ ਵਜੀ ਹੋਵੇ ਤਾਂ ਇੰਜ ਹੀ ਗਤਕਾ ਖੇਡ ਲਵਾਂ।' ਹਵਾਲਦਾਰ ਦੰਗ ਸੀ। ਕਹਿਣ ਲੱਗਾ, ਬਾਬਾ ਤੁਸੀਂ ਧੰਨ ਹੋ। ਮੈਨੂੰ ਪਤਾ ਹੈ ਤੇਰੀ ਕਨਪਟੀ ਤਕ ਕਹੀ ਉਤਰ ਗਈ ਹੈ, ਪਰ ਇਹ ਸਭ ਦੁਖ ਤੂੰ ਸਤਿਗੁਰੂ ਦੇ ਬਚਨਾਂ ਤੋਂ ਵਾਰ ਘੱਤਿਆ ਹੈ।

***

ਗੁਰੂ ਹਰੀ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਵਾਲਾ ਖੁਫੀਆ ਡਾਕ ਦਾ ਸਿਲਸਲਾ ਵੀ ਜਾਰੀ ਰਖਿਆ। ਆਪ ਦਾ ਐਲਾਨ ਜਾਂ ਸੰਦੇਸ਼ ਆਮ ਨਾਮਧਾਰੀਆਂ ਪਾਸ ਖੁਫ਼ੀਆ ਡਾਕ-ਵਿਭਾਗ ਦੁਆਰਾ ਹੀ ਜਾਂਦਾ। ਕਾਨੂੰਨੀ ਜਾਂ ਗ਼ੈਰ ਕਾਨੂੰਨੀ ਇਕਠਾਂ ਦਾ ਪਤਾ ਨਾਮਧਾਰੀਆਂ ਨੂੰ ਏਸੇ ਤਰੀਕੇ ਹੀ ਪਹੁੰਚਦਾ।

ਇਕ ਵਾਰ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਲਾਇਲਪੁਰ ਦਾ ਦੌਰਾ ਕਰਦਿਆਂ ਪਿੰਡ ਬਾਰਬਟਨ ਪਧਾਰੇ। ਇਹ ਬਾਰਬਟਨ ਨਗਰ ਉਸ ਅੰਗਰੇਜ਼ ਸੁਪਰਡੰਟ ਪੁਲਿਸ ਦੇ ਨਾਮ ਤੇ ਵਸਿਆ ਸੀ ਜੋ ਅਪਣੀ ਡਿਊਟੀ ਸਮੇਂ ਕੱਟੜ ਕੂਕਾ-ਵਿਰੋਧੀ ਸੀ। ਇਹ ਲੁਧਿਆਣੇ ਦਾ ਐਸ.ਪੀ. ਸੀ. ਓਦੋਂ। ਪਰ ਹੁਣ ਪੈਨਸ਼ਨਰ ਹੋ ਕੇ ਅਪਣੇ ਚਕ ਵਿਚ ਬੁਢਾਪਾ ਮਾਣ ਰਿਹਾ ਸੀ। ਸਤਿਗੁਰੂ ਜੀ ਬਾਰਬਟਨ ਨੂੰ ਮਿਲਣ ਗਏ। (ਸ਼੍ਰੀ ਰਾਮ ਚੰਦਰ ਜੀ ਨੇ ਲਛਮਣ ਜੀ ਨੂੰ ਰਾਵਣ ਕੋਲੋਂ ਸਿਖਿਆ ਲੈਣ ਲਈ, ਅੰਤਮ ਵਕਤ ਤੇ ਭਜਿਆ ਸੀ, ਜਿਵੇਂ) ਬਾਰਬਟਨ ਉਠ ਕੇ ਸਤਿਗੁਰੂ ਜੀ ਨੂੰ ਬੜੇ ਸਤਿਕਾਰ ਨਾਲ ਮਿਲਿਆ।

ਅਤੇ ਡੇਰੇ ਦੇ ਪੁਰਾਣੇ ਬਜ਼ੁਰਗਾਂ ਦਾ ਨਾਂ ਲੈ ਲੈ ਕੇ ਸੁਖ ਸਾਂਦ ਪੁਛਦਾ ਰਿਹਾ। ਏਸ ਨੇ ਨਾਮਧਾਰੀ ਬਣਾ ਕੇ ਦੋ ਤ੍ਰੈ ਸਰੀਰ ਡੇਰੇ ਵਿਚ ਛਡੇ ਹੋਏ ਸਨ। ਬਾਰਬਟਨ ਨੇ ਅੰਤ ਉਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਦਸਿਆ ਕਿ ਗੁਰੂ ਹਰੀ ਸਿੰਘ ਜੀ ਦੀ ਡਾਕ-ਸਿਸਟਮ ਦੀ ਕੜੀ ਨੂੰ ਅਸੀਂ ਕਦੇ ਵੀ ਪਕੜ ਨਹੀਂ ਸਕੇ. ਅਤੇ ਨਾ ਹੀ ਅਜ ਤਕ ਜਾਣ ਸਕੇ ਹਾਂ ਕਿ ਉਹ ਖੁਫੀਆ ਅਖੰਡ ਪਾਠ ਕੇਹੜੀ ਥਾਂ ਕਰਵਾਂਦੇ ਰਹੇ ਹਨ।

• • •

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਜਦੋਂ ਬੁੱਧ ਸਿੰਘ ਨਾਮ ਤੋਂ ਹਰੀ ਸਿੰਘ ਨਾਮ ਰੱਖ ਕੇ ਗੁਰਤਾ ਦੀਆਂ ਜ਼ਿੰਮੇਵਾਰੀਆਂ ਦਾ ਭਾਰ ਇਹਨਾਂ ਦੇ ਮੋਢਿਆਂ ਤੇ ਰਖਿਆ ਤਾਂ ਜਿਵੇਂ ਇਨ੍ਹਾਂ ਸਿਖੀ ਨੂੰ ਹਰਿਆਂ ਕੀਤਾ ਉਸਦੀਆਂ ਅਨੇਕਾਂ ਮਿਸਾਲਾਂ ਚੋਂ ਇਕੋ ਹਾਜ਼ਰ ਹੈ :

ਸ੍ਰੀ ਮਾਨ ਸੰਤ ਲਾਲ ਸਿੰਘ ਜੀ ਭੂਰੇ ਗਿਲ ਵਾਲਿਆਂ ਨਾਲ ਮਾਈਆਂ ਬੀਬੀਆਂ ਬਾਲ ਬਿਰਧਾਂ ਤੇ ਜੁਆਨ ਸਰੀਰਾਂ ਦਾ, ਕਰੀਬ ੫੦੦ ਦਾ ਜਥਾ ਗੁਰੂ ਹਰੀ ਸਿੰਘ ਜੀ ਦੇ ਦਰਸ਼ਨਾਂ ਨੂੰ ਆਇਆ। ਵਾਰੀ ਨਾਲ ਦਰਸ਼ਨ ਕਰਨ ਦੀ ਮੁਸ਼ਕਲ ਸਾਹਵੇਂ ਵੇਖ ਉਹ ਚਾਰ ਮੀਲ ਦੂਰੀ ਤੇ ਪਿੰਡ ਤਖਰ ਵਿਚ ਜਾ ਰਹੇ। ਰਾਤ ਪਈ ਤਾਂ ਢੋਲਕੀ ਛੈਣਿਆਂ ਨਾਲ ਸੰਤ-ਜਥੇ ਨੇ ਕੀਰਤਨ ਸ਼ੁਰੂ ਕਰ ਦਿੱਤਾ। ਢੋਲਕੀ ਛੈਣਿਆਂ ਤੇ ਰੱਬੀ ਰੰਗ-ਰਤੇ ਸੰਤਾਂ ਸਾਧਾਂ ਦੀ ਆਵਾਜ਼ ਰਾਤ ਦੇ ਸ਼ਾਂਤ ਵਾਯੂ ਮੰਡਲ ਨੂੰ ਚੀਰਦੀ ਚੌਕੀ ਦੇ ਪੁਲਸੀਆਂ ਦੀ ਕੰਨੀਂ ਜਾ ਪਈ। ਦੋ ਚਾਰ ਸਿਪਾਹੀ ਢੋਲਕ ਦੀ ਸੇਧ ਤੇ ਤੁਰਦੇ ਤਖਰੀਂ ਪਹੁੰਚ ਗਏ। ਸੰਤਾਂ ਦੇ ਜਥੇ ਨੂੰ ਕਿਹਾ—ਚਲੋ ਭੈਣੀ ਸਾਹਿਬ। ਗੁਰ ਦਰਸ਼ਨਾਂ ਦੇ ਪਰੇਮੀਆਂ ਤਾਂ ਰਾਤ ਭਰ ਪਲਕਾਂ ਦੇ ਦਰਵਾਜੇ ਵੀ ਭੀੜੇ ਨਹੀਂ ਸਨ। ਅਧੀ ਰਾਤ ਵੇਲੇ ਉਨ੍ਹਾਂ ਨੂੰ ਭੈਣੀ ਸਾਹਿਬ ਲਿਆ ਡਕ ਦਿਤਾ ਗਿਆ ਨਵੇਂ ਤਬੇਲੇ ਵਿਚ।

ਸ੍ਰੀ ਸਤਿਗੁਰੂ ਜੀ ਨੂੰ ਆਪਣੇ ਦਿਨ ਭਰ ਦੇ ੫੦੦ ਭੁੱਖੇ ਬਚਿਆਂ ਦਾ ਪਤਾ ਲਗਾ ਕਿ ਉਹ ਕੋਲ ਹੀ ਲਿਆ ਕੇ ਡੱਕ ਦਿਤੇ ਹਨ। ਅਧੀ ਰਾਤ ਅਗੇ ਅਧੀ ਪਿਛੇ। ਗੁਰੂ ਜੀ ਨੇ ਦੋਹਾਂ ਮਾਤਾ ਜੀ ਨੂੰ ਹੁਕਮ ਕੀਤਾ-ਕੜਾਹ ਪ੍ਰਸ਼ਾਦ ਕਰੋ। ਨਾਲ ਹੋਰ ਸਿੰਘ ਲਗਾ ਕੇ ਪ੍ਰਸ਼ਾਦ ਤਿਆਰ ਕੀਤਾ ਗਿਆ।

ਪਹਿਰ ਰਾਤ ਰਹਿੰਦੀ ਤਕ, ਖੁਫੀਆ ਤੌਰ ਤੇ ਅੰਦਰ ਜਾ ਕੇ ਦਰਸ਼ਨ ਪਿਆਸਿਆਂ ਨੂੰ ਦਰਸ਼ਨ ਦੇ ਨਾਲ ਨਾਲ ਹੀ ਕੜਾਹ ਪ੍ਰਸ਼ਾਦ ਦੇ ਗੱਫੇ ਲੁਆਏ ਗਏ। ਸਾਧ ਸੰਗਤ ਦਾ ਮਨੋਰਥ ਤਾਂ ਪੂਰਾ ਹੋ ਗਿਆ। ਹੁਣ ਪੁਲਿਸ ਦਾ ਮਨੋਰਥ ਬਾਕੀ ਸੀ।

ਸਵੇਰੇ ਪੁਲਿਸ ਵਾਲੇ ਕਚਹਿਰੀਆਂ ਨੂੰ ਲੈ ਗਏ। ਜਿਥੋਂ ਉਨ੍ਹਾਂ ਨੂੰ ਘਰੋ ਘਰੀ ਤੋਰਿਆ ਗਿਆ।

ਸਤਿਗੁਰੂ ਜੀ ਦਾ ਪਿਆਰ ਕਿੰਨਾ ਬਰਾਬਰ ਸੀ ਸਭ ਲਈ! ਇਕ ਵਾਰ ਗਡਿਆਂ ਵਾਲੇ ਸਿੰਘ ਉਗਰਾਹੀ ਕਰਕੇ ਪਰਤੇ। ਬਹੁਤ ਕੁਵੇਲਾ ਹੋ ਚੁਕਾ ਸੀ। ਸਭ ਲੋਕ ਸੌਂ ਚੁਕੇ ਸਨ। ਸਿੰਘ ਵੀ ਕਿਸੇ ਨੂੰ ਤਕਲੀਫ ਨਾ ਦੇਣ ਦੇ ਖਿਆਲ ਨਾਲ ਫਾਕੇ ਹੀ ਸੌਂ ਗਏ। ਸਵੇਰੇ ਜਦੋਂ ਗੱਲੋਂ ਗੱਲੀ ਸਤਿਗੁਰੂ ਹਰੀ ਸਿੰਘ ਜੀ ਨੂੰ ਪਤਾ ਲਗਾ, ਆਪ ਨੇ ਅਮਿਓ ਭਿਜੀ ਜ਼ਰਾ ਮੋਹਭਰੀ ਤੇਜ਼ੀ ਵਿਚ ਕਿਹਾ—ਓਹ ਤੁਸਾਂ ਮੇਰੇ ਕੋਲ ਆ ਜਾਣਾ ਸੀ। ਕੀ ਹੋਇਆ ਜੇ ਲਾਂਗਰੀ ਲੰਗਰ ਚੋਂ ਚਲੇ ਗਏ ਸਨ। ਮੈਂ ਤਾਂ ਅੱਠੇ ਪਹਿਰ ਸੋਧੀ ਰਹਿਂਦਾ ਹਾਂ। ਮੇਰੇ ਹੁੰਦਿਆਂ ਤੁਸੀਂ ਭੁੱਖੇ ਕਿਉਂ ਸੁਤੇ! ਮੁੜ ਨਾ ਇਸ ਤਰਾਂ ਕਰਨਾ।

•••

ਗੁਰੂ ਹਰੀ ਸਿੰਘ ਜੀ ਦਾ ਆਪਣੇ ਰਾਮ-ਭ੍ਰਾਤਾ ਨਾਲ ਏਨਾਂ ਗੂੜਾ ਸਨੇਹ ਸੀ ਕਿ ਉਹ ਜੀਵਨ ਪ੍ਰਯੰਤ ਉਨ੍ਹਾਂ ਦੇ ਵਿਛੋੜੇ ਵਿੱਚ ਠੰਢੀਆਂ ਆਹਾਂ ਭਰਦੇ ਰਹੇ। ਪਰਦੇਸ ਵਿੱਚੋਂ ਦਰਸ਼ਨ ਕਰਕੇ ਆਏ ਸਿਖਾਂ ਦਾ ਉਹ ਬਹੁਤ ਸਤਿਕਾਰ ਕਰਦੇ। ਕਹਿੰਦੇ ਹੁੰਦੇ, ਧੰਨ ਹਨ ਇਹ ਸਿਖ ਜੋ ਨਦੀਆਂ ਚੀਰ, ਪਹਾੜ ਉਲੰਘ ਅਤੇ ਸਾਗਰ ਪਾਰ ਕਰ ਕੇ, ਭਾਂਤ ਭਾਂਤ ਦੀਆਂ ਔਕੜਾਂ ਝਲ ਕੇ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਆਉਂਦੇ ਹਨ। ਸਤਿਗੁਰੂ ਜੀ ਦੀ ਯਾਦ ਵਿਚ ਰੋ ਰੋ ਆਪ ਨੇ ਆਪਣੇ ਕਮਲ-ਨੇਤਰ ਵੀ ਕਮਜ਼ੋਰ ਕਰ ਲਏ। ਅੰਤਮ ਸਤਾਰਾਂ ਦਿਨ ਤਾਂ ਉਹ ਅਖ-ਰੜਕ ਨਾਲ ਡਾਢੇ ਦੁਖੀ ਵੀ ਰਹੇ ਸਰੀਰ ਕਰਕੇ, ਪਰ ਉਹ ਆਪਣੀ ਰਾਮ-ਲਿਵ ਤੋਂ ਇਕ ਦਿਨ ਵੀ ਵਿਰਵੇ ਨਹੀਂ ਰਹੇ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵੀ ਆਪਣੇ ਛੋਟੇ ਭਾਈ ਨੂੰ ਬਹੁਤ ਵਡਿਆਂ ਕਰਕੇ ਵੇਖਦੇ। ਕਦੇ ਨ ਕਦੇ ਪ੍ਰਤਖ ਦਰਸ਼ਨ ਦੇ ਕੇ ਧੀਰਜ ਬਨ੍ਹਾਂਦੇ। ਇਕ ਵਾਰ ਭਾਈ ਉਤਮ ਸਿੰਘ ਰਾਇਸਰੀਏ ਨੇ ਗੁਰੂ ਹਰੀ ਸਿੰਘ ਜੀ ਨੂੰ ਪੁਛਿਆ—ਸਚੇ ਪਾਤਸ਼ਾਹ ਚੀਨੀ ਵਾਲੇ ਪਾਤਸ਼ਾਹ ਦੇ ਦਰਸ਼ਨ ਹੁਣ ਕਦੋਂ ਹੋਣਗੇ। ਦੀਨ ਦਿਆਲ ਜੀ ਨੇ ਤੁਰਤ ਫ਼ਰਮਾਇਆ—ਭਾਈ ਉਤਮ ਸਿੰਘ, ਅਜੇ ਹੁਣੇ ਹੀ ਤਾਂ ਏਥੇ ਸਨ। ਦੋ ਮਿੰਟ ਪਹਿਲਾਂ ਆਉਂਦੋਂ ਤਾਂ ਤੈਨੂੰ ਦਰਸ਼ਨ ਕਰਵਾ ਦਿੰਦੇ।

ਕਈ ਵਾਰ ਤੁਰੇ ਜਾਂਦੇ ਅਚਾਨਕ ਰੁਕ ਜਾਂਦੇ ਅਤੇ ਪੈਰ ਦੇ ਅੰਗੂਠੇ ਨਾਲ ਜ਼ਮੀਨ ਖੁਰਚਨ ਲਗ ਪੈਂਦੇ। ਇਕ ਦਿਨ ਇਕ ਸਾਧ ਨੇ ਪੁਛਿਆ— ਗਰੀਬ ਨਿਵਾਜ ਤੁਸੀਂ ਤੁਰੇ ਤੁਰੇ ਜਾਂਦੇ ਰੁਕ ਕੇ ਪੈਰ ਦੇ ਅੰਗੂਠੇ ਨਾਲ ਜ਼ਮੀਨ ਕਿਉਂ ਖੁਰਚਨ

ਲਗ ਜਾਂਦੇ ਹੋ, ਤਾਂ ਸਤਿਗੁਰੂ ਜੀ ਬਚਨ ਕੀਤਾ – ਭਾਈ ਜਦੋਂ ਮੈਨੂੰ ਚੀਨੀ ਵਾਲੇ ਪਾਤਸ਼ਾਹ ਦਾ ਅਗੇ ਤੁਰਨ ਦਾ ਹੁਕਮ ਨਹੀਂ ਹੁੰਦਾ ਤਾਂ ਮੈਂ ਰੁਕ ਜਾਂਦਾ ਹਾਂ। ਉਨ੍ਹਾਂ ਦੇ ਹੁਕਮ ਬਿਨਾਂ ਮੈਂ ਇਕ ਕਦਮ ਵੀ ਅਗੇ ਨਹੀਂ ਪੁੱਟ ਸਕਦਾ। ਉਹ ਮੇਰੇ ਮੌਢਿਆਂ ਤੇ ਬੈਠਕੇ ਹੀ ਏਡਾ ਵਡਾ ਕਾਰਜ ਕਰਵਾ ਰਹੇ ਹਨ। ਨਹੀਂ ਤਾਂ ਮੈਂ ਨਿਤਾਣੇ ਵਿਚ ਏਨੀ ਤਾਕਤ ਕਿਥੇ ?

***

ਜਦੋਂ ਅੰਗ੍ਰੇਜ਼ ਹਕੂਮਤ ਨੇ ਇਹ ਐਲਾਨ ਕਰ ਦਿੱਤਾ ਕਿ ਕੂਕਿਆਂ ਦੇ ਗੁਰੂ ਰਾਮ ਸਿੰਘ ਮੌਰਮਈ (ਬਰ੍ਹਮਾਂ) ਵਿਖੇ ੨੯ ਦਿਸੰਬਰ ੧੮੮੫ ਨੂੰ ਸਵਰਗ ਵਾਸ ਹੋ ਗਏ ਹਨ ਤਾਂ ਸਤਿਗੁਰੂ ਹਰੀ ਸਿੰਘ ਜੀ ਨੇ ਅੰਗ੍ਰੇਜ਼ੀ ਸਰਕਾਰ ਦੇ ਇਸ ਬਿਆਨ ਨੂੰ ਝੁਠਲਾਣ ਲਈ ਕਿਹਾ ਕਿ, ਤਾਂ ਫਿਰ ਸਾਨੂੰ ਉਨ੍ਹਾਂ ਦੇ ਬਸਤਰ, ਗੜਵਾ, ਪਊਏ, ਨਿੱਤਨੇਮ ਦਾ ਗੁਟਕਾ ਇਤਿਆਦਿਕ ਦੈਨਿਕ ਵਰਤੋਂ ਦੀਆਂ ਚੀਜ਼ਾਂ ਦਿੱਤੀਆਂ ਜਾਣ। ਆਪ ਜੀ ਦੇ ਬਾਰ ਬਾਰ ਅਰਜ਼ੀਆਂ ਦੇਣ ਤੋਂ ਸਰਕਾਰ ਨੇ ਸਿਰਫ ਸਤਿਗੁਰੂ ਜੀ ਦੇ ਬਸਤਰ ਹੀ ਆਪ ਨੂੰ ਦਿੱਤੇ। ਜਦੋਂ ਆਪ ਜੀ ਨੇ ਉਹ ਬਸਤਰ ਪਹਿਨੇ ਤਾਂ ਫੁਰਮਾਇਆ, "ਇਹ ਬਸਤਰ ਤਾਂ ਮੈਨੂੰ ਬੀ ਭੀੜੇ ਹਨ। ਚੀਨੀ ਵਾਲੇ ਪਾਤਸ਼ਾਹ ਦਾ ਸਰੀਰ ਤਾਂ ਮੈਥੋਂ ਬੀ ਉਚਾ ਸੀ। ਇਹ ਬਸਤਰ ਮੇਰੇ ਸਤਿਗੁਰੂ ਜੀ ਦੇ ਨਹੀਂ। ਉਹ ਅਜੇ ਇਸੇ ਦੇਹ ਵਿਚ ਹਨ ਅਤੇ ਇਸੇ ਦੇਹ ਵਿੱਚ ਹੀ ਵਾਪਿਸ ਜ਼ਰੂਰ ਆਉਣਗੇ। ਉਸ ਦੇ ਬਾਅਦ ਵੀ ਆਪ ਜੀ ਨੇ ਸਰਕਾਰ ਨੂੰ ਖੁੱਲ੍ਹਾ ਚੈਲੰਜ ਦਿਤਾ ਸੀ ਕਿ ਸਾਨੂੰ ਸਾਡੇ ਸਤਿਗੁਰੂ ਜੀ ਦਾ ਪਤਾ ਦਸਿਆ ਜਾਵੇ। ਅਤੇ ਇਸ ਘਟਨਾ ਤੋਂ ਪਹਿਲਾਂ ਵੀ ਗੁਰੂ ਜੀ ਨੇ ਸਰਕਾਰ ਨੂੰ ਇਹ ਵੀ ਚੈਲੰਜ ਦਿੱਤਾ ਸੀ ਕਿ ਸਾਡੇ ਸਤਿਗੁਰੂ ਜੀ ਤੇ ਕੀ ਦੋਸ਼ ਲਾ ਕੇ ਉਨ੍ਹਾਂ ਨੂੰ ਤੁਸਾਂ ਜਲਾਵਤਨ ਕੀਤਾ ਹੈ ਪਰ ਅੰਗਰੇਜ਼ ਸਰਕਾਰ ਇਸ ਦਾ ਕੋਈ ਜੁਆਬ ਨਾ ਦੇ ਸਕੀ।

***

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਜੀਵਨ ਦੀਆਂ ਮਹਾਨ ਘਟਨਾਵਾਂ ਚੋਂ ਇਹ ਤਿਲ ਫੁਲ ਹਾਜ਼ਰ ਕਰਦਿਆਂ ਆਸ ਕਰਦਾ ਹਾਂ ਕਿ ਨਾਮਧਾਰੀ ਪੰਥ ਦੇ ਆਗੂ ਛੇਤੀ ਹੀ ਸ੍ਰੀ ਸਤਿਗੁਰੂ ਜੀ ਦਾ ਮੁਕੰਮਲ ਇਤਿਹਾਸ ਪ੍ਰਕਾਸ਼ਤ ਕਰਨ ਲਈ ਜਤਨ ਕਰਨਗੇ। ਤਾ ਕਿ ਪੰਜਾਬ ਅਤੇ ਭਾਰਤ ਦੇ ਵਾਸੀ ਉਸ ਮਹਾਨ ਸ਼ਾਂਤ-ਯੋਧੇ ਦੀ ਸਹੀ ਤਸਵੀਰ ਦਿਲ ਦੀ ਚੌਖਟ ਵਿਚ ਬਿਠਾ ਸਕਣ ਜਿਸਨੇ ਡਿਗ ਪਏ ਰਾਜ ਮਹਲ ਨੂੰ ਮੁੜ ਉਸਾਰ ਕੇ ਸਾਨੂੰ ਇਤਿਹਾਸ ਵਿਚ ਆਪਣਾ ਭਾਗ ਪਾਣ ਲਈ ਬਲ ਤੇ ਬੁਧ ਦਿਤੀ।

ਡਾ. ਹਰਨੇਕ ਸਿੰਘ ਕੋਮਲ ਦਾ ਸਨਮਾਨ

ਆਲਮ ਵਾਲਾ (ਮਲੋਟ) : ਪੰਜਾਬੀ ਸਾਹਿਤ ਸਭਾ ਆਲਮਵਾਲਾ (ਮਲੋਟ) ਦਾ ਪਲੇਠਾ ਸਾਹਿਤਕ ਸਮਾਰੋਹ ਪਿੰਡ ਦੇ ਪੰਜਾਬ ਪਬਲਿਕ ਸਕੂਲ 'ਚ ਆਯੋਜਿਤ ਕੀਤਾ ਗਿਆ ਜਿਸ 'ਚ ਨੌਜਵਾਨ ਲੇਖਕ ਤੇ ਪਿੰਡ ਵਾਸੀ ਭਾਰੀ ਗਿਣਤੀ 'ਚ ਸ਼ਾਮਿਲ ਹੋਏ ਅਤੇ ਲਗਪਗ ਚਾਰ ਘੰਟੇ ਚੱਲੇ ਇਸ ਪ੍ਰੋਗਰਾਮ ਦਾ ਆਨੰਦ ਮਾਣਿਆ। ਸਮਾਰੋਹ ਦੀ ਪ੍ਰਧਾਨਗੀ ਪਿੰਡ ਦੇ ਸਰਪੰਚ ਸ. ਬਲਰਾਜ ਸਿੰਘ ਸੇਖੋਂ ਨੇ ਕੀਤੀ। ਪੰਜਾਬੀ ਸਾਹਿਤ ਤੇ ਸਿੱਖਿਆ ਦੇ ਖੇਤਰ 'ਚ ਡਾ. ਹਰਨੇਕ ਸਿੰਘ ਕੋਮਲ ਦੇ ਯੋਗਦਾਨ ਨੂੰ ਮੱਦੇਨਜ਼ਰ ਰੱਖਦਿਆਂ ਪੰਜਾਬੀ ਸਾਹਿਤ ਸਭਾ ਤੇ ਪਿੰਡ ਦੀ ਪੰਚਾਇਤ ਵੱਲੋਂ ਇੱਕ "ਕੇਸਰੀ ਦਸਤਾਰ" ਤੇ ਸਨਮਾਨ-ਚਿੰਨ੍ਹ ਦੇ ਕੇ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ। ਡਾ. ਕੋਮਲ ਇਸੇ ਪਿੰਡ (ਆਲਮ ਵਾਲਾ) ਦੇ ਜੰਮਪਲ ਹਨ ਅਤੇ ਲਗਪਗ ੪੫ ਸਾਲ ਪਹਿਲਾਂ ਇੱਥੋਂ ਹੀ ਉਨ੍ਹਾਂ ਨੇ ਆਪਣਾ "ਅਦਬੀ ਸਫ਼ਰ" ਇੱਕ ਬਾਲ-ਨਾਵਲ "ਪੰਮੀ ਦਾ ਮੋਤੀ" ਲਿਖ ਕੇ ਸ਼ੁਰੂ ਕੀਤਾ ਸੀ।

ਡਾ. ਹਰਨੇਕ ਸਿੰਘ ਕੋਮਲ ਦੀ ਸ਼ਖ਼ਸੀਅਤ ਤੇ ਰਚਨਾ ਦੀ ਚਰਚਾ ਕਰਦਿਆਂ ਪਿੰਡ ਦੇ ਬੁਲਾਰਿਆਂ ਨੇ ਕਿਹਾ ਕਿ ਸਾਹਿਤ ਤੇ ਸਿੱਖਿਆ ਦੇ ਖੇਤਰ 'ਚ ਡਾ. ਕੋਮਲ ਦੀਆਂ ਪ੍ਰਾਪਤੀਆਂ ਸਦਕਾ ਪਿੰਡ ਦਾ ਨਾਂ ਰੋਸ਼ਨ ਹੋਇਆ ਹੈ ਅਤੇ ਇਸ ਪਿੰਡ ਦੇ ਜੰਮਪਲ ਇਸ ਲੇਖਕ 'ਤੇ ਸਾਰੇ ਪਿੰਡ ਨੂੰ ਮਾਣ ਹੈ। ਇਸ ਅਵਸਰ 'ਤੇ ਡਾ. ਕੋਮਲ ਨੇ ਆਪਣੇ ਜੱਦੀ ਪਿੰਡ ਨਾਲ ਜੁੜੀਆਂ ਬਚਪਨ ਦੀਆਂ ਯਾਦਾਂ ਤਾਜ਼ਾ ਕੀਤੀਆਂ ਅਤੇ ਆਪਣੇ ਉਹ ਸ਼ਿਅਰ ਤੇ ਦੋਹੇ ਪੜ੍ਹੇ ਜੋ ਪਿੰਡ ਨਾਲ ਉਨ੍ਹਾਂ ਦੀ ਭਾਵਕ ਸਾਂਝ ਦੀ ਪੁਸ਼ਟੀ ਕਰਦੇ ਹਨ।

ਇਸ ਸਮਾਰੋਹ ਦੌਰਾਨ, ਸਭਾ ਦੇ ਮੈਂਬਰ ਕਵੀਆਂ ਨੇ ਆਪੋ-ਆਪਣੀਆਂ ਕਵਿਤਾਵਾਂ ਪੜ੍ਹੀਆਂ ਅਤੇ ਪੰਜਾਬ ਪਬਲਿਕ ਸਕੂਲ ਦੇ ਬਾਲ ਕਲਾਕਾਰਾਂ ਨੇ ਗੀਤਾਂ, ਕਵਿਤਾਵਾਂ ਤੇ ਨਾਟਕਾਂ ਦਾ ਪ੍ਰਭਾਵਸ਼ਾਲੀ ਪ੍ਰੋਗਰਾਮ ਪੇਸ਼ ਕੀਤਾ। ਪ੍ਰਿੰਸੀਪਲ ਭੂਪਿੰਦਰ ਸਿੰਘ ਨੇ ਸਮੂਹ ਮਹਿਮਾਨਾਂ ਦਾ ਧੰਨਵਾਦ ਕੀਤਾ। ਸਮੁੱਚੇ ਤੌਰ 'ਤੇ ਇਹ ਯਾਦਗਾਰੀ ਸਮਾਗਮ ਪਿੰਡ ਤੇ ਇਲਾਕੇ 'ਚ ਇੱਕ ਪ੍ਰਭਾਵਸ਼ਾਲੀ ਸਾਹਿਤਕ ਲਹਿਰ ਦਾ ਇੱਕ ਖ਼ੂਬਸੂਰਤ ਆਗਾਜ਼ ਹੋ ਨਿਬੜਿਆ।

ਰਿਪੋਰਟ : ਭੂਪਿੰਦਰ ਸਿੰਘ, ਕਨਵੀਨਰ

ਖ਼ਬਰਨਾਮਾ

ਚੰਡੀਗੜ੍ਹ ਵਿਚ ਲੇਖਕਾਂ ਦਾ ਧਰਨਾ

ਚੰਡੀਗੜ੍ਹ—੧੪ ਸਤੰਬਰ—ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸੱਦੇ 'ਤੇ ਅੱਜ ਇੱਥੇ ਪੰਜਾਬ ਭਰ ਦੇ ਲੇਖਕਾਂ ਅਤੇ ਪੰਜਾਬੀ ਪ੍ਰੇਮੀਆਂ ਨੇ ਸਿਖਰ ਦੁਪਹਿਰੇ ਦਿੱਤੇ ਪ੍ਰਭਾਵਸ਼ਾਲੀ ਰੋਸ ਧਰਨੇ ਵਿੱਚ ਸਾਰੀਆਂ ਸਿਆਸੀ ਪਾਰਟੀਆਂ ਨੂੰ ਇਸ ਪੱਖੋਂ ਚੰਗੇ ਰਗੜੇ ਲਾਏ ਕਿ ਜਦੋਂ ਵੀ ਉਨ੍ਹਾਂ ਦੀਆਂ ਪੰਜਾਬ ਵਿੱਚ ਸਰਕਾਰਾਂ ਬਣਦੀਆਂ ਰਹੀਆਂ ਹਨ, ਤਾਂ ਉਨ੍ਹਾਂ ਨੇ ਪੰਜਾਬੀ ਨੂੰ ਕਦੀ ਵੀ ਇਸ ਦਾ ਬਣਦਾ ਮਾਣ-ਸਤਿਕਾਰ ਦੇਣ ਦੀ ਖੇਚਲ ਨਹੀਂ ਕੀਤੀ, ਸਗੋਂ ਉਲਟਾ ਪਹਿਲੀ ਜਮਾਤ ਤੋਂ ਅੰਗਰੇਜ਼ੀ ਨੂੰ ਸ਼ੁਰੂ ਕਰਵਾ ਕੇ ਵਡਿਆਇਆ ਗਿਆ ਹੈ, ਇਹ ਪੰਜਾਬੀ ਭਾਸ਼ਾ ਨਾਲ ਸਰਾਸਰ ਧੱਕਾ ਹੈ।

ਸਰਬ-ਸੰਮਤੀ ਵਾਲੀ ਇਹ ਰਾਏ ਇਸ ਧਰਨੇ ਮੌਕੇ ਵੱਖ-ਵੱਖ ਪੰਜਾਬੀ ਵਿਦਵਾਨਾਂ ਵੱਲੋਂ ਕੀਤੇ ਗਏ ਆਪਣੇ ਸੰਬੋਧਨ ਦੌਰਾਨ ਬਣੀ। ਇਨ੍ਹਾਂ ਬੁਲਾਰਿਆਂ ਵਿੱਚ ਸ੍ਰੀ ਸੰਤੋਖ ਸਿੰਘ ਧੀਰ, ਪੰਜਾਬ ਲੋਕ ਭਲਾਈ ਪਾਰਟੀ ਦੇ ਪ੍ਰਧਾਨ ਅਤੇ ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ, ਸ੍ਰੀ ਗੁਰਸ਼ਰਨ ਸਿੰਘ, ਸ੍ਰੀ ਸੁਰਜੀਤ ਪਾਤਰ, ਪ੍ਰੋ. ਅਨੂਪ ਵਿਰਕ, ਸ੍ਰੀ ਰਣਬੀਰ ਰਾਣਾ, ਸ੍ਰੀ ਗੁਰਪ੍ਰਤਾਪ ਸਿੰਘ ਰਿਆੜ ਆਦਿ ਸ਼ਾਮਲ ਸਨ। ਲਗਭਗ ਸਭ ਬੁਲਾਰਿਆਂ ਵੱਲੋਂ ਸਮੇਂ-ਸਮੇਂ ਬਣੀਆਂ ਅਕਾਲੀ ਅਤੇ ਕਾਂਗਰਸੀ ਸਰਕਾਰਾਂ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ ਅਤੇ ਇਸ ਰਾਏ ਉੱਤੇ ਸਖ਼ਤ ਰੋਸ ਪ੍ਰਗਟ ਕੀਤਾ ਗਿਆ ਕਿ ਪੰਜਾਬ ਦੇ ਲੇਖਕ ਜਿੱਥੇ ਪਹਿਲੀ ਜਮਾਤ ਤੋਂ ਪੰਜਾਬੀ ਭਾਸ਼ਾ ਨੂੰ ਲਾਜ਼ਮੀ ਕਰਾਰ ਦੇਣ ਦੀ ਮੰਗ ਕਰ ਰਹੇ ਹਨ, ਉੱਥੇ ਉਲਟਾ ਅੰਗਰੇਜ਼ੀ ਨੂੰ ਪਹਿਲੀ ਜਮਾਤ ਤੋਂ ਸਕੂਲਾਂ ਵਿੱਚ ਲਾਗੂ ਕੀਤਾ ਗਿਆ, ਜੋ ਪੰਜਾਬੀ ਭਾਸ਼ਾ ਨਾਲ ਸਰਾਸਰ ਅਨਿਆਂ ਹੈ।

ਇਸ ਮੌਕੇ ਸ੍ਰੀ ਰਾਮੂਵਾਲੀਆ ਨੇ ਲੇਖਕਾਂ ਨੂੰ ਝੰਜੋੜਦਿਆਂ ਆਖਿਆ ਕਿ ਉਹ ਸਰਕਾਰ ਦੇ ਬਹੁਤੇ ਤਰਲੇ ਮਿੰਨਤਾਂ ਨਾ ਕਰਨ, ਸਗੋਂ ਉਨ੍ਹਾਂ ਸਾਰੀਆਂ ਸਿਆਸੀ ਪਾਰਟੀਆਂ ਦਾ ਸਖ਼ਤ ਵਿਰੋਧ ਕਰਨ, ਜਿਹੜੀਆਂ ਪੰਜਾਬੀ ਭਾਸ਼ਾ ਵਿਰੋਧੀ ਰੁਖ ਅਪਣਾਉਂਦੀਆਂ ਹਨ। ਲੇਖਕਾਂ ਨੂੰ ਆਪੋ ਵਿੱਚ ਏਕਤਾ ਰੱਖ ਕੇ ਸਰਕਾਰ ਨੂੰ ਝੁਕਾਉਣ ਦੀ ਜ਼ਰੂਰਤ ਹੈ।

ਪੰਜਾਬੀ ਲੇਖਕਾਂ ਵੱਲੋਂ ਜ਼ੋਰਦਾਰ ਸ਼ਬਦਾਂ ਵਿੱਚ ਮੰਗ ਕੀਤੀ ਗਈ ਕਿ ਕੇਂਦਰੀ ਪੰਜਾਬੀ ਲੇਖਕ ਸਭਾ ਨੂੰ ਪਲਾਟ ਦਿੱਤਾ ਜਾਵੇ, ਜਿਸ ਦੀ ਇਸ ਵੱਲੋਂ ਲੰਮੇ ਸਮੇਂ ਤੋਂ ਮੰਗ ਕੀਤੀ ਜਾ ਰਹੀ ਹੈ। ਇਹ ਮੰਗ ਵੀ ਕੀਤੀ ਗਈ ਕਿ ਪੰਜਾਬ ਦੇ ਸਰਕਾਰੀ ਦਫ਼ਤਰਾਂ ਵਿੱਚ ਜੋ ਅਧਿਕਾਰੀ ਪੰਜਾਬੀ ਵਿੱਚ ਕੰਮ ਨਹੀਂ ਕਰਦੇ, ਉਨ੍ਹਾਂ ਨੂੰ ਸਜ਼ਾ ਦਿੱਤੀ ਜਾਵੇ, ਕਿਉਂਕਿ ੧੯੬੭ ਵਿੱਚ ਜਿਹੜਾ ਪੰਜਾਬ ਰਾਜ ਭਾਸ਼ਾ ਐਕਟ ਪੰਜਾਬ ਵਿਧਾਨ ਸਭਾ ਵਿੱਚ ਪਾਸ ਕੀਤਾ ਗਿਆ ਸੀ, ਉਸ ਵਿੱਚ ਇਸ ਸੰਬੰਧੀ ਧਾਰਾ ਸ਼ਾਮਲ ਕੀਤੀ ਗਈ ਸੀ। ਇਸ ਤੋਂ ਬਿਨਾਂ ਬੇਰੁਜ਼ਗਾਰ ਲੇਖਕਾਂ ਨੂੰ ਦਿੱਤੀ ਜਾ ਰਹੀ ਸਹਾਇਤਾ ਵਿੱਚ ਵਾਧਾ ਕੀਤਾ ਜਾਵੇ। ਪੰਜਾਬੀ ਦੀਆਂ ਵੱਖ-ਵੱਖ ਲੇਖਕ ਸਭਾਵਾਂ ਨੂੰ ਗਰਾਂਟ ਦਿੱਤੀ ਜਾਵੇ। ਇਸ ਮੌਕੇ ਵਿੱਚ ਨੁੱਕੜ ਨਾਟਕ ਵੀ ਖੇਡਿਆ ਗਿਆ, ਜਿਸ ਦਾ ਦਰਸ਼ਕਾਂ ਨੇ ਖ਼ੂਬ ਆਨੰਦ ਮਾਣਿਆ।

ਰੋਸ ਧਰਨੇ ਵਿੱਚ ਪੰਜਾਬ ਦੇ ਵੱਖ-ਵੱਖ ਇਲਾਕਿਆਂ ਤੋਂ ਪਹੁੰਚੇ ਲੇਖਕਾਂ ਦਾ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਸ੍ਰੀ ਅਜਮੇਰ ਔਲਖ ਵੱਲੋਂ ਧੰਨਵਾਦ ਕੀਤਾ ਗਿਆ। ਇਸ ਧਰਨੇ ਵਿੱਚ ੫੦੦ ਦੇ ਕਰੀਬ ਲੇਖਕ ਇਕੱਠੇ ਹੋਏ, ਜਿਸ ਵਿੱਚ ਚੰਡੀਗੜ੍ਹ ਦੇ ਪੰਜਾਬੀ ਲੇਖਕਾਂ ਦਾ ਵੀ ਕਾਫ਼ੀ ਯੋਗਦਾਨ ਰਿਹਾ। ਜਿਨ੍ਹਾਂ ਵਿੱਚ ਡਾ. ਸੁਖਦੇਵ ਸਿੰਘ, ਡਾ. ਲਾਭ ਸਿੰਘ ਖੀਵਾ, ਸ੍ਰੀ ਰਾਮ ਅਰਸ਼, ਧਰਮਪਾਲ ਉਪਾਸ਼ਕ, ਭੂਪਿੰਦਰ ਸਾਂਬਰ, ਤੇਰਾ ਸਿੰਘ ਚੰਨ, ਰਿਪੁਦਮਨ ਸਿੰਘ ਰੂਪ, ਜਨਕ ਰਾਜ ਸਿੰਘ, ਸ਼ੰਗਾਰਾ ਸਿੰਘ ਭੁੱਲਰ, ਦਵਿੰਦਰਜੀਤ ਸਿੰਘ ਦਰਸ਼ੀ ਅਤੇ ਪ੍ਰੇਮ ਵਰਮਾ ਆਦਿ ਸ਼ਾਮਲ ਹਨ। ਇਸ ਧਰਨੇ ਦਾ ਜਿਹੜਾ ਨਾਕਾਰਾਤਮਕ ਪਹਿਲੂ ਸੀ, ਇਸ ਵਿੱਚ ਪੰਜਾਬੀ ਲੇਖਿਕਾਵਾਂ ਦੀ ਸ਼ਮੂਲੀਅਤ ਨਾਂਮਾਤਰ ਰਹੀ, ਜਦੋਂ ਕਿ ਪੰਜਾਬੀ ਵਿੱਚ ਲਿਖਣ ਵਾਲੀਆਂ ਲੇਖਿਕਾਵਾਂ ਦੀ ਚੰਗੀ ਗਿਣਤੀ ਹੈ ਅਤੇ ਪੰਜਾਬ ਵਿੱਚ ਵੱਖ-ਵੱਖ ਥਾਵਾਂ 'ਤੇ ਪਹੁੰਚੇ ਸਾਹਿਤਕ ਸਮਾਗਮਾਂ ਵਿੱਚ ਇਨ੍ਹਾਂ ਦੀ ਚੰਗੀ ਹਾਜ਼ਰੀ ਰਹਿੰਦੀ ਹੈ।

ਧਰਨੇ ਵਿੱਚ ਸ਼ਾਮਲ ਹੋਣ ਵਾਲੇ ਕੁਝ ਲੇਖਕਾਂ ਦੀ ਇਹ ਟਿੱਪਣੀ ਵਿਚਾਰਨਯੋਗ ਸੀ ਕਿ ਸਾਲ ਵਿੱਚ ਇੱਕ ਦਿਨ ਚੰਡੀਗੜ੍ਹ ਵਿੱਚ ਧਰਨਾ ਦੇ ਕੇ ਲੇਖਕ ਆਪਣਾ ਪੰਜਾਬੀ ਭਾਸ਼ਾ ਪ੍ਰਤੀ ਫ਼ਰਜ਼ ਪੂਰਾ ਕਰ ਲੈਂਦੇ ਹਨ, ਪਰ ੩੬੪ ਦਿਨ ਇਹ ਖ਼ੁਦ ਪੰਜਾਬੀ ਨੂੰ ਭੁੱਲੇ ਰਹਿੰਦੇ ਹਨ, ਬਲਕਿ ਬਹੁਤ ਸਾਰੇ ਲੇਖਕਾਂ ਦੇ ਬੱਚੇ ਅੰਗਰੇਜ਼ੀ ਸਕੂਲਾਂ ਵਿੱਚ ਪੜ੍ਹਦੇ ਹਨ।

ਸੁਤੰਤਰਤਾ ਦਿਵਸ ਨੂੰ ਸਮਰਪਿਤ ਸਾਹਿਤਕ ਚਰਚਾ

ਨੌਜਵਾਨ ਦੁਆਬਾ ਸਾਹਿਤਕ ਮੰਚ ਜਗਪਾਲਪੁਰ (ਫਗਵਾੜਾ) ਵਲੋਂ ਪੰਜਾਬ ਐਵੀਨਿਊ, ਲੱਧੇਵਾਲੀ ਰੋਡ, ਜਲੰਧਰ ਵਿਖੇ ਸੁਤੰਤਰਤਾ ਦਿਵਸ ਨੂੰ ਸਮਰਪਿਤ ਸਾਹਿਤਕ ਸਮਾਗਮ ਕਰਵਾਇਆ ਗਿਆ। ਜਿਸ ਦੀ ਪ੍ਰਧਾਨਗੀ ਸ. ਅਵਤਾਰ ਸਿੰਘ ਭੁੱਲਰ ਰਿਟਾਇਰਡ ਡੀ.ਐਸ.ਪੀ. ਅਤੇ ਪ੍ਰਸਿੱਧ ਸ਼ਾਇਰ ਅਮਰੀਕ ਸਿੰਘ ਸੰਦਲ ਅਤੇ ਸ. ਅਵਤਾਰ ਸਿੰਘ ਸਮਾਜ ਸੇਵਕ ਨੇ ਸਾਂਝੇ ਤੌਰ ਤੇ ਕੀਤੀ।

ਇਸ ਸਮਾਗਮ ਵਿੱਚ ਵਿਦਵਾਨਾਂ ਦੁਆਰਾ ਸਮਾਜਿਕ ਬੁਰਾਈਆਂ ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਉਪਰੰਤ ਦੇਸ਼ ਪ੍ਰੇਮ ਦੀਆਂ ਰਚਨਾਵਾਂ ਵੀ ਪੜ੍ਹੀਆਂ ਗਈਆਂ ਜਿਸ ਵਿਚ ਹਾਜ਼ਰ ਸ਼ਾਇਰ ਐਨ.ਕੇ. ਮਹਿਤਾ, ਸੋਹਨ ਸਿੰਘ ਭਿੰਡਰ ਪਟਵਾਰੀ, ਮੰਗਲ ਸਿੰਘ ਸੰਧੂ, ਸ਼ੰਮੀ ਬੰਗੜ, ਅਜੇ ਕੁਮਾਰ ਮਹੇ, ਭੁਪਿੰਦਰ ਸਿੰਘ ਕਲਸੀ, ਹਰਮੇਸ਼ ਕੁਲਥਮ, ਬਲਬੀਰ ਜਗਪਾਲਪੁਰੀ, ਗੁਲਜ਼ਾਰ ਭੁਲੱਥਾਂ ਵਾਲਾ (ਗੀਤਕਾਰ) ਅਤੇ ਚਰਚਿਤ ਕਵੀ ਮਨਜੀਤ ਸੋਹਲ ਆਦਿ ਨੇ ਹਿੱਸਾ ਲਿਆ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਮਾਸਟਰ ਜਿੱਗਾ ਸਿੰਘ ਨੇ ਬਾਖੂਬੀ ਨਿਭਾਈ।

ਰਿਪੋਰਟ : ਬਲਬੀਰ ਜਗਪਾਲ ਪੁਰੀ

ਖਾਦਮ ਦੀ ਕਾਵਿ ਪੁਸਤਕ ਰੀਲੀਜ਼

ਸ੍ਰੀ ਜੀਵਨ ਨਗਰ ੧੦ ਸੰਤਬਰ ੨੦੦੬–ਇਥੋਂ ਨੇੜਲੇ ਪਿੰਡ ਕਰੀਵਾਲਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਅੱਜ ਇਕ ਸਾਹਿਤਕ ਸਮਾਗਮ, ਇਸੇ ਪਿੰਡ ਦੇ ਪ੍ਰਸਿੱਧ ਪੰਜਾਬੀ ਕਵੀ ਬਾਬਾ ਅਜਾਇਬ ਸਿੰਘ ਖਾਦਿਮ ਦੀ ਚੌਥੀ ਕਵਿਤਾ ਦੀ ਕਿਤਾਬ 'ਚੁੱਪ ਰਹਾਂ ਕਿ ਬੋਲਾਂ'' ਦੀ ਘੁੰਡ ਚੁਕਾਈ ਦੇ ਮੌਕੇ ਤੇ ਵਿਉਂਤਿਆ ਗਿਆ ਸੀ। ਬਾਬਾ ਖਾਦਿਮ ੧੯੯੪ ਵਿੱਚ ਹਰਿਆਣਾ ਪੁਲਸ ਵਿੱਚੋਂ ਸਬ ਇੰਸਪੈਕਟਰ ਦੇ ਔਹਦੇ ਤੋਂ ਸੇਵਾ ਮੁਕਤ ਹੋਏ ਸਨ। ਉਦੋਂ ਤੋਂ ਉਹ ਪਿੰਡ ਕਰੀਵਾਲਾ ਵਿੱਚ ਰਹਿ ਕੇ ਜਨਤਕ ਘੋਲਾਂ ਅਤੇ ਸਾਹਿਤਕ ਸਰਗਰਮੀਆਂ ਵਿੱਚ ਹਿੱਸਾ ਲੈਂਦੇ ਰਹੇ ਹਨ। ਕਹਾਣੀਆਂ ਦੀ ਇਕ ਪੁਸਤਕ "ਤ੍ਰਿਸ਼ਨਾ ਪੰਛੀ ਫਾਸਿਆ" ਦੇ ਵੀ ਉਹ ਰਚੇਤਾ ਹਨ।

ਉਹ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਡੇਰੇ ਭੈਣੀ ਸਾਹਿਬ ਦੀ ਸੇਵਾ ਕਰਨ ਵਾਲੇ ਪ੍ਰਸਿੱਧ ਪੰਜਾਬੀ ਕਵੀ ਭਾਈ ਬਖ਼ਸ਼ੀਸ਼ ਸਿੰਘ ਜੀ ਗਿਆਨੀ ਵਲਟੋਹਾ ਦੇ ਛੋਟੇ ਭਾਈ ਹਨ। ਜਿਹਨਾਂ ਦਾ ਗੱਠ ਜੋੜ ਵਲਟੋਹੇ ਦੇ ਹੀ ਕਵੀਸ਼ਰ ਸਮੁੰਦ ਸਿੰਘ ਨਾਲ ਸੀ। ਬਾਬਾ ਖਿਦਾਮ ਦੀ ਇਸ ਕਿਤਾਬ ਨੂੰ ਜਾਰੀ ਕਰਨ ਦੀ ਰਸਮ ਇਲਾਕੇ ਦੇ ਪ੍ਰਸਿੱਧ ਕਿਸਾਨ ਆਗੂ ਸ. ਜਸਵੰਤ ਸਿੰਘ ਜੋਸ਼ ਨੇ ਅਦਾ ਕੀਤੀ। ਇਸ ਸਮੇਂ ਬੋਲਦਿਆਂ ਉਹਨਾਂ ਕਿਹਾ ਕਿ ਸਮਾਜਿਕ ਤਬਦੀਲੀ ਵਿੱਚ ਲੇਖਕਾਂ/ਸ਼ਾਇਰਾਂ ਦੀ ਬੜੀ ਅਹਿਮ ਭੂਮਿਕਾ ਹੁੰਦੀ ਹੈ। ਇਸੇ ਪੁਸਤਕ ਤੇ ਆਪਣਾ ਪਰਚਾ ਪੜ੍ਹਦਿਆਂ ਕਸ਼ਮੀਰ ਸਿੰਘ ਦਮਦਮਾ ਨੇ ਇਸ ਸੰਗ੍ਰਹਿ ਵਿੱਚ ਸ਼ਾਮਲ ਕਵਿਤਾ "ਕਲਮਾਂ ਦਾ ਮਸ਼ਵਰਾ" ਨੂੰ ਕਵੀ ਦਾ ਘੋਸ਼ਣਾ ਪੱਤਰ ਦੱਸਿਆ ਜਿਸ ਵਿੱਚ ਉਸ ਦੀ ਵਿਸ਼ਵ ਦ੍ਰਿਸ਼ਟੀ ਝਲਕਦੀ ਹੈ। ਕਾ. ਸੁਵਰਨ ਸਿੰਘ ਵਿਰਕ ਨੇ ਖ਼ਾਦਿਮ ਦੀਆਂ ਕਵਿਤਾਵਾਂ ਨੂੰ ਮਾਨਵੀ ਮੁੱਲਾਂ ਨਾਲ ਲਬਰੇਜ਼ ਦੱਸਿਆ ਜਿਸ ਵਿੱਚ ਇਕ ਬੇਚੈਨੀ ਅਤੇ ਛਟਪਟਾਹਟ ਵੀ ਝਲਕਦੀ ਹੈ। ਰਾਣੀਆਂ ਤੋਂ ਆਏ ਪ੍ਰੋ. ਦਵਿੰਦਰ ਸਿੰਘ ਨੇ ਜ਼ਿਲ੍ਹੇ ਭਰ ਵਿੱਚ ਵੱਧ ਰਹੀਆਂ ਸਾਹਿਤਕ ਗਤੀਵਿਧੀਆਂ ਤੇ ਤਸੱਲੀ ਪ੍ਰਗਟ ਕਰਦਿਆਂ ਸੰਵਾਦ ਦੀ ਲੋੜ 'ਤੇ ਬਲ ਦਿੱਤਾ। ਇਸ ਗੋਸ਼ਠੀ ਦੀ ਪ੍ਰਧਾਨਗੀ ਸੁਵਰਨ ਸਿੰਘ ਵਿਰਕ, ਸੁਰਿੰਦਰ ਸਿੰਘ ਬਾਜੇ ਵਾਲਾ ਸਰਪੰਚ ਦਮਦਮਾ ਅਤੇ ਕਾ. ਬੂਟਾ ਸਿੰਘ ਪ੍ਰੀਤਮ ਨੇ ਕੀਤੀ। ਬਾਬਾ ਖਾਦਿਮ ਨੇ ਆਪਣੀਆਂ ਕੁਝ ਕਵਿਤਾਵਾਂ ਦੇ ਪਾਠ ਨਾਲ ਕਵੀ ਦਰਬਾਰ ਵਿੱਚ ਹਿੱਸਾ ਲਿਆ, ਜਿਸ ਵਿੱਚ ਹੋਰ ਪ੍ਰਮੁੱਖ ਸ਼ਾਇਰ ਸਨ– ਭਾਈ ਸੰਤੋਖ ਸਿੰਘ ਐਵਾਰਡ ਨਾਲ ਸਨਮਾਨਿਤ ਹਰਿਆਣਾ ਦੇ ਪ੍ਰਸਿੱਧ ਪੰਜਾਬੀ ਕਵੀ ਹਰਿਭਜਨ ਸਿੰਘ ਰੇਣੂ, ਡਾ. ਕਸ਼ਮੀਰ ਸਿੰਘ ਕਰੀਵਾਲਾ, ਸੋਹਨ ਸਿੰਘ ਸ਼ਾਂਤ, ਬੂਟਾ ਸਿੰਘ ਪ੍ਰੀਤਮ, ਹੀਰਾ ਸਿੰਘ ਸੰਤ ਨਗਰ, ਕਰਨੈਲ ਸਿੰਘ ਅਸਪਾਲ, ਕੁਲਦੀਪ ਸਿੰਘ ਅਤੇ ਲਖਵਿੰਦਰ ਵਿਰਕ ਆਦਿ।

ਸਾਹਿਤ ਸਭਾ ਘੁਰਿਆਣਾ ਦੀ ਚੋਣ

ਮਿਤੀ ੧੦.੦੯.੦੬ ਨੂੰ ਸਾਹਿਤ ਸਭਾ ਘੁਰਿਆਣਾ ਦੀ ਵਿਸ਼ੇਸ਼ ਇਕੱਤਰਤਾ ਨਵਰਾਹੀ ਘੁਗਿਆਣਵੀ ਦੀ ਸਰਪ੍ਰਸਤੀ ਹੇਠ ਮਿਹਰ ਸਿੰਘ ਅਰਜਨ ਸਿੰਘ ਬਰਾੜ ਲਾਇਬ੍ਰੇਰੀ ਦੇ ਸੁਹਾਵਣੇ ਮਾਹੌਲ ਵਿੱਚ ਹੋਈ, ਜਿਸ ਵਿੱਚ ਸਰਬਸੰਮਤੀ ਨਾਲ ਸਭਾ ਦੇ ਅਹੁਦੇਦਾਰਾਂ ਦੀ ੨੦੦੬-੦੭ ਲਈ ਚੋਣ ਕੀਤੀ ਗਈ ਜੋ ਹੇਠ ਲਿਖੇ ਅਨੁਸਾਰ ਹੈ :–

ਸਰਪ੍ਰਸੱਤ ਨਵਰਾਹੀ ਘੁਗਿਆਣੀ, ਪ੍ਰਧਾਨ ਨੰਬਰਦਾਰ ਗੁਰਚਰਨ ਸਿੰਘ ਬਰਾੜ, ਮੀਤ ਪ੍ਰਧਾਨ ਨਾਨਕ ਸਿੰਘ ਠਮੋਲਾ, ਜਨਰਲ ਸਕੱਤਰ ਡਾ. ਸਾਧੂ ਸਿੰਘ ਚੌਹਾਨ, ਵਿੱਤ ਸਕੱਤਰ ਗੁਰਪਿਆਰ ਸਿੰਘ ਬਰਾੜ। ਇਨ੍ਹਾਂ ਤੋਂ ਇਲਾਵਾ ਕੁਝ ਕਾਰਜਕਾਰਨੀ ਦੇ ਮੈਂਬਰ ਵੀ ਥਾਪੇ ਗਏ ਜਿਨ੍ਹਾਂ ਵਿੱਚ ਅਵਤਾਰ ਚੌਹਾਨ, ਕੌਰ ਸਿੰਘ ਧਾਲੀਵਾਲ, ਰਾਜਾ ਪੁੱਤਰ ਟੇਕ ਸਿੰਘ, ਇਕਬਾਲ ਸਿੰਘ ਸਿੱਧੂ ਸ਼ਾਮਿਲ ਹਨ। ਰਚਾਵਨਾਂ ਦੇ ਦੌਰ ਵਿੱਚ ਹਾਜ਼ਰ ਕਵੀਆਂ ਨੇ ਭਾਵਪੂਰਤ ਰਚਨਾਵਾਂ ਪੇਸ਼ ਕੀਤੀਆਂ, ਜਿਨ੍ਹਾਂ ਉੱਪਰ ਉਸਾਰੂ ਬਹਿਸ ਵੀ ਹੋਈ।

ਪ੍ਰਤੀਕਿਰਿਆ

ਸਤੰਬਰ ੨੦੦੬ ਦਾ ਵਰਿਆਮ ਮਿਲ ਗਿਆ। ਗਹੁ ਨਾਲ ਵਾਚਣ ਉਪਰੰਤ ਪੱਤਰ ਲਿਖ ਰਿਹਾ ਹਾਂ ੩੧.੦੮.੨੦੦੬ ਨੂੰ ਜੋ ਇਸ ਗੱਲ ਦੀ ਤਸਦੀਕ ਕਰਦਾ ਹੈ ਕਿ ਵਰਿਆਮ ਸਤੰਬਰ ਅੰਕ ੨੮ ਅਗਸਤ ਤੋਂ ਪਹਿਲਾਂ ਡਾਕ ਵਿੱਚ ਪਾ ਦਿੱਤਾ ਗਿਆ ਸੀ। ਤੁਸੀਂ ਇਕ ਮਿਸ਼ਨ ਨੂੰ ਲੈ ਕੇ ਤੁਰੇ ਹੋਏ ਹੋ। ਹਰ ਇਕ ਪਰਚੇ ਵਿੱਚ ਇਤਿਹਾਸਕ ਘਟਨਾਵਾਂ ਨੂੰ ਸਹੀ ਸੰਦਰਭ ਵਿੱਚ ਪਾਠਕਾਂ ਸਾਹਮਣੇ ਪ੍ਰਸਤੁਤ ਕਰਨ ਦੇ ਸ਼ਲਾਘਾਯੋਗ ਯਤਨ ਕੀਤੇ ਹੁੰਦੇ ਹਨ।

ਮੁਠੱਡਾ ਕਲਾਂ ਵਿੱਚ ਹੋਏ ਨਾਮਧਾਰੀ ਸਾਹਿਤਕ ਸੰਮੇਲਨ ਦੀ ਰਿਪੋਰਟ ਪੜ੍ਹ ਕੇ ਇਉਂ ਲੱਗਿਆ ਕਿ ਮੈਂ ਉਸ ਸਮਾਗਮ ਵਿੱਚ ਕਿਉਂ ਨਹੀਂ ਗਿਆ? ਜਨਾਬ ਇੰਦਰਜੀਤ ਹਸਨਪੁਰੀ ਦਾ ਗੀਤ ਬਹੁਤ ਪਸੰਦ ਆਇਆ। ਪੰਜਾਬ ਦਾ ਸਾਂਭਣਯੋਗ ਵਿਰਸਾ ਹੈ ਹਸਨਪੁਰੀ।

ਜਸਵਿੰਦਰ ਮਹਿਰਮ ਦੀਆਂ ਗ਼ਜ਼ਲਾਂ ਸੰਪੂਰਨ ਹਨ ਪਰ ਦੂਜੀ ਗ਼ਜ਼ਲ ਦਾ ਆਖ਼ਰੀ ਤੋਂ ਪਹਿਲਾ ਸ਼ਿਅਰ ਬਹਿਰ ਨੂੰ ਉਲੰਘ ਗਿਆ ਹੈ। ਹੋ ਸਕਦਾ ਹੈ ਛਾਪੇ ਦੀ ਗ਼ਲਤੀ ਪਰੂਫ ਰੀਡਿੰਗ ਦੀ ਗ਼ਲਤੀ ਹੋਵੇ। ਇਸੇ ਤਰ੍ਹਾਂ ਮਹਿਮਾ ਸਿੰਘ ਹਲਵਾਰਵੀ ਦੀ ਦੂਜੀ ਗ਼ਜ਼ਲ ਹੋਰ ਮਿਹਨਤ ਮੰਗਦੀ ਹੈ ਪਹਿਲੀ ਗ਼ਜ਼ਲ ਪਸੰਦ ਆਈ। ਪਰ ਸਰਵਨ ਰਾਹੀ ਵਿਦੇਸ਼ ਜਾਣ ਤੋਂ ਪਹਿਲਾਂ ਕਾਮਯਾਬ ਗ਼ਜ਼ਲਾਂ ਕਹਿੰਦਾ ਸੀ ਹੁਣ ਉਸ ਨੂੰ ਕੀ ਹੋ ਗਿਆ ਹੈ ? ਹੋਰ ਮਿਹਨਤ ਦਰਕਾਰ ਹੈ। ਕੁਲਵੰਤ ਜਗਰਾਉਂ ਸਾਡਾ ਪ੍ਰਸਿੱਧ ਗ਼ਜ਼ਲਕਾਰ ਹੈ ਪਰ 'ਸ਼ਾਮ ਕਿਨਾਰੇ' ਵਿੱਚ ਉਹ 'ਨ' ਅਤੇ 'ਣ' ਦਾ ਕਾਫੀਆ ਬੰਨ੍ਹ ਗਿਆ ਜੋ ਮੇਰੇ ਵਿਚਾਰ ਅਨੁਸਾਰ ਅਣਉਚਿਤ ਹੈ। ਅੱਗੇ ਉਹ ਆਪ ਸਮਝਦਾਰ ਹੈ। ਉਂਞ ਦੋਹੇ ਦੇ ਵਜ਼ਨ ਨੂੰ ਚੰਗਾ ਨਿਭਾਇਆ ਹੈ। ਇਸ ਦੋਹੇ ਦੇ ਵਜ਼ਨ 'ਤੇ ਹੋਰ ਸ਼ਾਇਰਾਂ ਨੂੰ ਵੀ ਗ਼ਜ਼ਲਾਂ ਕਹਿਣੀਆਂ ਚਾਹੀਦੀਆਂ ਹਨ। ਅੰਤ ਵਿੱਚ ਨਵਰਾਹੀ ਘੁਗਿਆਣਵੀ ਨੂੰ ਅਰਜ਼ ਹੈ ਕਿ ਰੁਬਾਈ ਕੇਵਲ ਨਿਰਧਾਰਤ ੨੪ ਔਜ਼ਾਨ (ਵਜ਼ਨਾਂ) ਵਿੱਚ ਹੀ ਕਹੀ ਜਾ ਸਕਦੀ ਹੈ।

—ਸਿਰੀ ਰਾਮ ਅਰਸ਼, *੨੦੪/੬੫, ਮੋਹਾਲੀ*

———

ਵਰਿਆਮ ਦੇ ਸਿਤੰਬਰ ਅੰਕ ਦੇ ਪੰਨਾ ੩੬ ਤੇ ਛਪੀ ਬਾਕਸ ਚਰਚਾ ਪ੍ਰਤੀ ਇਹ ਦੱਸਣਾ ਜ਼ਰੂਰੀ ਲਗਦਾ ਹੈ ਕਿ ੫-੬-੭ ਮਾਘ ਸੰਮਤ ੧੯੭੭ ਦੇ ਅਨੁਸਾਰ ੧੭-੧੮-੧੯ ਜਨਵਰੀ ਸੰਨ ੧੯੨੧ ਈ. ਸਹੀ ਗਣਨਾ ਹੈ। ਸਵਰਨ ਸਿੰਘ ਸਨੇਹੀ ਸੌ ਪ੍ਰਤਿਸ਼ਤ ਗਲਤ ਹਨ ਜਦੋਂ ਉਹ ਬਿਕਰਮੀ ਸਾਲ (ਮਾਘ ਵਿਚ) ੧੯੭੭ ਨੂੰ ਈਸਵੀ ੧੯੨੦ ਲਿਖਦੇ ਹਨ, ਸਹੀ ੧੯੨੧ ਹੀ ਹੈ। ਪਹਿਲੀ ਜਨਵਰੀ ਨੂੰ ਕਰੀਬਨ ੧੫-੧੬ ਪੋਹ ਹੁੰਦਾ ਹੈ ਅਤੇ ਮਾਘੀ ੧੩-੧੪ ਜਨਵਰੀ ਨੂੰ ਹੁੰਦੀ ਹੈ। ਹੋਲੀ ਦੀ ਪੂਰਨਮਾਸ਼ੀ ਤੋਂ ਇਕ ਹਨ੍ਹੇਰੇ ਪੱਖ ਤਕ ਬਿਕਰਮੀ ਸੰਮਤ ਉਹੀ ਤੁਰਿਆ ਰਹਿੰਦਾ ਹੈ ਤੇ ਸੰਮਤ ਮਾਰਚ ਅਖੀਰਲੇ ਹਫਤੇ ਜਾਂ ਅਪ੍ਰੈਲ ਪਹਿਲੇ ਦੂਜੇ ਹਫਤੇ ਬਦਲਦੀ ਹੈ। ਇਸ ਤਰ੍ਹਾਂ ਕਰੀਬਨ ਤਿੰਨ ਮਹੀਨੇ ਸੰਮਤ ਤੇ ਈਸਵੀ ਸੰਨ ਦਾ ਅੰਤਰ ੫੬ ਸਾਲ ਹੁੰਦਾ ਹੈ। ਸਨੇਹੀ ਜੀ ਵਾਂਗ ਸਾਰੇ ਇਤਿਹਾਸਕਾਰਾਂ ਨੇ ੫੭ ਸਾਲਾਂ ਦੇ ਅੰਤਰ (ਜੋ ਕਰੀਬਨ ਨੌਂ ਮਹੀਨੇ ਰਹਿੰਦਾ ਹੈ) ਨਾਲ ਸਾਰੇ ਸਿੱਖ ਇਤਿਹਾਸ ਦਾ ਮੂੰਹ ਮੱਥਾ ਵਿਗਾੜ ਕੇ ਰਖ ਦਿੱਤਾ ਹੈ ਅਤੇ ਇਸ ਹਕੀਕਤੀ ਅੰਤਰ ਦੀ ਗੰਭੀਰਤਾ ਦਾ ਵਿਚਾਰ ਨਹੀਂ ਕੀਤਾ। ਸੰਨ ੧੬੯੯ ਵੈਸਾਖੀ ਨੂੰ ੨੯ ਮਾਰਚ ਲਿਖਣ ਵਾਲੇ ਵੀ ਮੱਖੀ ਤੇ ਮੱਖੀ ਮਾਰੀ ਜਾ ਰਹੇ ਹਨ ਜਦਕਿ ਉਸ ਦਿਨ ੧੦-੧੧ ਅਪ੍ਰੈਲ ਬਣਦੀ ਹੈ। ਵੈਸਾਖੀ ੧੮੫੭ ਅਪ੍ਰੈਲ ੧੨ ਨੂੰ ਪ੍ਰਮਾਣਿਕ ਹੈ।

ਕਿਸਾਨ ਜੀ ਦੀ ਲੜੀਵਾਰ ਲਿਖਤ 'ਗ੍ਰਹਿਸਤੀ ਸੰਤ' ਵਿਚ ਭਾਰਤ ਦੇ ਪੂਰਬ ਇਤਿਹਾਸ ਦੇ ਸਰਸਵਤੀ ਖੇਤਰ ਦੀ ਜੋ ਜਾਣਕਾਰੀ ਦਿਤੀ ਹੈ ਉਹ ਸਰਾਹਣੀਐ ਹੈ। ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਇਸ ਪ੍ਰਦੇਸ਼ (ਸਿੰਧੂ ਤੋਂ ਸਰਸਵਤੀ) ਵਿਚ ਹੀ ਆਰੀਯਾ ਸਭਿਅਤਾ ਦਾ ਵਿਕਾਸ ਹੋਇਆ ਸੀ। ਤੇ ਇਸਦਾ ਨਾਮ ਸਪਤ ਸਿੰਧੂ ਸੀ ਤੇ ਵਸਨੀਕ ਸਿੰਧੂ ਦੇਸ਼ੀਆ ਹੀ ਕਹੇ ਜਾਂਦੇ ਸਨ। ਫ਼ਾਰਸੀ ਵਿਚ 'ਸ' ਨੂੰ 'ਹ' ਕਹਿੰਦੇ ਹਨ ਤੇ ਮਗਰੋਂ ਇਹ ਹਿੰਦੂ ਕਹੇ ਗਏ। ਗੁਰਬਾਣੀ ਵਿਚ 'ਸਭ' ਦੀ ਥਾਂ 'ਹਭ' ਦੀ ਭਾਸ਼ਿਕ ਵਰਤੋਂ ਤੋਂ ਇਸ ਤੱਥ ਨੂੰ ਸਮਝਿਆ ਜਾ ਸਕਦਾ ਹੈ। ਠੀਕ ਹੈ ਸਿੰਧ ਦੇ ਵਖਰੇ ਹੋਣ ਤੇ ਸਰਸਵਤੀ ਦੇ ਗੁਪਤ ਹੋ ਜਾਣ ਨਾਲ ਇਸ ਦੇਸ਼ ਦਾ ਨਾਮ ਪੰਚਨਦ ਪੈ ਗਿਆ ਸੀ ਜੋ ਪੰਜ ਆਬ ਜਾਂ ਪੰਜਾਬ ਬਣ ਗਿਆ। ਮਨੂੰ ਸਿਮਰਤੀ ਅਨੁਸਾਰ ਸਿੰਧ ਤੋਂ ਸਰਸਵਤੀ ਤਕ ਦਾ ਦੇਸ਼ ਬ੍ਰਹਮਾਵਰਤ (ਅਧਿਆਏ ਦੂਜਾ ਸਲੋਕ ੧੭) ਕਿਹਾ ਗਿਆ ਹੈ। ਇਸ ਤੋਂ ਉੱਤਰ ਪੱਛਮ ਦਾ ਦੇਸ਼ ਬ੍ਰਹਮਰਿਸ਼ੀ ਦੇਸ਼ ਕਿਹਾ ਗਿਆ, ਜੋ ਬ੍ਰਹਮਾਵਰਤ ਤੋਂ ਬਾਦ ਬਣਿਆ (ਸ਼ਲੋਕ ੧੯-੨੦)। ਹਿਮਾਲਾ ਪਰਬਤ ਅਤੇ ਵਿੰਦਿਆਚਲ ਪਰਬਤ ਦੇ ਵਿਚਕਾਰ ਕੁਰੂਕਸ਼ੇਤਰ ਤੋਂ ਪੂਰਵ ਅਤੇ ਪ੍ਰਾਗਰਾਜ ਦੇ ਪੱਛਮ ਵਾਲੇ ਭਾਗ ਨੂੰ ਮੱਧ ਦੇਸ਼ ਕਿਹਾ ਗਿਆ ਹੈ (ਸਲੋਕ ੨੧) ਇਸਦਾ ਵਿਸਤਾਰ ਹੀ ਆਰਯਾ ਵਰਤ ਬਣਿਆ ਤੇ ਆਦਿ ਵਾਸੀਆਂ ਨੂੰ ਸ਼ੂਦਰ (ਦਾਸ) ਬਣਾ ਕੇ ਵਰਨ ਜੁਗਤ ਸਥਾਪਿਤ ਹੋਈ।

ਕਰਤਾਰ ਸਿੰਘ ਨੌਲਧਾਰੀ, *ਚੰਡੀਗੜ੍ਹ*

ਤੁਸਾਂ ਸੰਤ ਸੀਚੇਵਾਲ ਜੀ ਬਾਰੇ ਕਵਿਤਾ ਬੜੇ ਸੁੰਦਰ ਤਰੀਕੇ ਨਾਲ ਛਾਪੀ ਹੈ। ਦੇਖ ਕੇ ਦਿਲ ਖਿੜ ਗਿਆ। ਇਸ ਨੂੰ ਫਰੇਮ ਕਰਵਾ ਕੇ, ਦੋਨਾਂ ਪਾਸਿਆਂ ਤੇ ਸੰਤ ਜੀ ਦੀਆਂ ਸੁੰਦਰ ਫੋਟੋਆਂ ਲਗਾਈਆਂ ਗਈਆਂ ਹਨ। ਕਿਸੇ ਦਿਨ ਚਰਨਾਂ 'ਚ ਹਾਜ਼ਰ ਹੋ ਕੇ ਪੇਸ਼ ਕਰਾਂਗਾ।

—ਅਜੈਬ ਸਿੰਘ

ਅਸੀਸ, ਦੀ ਮਾਲ ਕਪੂਰਥਲਾ

———

"ਵਰਿਆਮ" ਦੇ ਅਗਸਤ ੨੦੦੬ ਦੇ ਅੰਕ ਵਿੱਚ ਮੁਠੱਡੇ ਕੂਕਿਆਂ ਦੇ ਸੰਬੰਧੀ ਸ੍ਰੀ ਦਲਬੀਰ ਸਿੰਘ ਤਰਸ ਜੀ ਵੱਲੋਂ ਲਿਖਿਆ ਇਕ ਲੇਖ ਛਪਿਆ ਹੈ, ਇਸ ਲੇਖ ਨੂੰ ਪੜ੍ਹ ਕੇ ਬਹੁਤ ਖ਼ੁਸ਼ੀ ਹੋਈ। ਸੰਤ ਦਲਬੀਰ ਸਿੰਘ ਜੀ ਵਧਾਈ ਦੇ ਪਾਤਰ ਹਨ, ਜਿਨ੍ਹਾਂ ਨੇ ਇਹ ਖੋਜ ਭਰਿਆ ਲੇਖ ਲਿਖ ਕੇ ਸਾਰੇ ਮੁਠੱਡੇ ਨਿਵਾਸੀਆਂ ਦਾ ਸਿਰ ਉੱਚਾ ਕੀਤਾ ਹੈ। ਜਿਨ੍ਹਾਂ ਵਿੱਚੋਂ ਮੈਂ ਭੀ ਇਕ ਹਾਂ।

ਤਰਸ ਜੀ ਨੇ ਮੁਠੱਡਿਆਂ ਦੀਆਂ ਬਹੁਤ ਸਾਰੀਆਂ ਮਾਨਯੋਗ ਸ਼ਖ਼ਸੀਅਤਾਂ ਦਾ ਜ਼ਿਕਰ ਕੀਤਾ ਹੈ। ਇਹਨਾਂ ਦੇ ਦਾਦਾ ਜੀ ਸੰਤ ਪਾਲ ਸਿੰਘ ਜੀ ਦਾ ਮੈਂ ਦਰਸ਼ਨ ਬਹੁਤ ਵਾਰੀ ਕੀਤਾ ਹੈ। ਜਦੋਂ ਵੀ ਪਿੰਡ ਜਾਣ ਦਾ ਮੌਕਾ ਮਿਲਦਾ, ਸੰਤ ਪਾਲ ਸਿੰਘ ਜੀ ਦੇ ਦਰਸ਼ਨ ਜ਼ਰੂਰ ਕਰੀਦੇ ਸਨ।

ਹੋ ਸਕਦਾ ਹੈ ਜਾਣਕਾਰੀ ਨਾ ਹੋਣ ਕਰਕੇ ਸ੍ਰੀ ਤਰਸ ਜੀ ਮੁਠੱਡਿਆਂ ਦੀਆਂ ਦੋ ਐਸੀਆਂ ਸ਼ਖ਼ਸੀਅਤਾਂ ਦਾ ਜ਼ਿਕਰ ਆਪਣੇ ਲੇਖ ਵਿੱਚ ਨਹੀਂ ਕੀਤਾ ਜਿਨ੍ਹਾਂ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਕੀਰਤਨੀਏ ਹੋਣ ਦਾ ਸੁਭਾਗ ਪ੍ਰਾਪਤ ਸੀ। ਮੇਰਾ ਇਸ਼ਾਰਾ ਮੇਰੇ ਸਤਿਕਾਰ ਯੋਗ ਸਵਰਗਵਾਸੀ ਪਿਤਾ ਜੀ ਸੰਤ ਜਗਤ ਸਿੰਘ ਜੀ ਅਤੇ ਚਾਚਾ ਜੀ ਸੰਤ ਚਰਨ ਸਿੰਘ ਜੀ ਵੱਲ ਹੈ। ਇਤਨਾ ਜ਼ਰੂਰ ਸੀ ਕਿ ਇਨ੍ਹਾਂ ਦਾ ਪਹਿਰਾਵਾ ਨਾਮਧਾਰੀਆਂ ਵਾਲਾ ਨਹੀਂ ਸੀ ਹੁੰਦਾ ਸਿਵਾਏ ਸਤਿਗੁਰੂ ਜੀ ਦੀ ਹਜ਼ੂਰੀ ਦੇ। ਇਹ ਦੋਨੋਂ ਭਾਈ ਆਪਣੇ ਕਾਰ-ਵਿਹਾਰ ਦੇ ਸਿਲਸਿਲੇ ਵਿੱਚ ਤਕਰੀਬਨ ੧੯੨੦ ਤੋਂ ਦਿੱਲੀ ਹੀ ਨਿਵਾਸ ਰੱਖਦੇ ਸਨ। ਸਤਿਗੁਰੂ ਜੀ ਦੀ ਕ੍ਰਿਪਾ ਕਾਰਣ ਇਹ ਦੋਨੋਂ ਭਰਾ ਰਾਗਾਂ ਵਿੱਚ ਕੀਰਤਨ ਕਰਨ ਵਿੱਚ ਨਿਪੁੰਨ ਸਨ। ਸਤਿਗੁਰੂ ਜੀ ਨੇ ਆਵਾਜ਼ ਭੀ ਸੁਰੀਲੀ ਬਖ਼ਸ਼ੀ ਸੀ। ਜਦੋਂ ਸਤਿਗੁਰੂ ਜੀ ਦਾ ਦਿੱਲੀ ਦੌਰਾ ਹੁੰਦਾ ਸੀ, ਇਹ ਦੋਨੋਂ ਭਰਾ ਸਵੇਰੇ ਆਸਾ ਜੀ ਦੀ ਵਾਰ ਤੇ ਸ਼ਾਮ ਦਾ ਕੀਰਤਨ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਕਰਦੇ ਸਨ ਅਤੇ ਸਤਿਗੁਰੂ ਜੀ ਇਹਨਾਂ ਦੋਨਾਂ ਨੂੰ ਆਪਣੀ ਕ੍ਰਿਪਾ ਨਾਲ ਨਿਵਾਜਦੇ ਸਨ। ਉਨ੍ਹਾਂ ਦਿਨਾਂ ਵਿੱਚ ਰਾਗੀ ਸਤਿਗੁਰੂ ਜੀ ਨਾਲ ਨਹੀਂ ਸਨ ਜਾਂਦੇ।

੧੯੪੦ ਵਿੱਚ ਮੇਰੇ ਪਿਤਾ ਜੀ ਸੰਤ ਜਗਤ ਸਿੰਘ ਜੋ ਕਿ ਸਰਕਾਰੀ ਨੌਕਰ ਸਨ ਦਾ ਤਬਾਦਲਾ ਸ਼ਿਮਲੇ ਹੋ ਗਿਆ। ਸਤਿਗੁਰੂ ਜੀ ਨੂੰ ਜਦ ਤਬਾਦਲੇ ਦਾ ਪਤਾ ਲੱਗਾ ਤਾਂ ਉਹ ਬਹੁਤ ਪ੍ਰਸੰਨ ਹੋਏ ਤੇ ਉਨ੍ਹਾਂ ਫ਼ੁਰਮਾਇਆ ਕਿ ਇਹ ਅੱਛਾ ਹੋ ਗਿਆ। ਹੁਣ ਕੀਰਤਨ ਦੀ ਔਕੜ ਨਹੀਂ ਹੋਵੇਗੀ। ਜਦੋਂ ਵੀ ਸਤਿਗੁਰੂ ਜੀ ਦਾ ਸ਼ਿਮਲੇ ਦੌਰਾ ਹੁੰਦਾ ਕੀਰਤਨ ਕਰਨ ਦੀ ਡਿਊਟੀ ਪਿਤਾ ਜੀ ਦੇ ਜ਼ਿੰਮੇਂ ਹੁੰਦੀ ਸੀ। ੧੯੫੯ ਵਿੱਚ ਰਿਟਾਇਰ ਹੋਣ ਤੋਂ ਬਾਅਦ ਪਿਤਾ ਜੀ ਮੁਠੱਡਾ ਕਲਾਂ ਵਿੱਚ ਆ ਗਏ। ਵਰਤਮਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਪਿਤਾ ਜੀ ਨੂੰ ਬਿਲਕੁਲ ਉਸੇ ਤਰ੍ਹਾਂ ਹੀ ਨਿਵਾਜਦੇ ਰਹੇ ਹਨ ਜਿਵੇਂ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਨਿਵਾਜਦੇ ਸਨ।

ਸੰਤੋਖ ਸਿੰਘ ਨਾਮਧਾਰੀ, ਸੰਤ ਤਰਸੇਮ ਸਿੰਘ ਪਾਸਲਾ ਜੋ ਕਿ ਸਤਿਗੁਰੂ ਜੀ ਦੇ ਲਾਡਲਿਆਂ ਵਿੱਚ ਸ਼ੁਮਾਰ ਕੀਤੇ ਜਾਂਦੇ ਹਨ, ਨੂੰ ਕੂਕਾ ਬਣਾਉਣ ਦਾ ਸ਼੍ਰੇਅ ਪਿਤਾ ਜੀ ਨੂੰ ਹੈ, ਜਿਨ੍ਹਾਂ ਦੀ ਕ੍ਰਿਪਾ ਸਦਕਾ ਹੀ ਇਹ ਸਤਿਗੁਰੂ ਜੀ ਦੀ ਚਰਨੀਂ ਲੱਗੇ।

ਮੇਰਾ ਛੋਟਾ ਵੀਰ ਹਿਮਾਚਲ ਪ੍ਰਦੇਸ਼ ਦੇ ਲੋਕ ਨਿਰਮਾਣ ਵਿਭਾਗ ਵਿੱਚ ਐਸ.ਡੀ.ਓ. ਸੀ। ੧੯੬੭ ਵਿੱਚ ਉਸਦਾ ਤਬਾਦਲਾ ਬਿਲਾਸਪੁਰ (ਮੰਡੀ ਸਕੇਤ ਦੇ ਰਸਤੇ ਵਿੱਚ) ਹੋ ਗਿਆ। ਪਿਤਾ ਜੀ ਵੀ ਇਹਨਾਂ ਕੋਲ ਸਨ। ਜਦੋਂ ਵੀ ਸਤਿਗੁਰੂ ਜੀ ਮੰਡੀ ਜਾਣਾ ਤੇ ਵਾਪਸ ਭੈਣੀ ਸਾਹਿਬ ਆਉਣਾ ਉਚੇਚੇ ਤੌਰ ਤੇ ਪਿਤਾ ਜੀ ਨੂੰ ਦਰਸ਼ਨ ਦੇ ਕੇ ਨਿਵਾਜਣ ਦੀ ਕ੍ਰਿਪਾ ਕਰਦੇ ਰਹੇ ਹਨ।

ਜਿੱਥੋਂ ਤੱਕ ਮੇਰਾ ਸਬੰਧ ਗੁਰੂ ਘਰ ਨਾਲ ਜੁੜੇ ਰਹਿਣ ਦਾ ਹੈ, ਮੈਨੂੰ ਤਾਂ ਸਤਿਗੁਰੂ ਜੀ ਨੇ ਆਪਣੇ ਚਰਨਾਂ ਨਾਲ ਮੇਰੇ ਜਨਮ ਤੋਂ ਪਹਿਲਾਂ ਹੀ ਜੋੜਿਆ ਹੋਇਆ ਹੈ। ਮੇਰਾ ਨਾਮ ਵੀ ਸਤਿਗੁਰੂ ਜੀ ਨੇ ਮਾਤਾ ਜੀ ਨੂੰ ਸੁਫ਼ਨੇ ਵਿੱਚ ਦਰਸ਼ਨ ਦੇ ਕੇ ਹੀ ਰੱਖਿਆ ਹੋਇਆ ਹੈ। ਸਤਿਗੁਰੂ ਜੀ ਦੀ ਅਪਾਰ ਕ੍ਰਿਪਾ ਰਹੀ ਹੈ ਤੇ ਹੁਣ ਭੀ ਹੈ।

ਜਦੋਂ ਅਟਲ ਪ੍ਰਤਾਪੀ ਸਤਿਗੁਰੂ ਜੀ ਦੇਹ ਦਾ ਓਹਲਾ ਕੀਤਾ ਅਤੇ ਵਰਤਮਾਨ ਸਤਿਗੁਰੂ ਜੀ ਨੇ ਨਾਮਧਾਰੀ ਪੰਥ ਦੀ ਵਾਗਡੋਰ ਸੰਭਾਲੀ ਅਤੇ ਸਤਿਕਾਰਯੋਗ ਮਹਾਰਾਜ ਬੀਰ ਸਿੰਘ ਜੀ ਨੇ ਆਪਣੀ ਰੁਮਾਲੀ ਵਿਛਾ ਕੇ, ਉਸ ਉੱਪਰ ਬਿਰਾਜਮਾਨ ਹੋਏ ਸਤਿਗੁਰੂ ਜੀ ਨੂੰ ਗੁਰੂ ਰੂਪ ਵਿੱਚ ਸਭ ਤੋਂ ਪਹਿਲਾਂ ਮੱਥਾ ਟੇਕਿਆ ਉਸ ਵੇਲੇ ਮੌਕੇ ਉੱਪਰ ਹਾਜ਼ਰ ਹੋਣ ਦਾ ਸੁਭਾਗ ਮੈਨੂੰ ਪ੍ਰਾਪਤ ਹੈ।

ਸਤਿਗੁਰੂ ਜੀ ਦੀ ਦਸਤਾਰਬੰਦੀ ਸੰਮੇਲਨ ਦੀ ਆਓ-ਭਗਤ ਕਮੇਟੀ ਬਣੀ ਸੀ ਉਸਦਾ ਮੈਂਬਰ ਹੋਣ ਦਾ ਸੁਭਾਗ ਦਾਸ ਨੂੰ ਪ੍ਰਾਪਤ ਹੈ। ਇਸ ਕਮੇਟੀ ਦੇ ਹੋਰ ਮੈਂਬਰ ਸਨ, ਸਵਰਗਵਾਸੀ ਸੰਤ ਮੰਗਲ ਸਿੰਘ ਜੀ ਅਤੇ ਸੰਤ ਤੀਰਥ

ਸਿੰਘ ਹੇਸਪਾਲ। ਚੰਡੀਗੜ੍ਹ ਵਿੱਚ ਨਾਮਧਾਰੀ ਵਿੱਦਿਅਕ ਜੱਥੇ ਦੇ ਪ੍ਰਧਾਨ ਦੀ ਸੇਵਾ ਨਿਭਾਉਣ ਦਾ ਅਵਸਰ ਵੀ ਸਤਿਗੁਰੂ ਜੀ ਮੈਨੂੰ ਬਖ਼ਸ਼ਿਸ਼ ਕੀਤਾ।

ਮੈਂ ਅਤੇ ਮੇਰੇ ਛੋਟੇ ਵੀਰ ਹਰਬੰਸ ਸਿੰਘ ਸੈਂਭੀ ਬਹੁਤ ਭਾਗਸ਼ਾਲੀ ਹਾਂ, ਜਿਨ੍ਹਾਂ ਨੂੰ ਸਤਿਗੁਰੂ ਜੀ ਨੇ ਆਪਣੇ ਚਰਨਾਂ ਨਾਲ ਜੋੜ ਕੇ ਰੱਖਣ ਦੀ ਕ੍ਰਿਪਾ ਕੀਤੀ ਹੋਈ ਹੈ।

ਮੈਂ ਇਹ ਬੇਨਤੀ ਕਰਨ ਦੀ ਮੰਗ ਆਪ ਪਾਸੋਂ ਕਰ ਰਿਹਾ ਹਾਂ ਜੇਕਰ ਆਪ ਮੁਨਾਸਿਬ ਸਮਝੋ ਤੇ ਇਹ ਸੂਚਨਾ ਤਰਸ ਜੀ ਨੂੰ ਦੇਣ ਦੀ ਕ੍ਰਿਪਾ ਕਰਨੀ ਜੀ।

—ਜਸਵੰਤ ਸਿੰਘ

(ਐਡਵੋਕੇਟ ਪੰਜਾਬ ਐਂਡ ਹਰਿਆਣਾ ਹਾਈਕੋਰਟ ਚੰਡੀਗੜ੍ਹ), ਘਰ—੧੩੩੮/੪੪-ਬੀ, ਚੰਡੀਗੜ੍ਹ।

———

ਸਤੰਬਰ ਅੰਕ ਦੇ ਸਰਵਰਕ ਤੇ ਮੁਠੱਡਾ ਨਾਮਧਾਰੀ ਸਾਹਿਤਕ ਸਮਾਗਮ ਜੋ ਦਲਬੀਰ ਸਿੰਘ ਤਰਸ ਆਸਟ੍ਰੇਲੀਆ ਦੀ ਭਾਰਤ-ਫੇਰੀ ਸਮੇਂ ਆਯੋਜਿਤ ਹੋਇਆ, ਛਾਇਆ ਹੋਇਆ ਹੈ। ਸੰਤ ਬਲਬੀਰ ਸਿੰਘ ਸੀਚੇਵਾਲ ਤੇ ਤੁਹਾਡੀ ਸੰਪਾਦਕੀ ਇਸ ਲਈ ਵੀ ਫੱਬਦੀ ਹੈ ਕਿਉਂਕਿ ਵਰਿਆਮ ਦਾ ਪ੍ਰਯਾਵਰਣ ਵਿਸ਼ੇਸ਼ ਅੰਕ ਛਾਪ ਕੇ ਤੁਸੀਂ ਕੁਦਰਤ ਪ੍ਰੇਮੀਆਂ ਨੂੰ ਏਧਰ ਤੋਰਨ ਵਿੱਚ ਸੀਰ ਪਾਇਆ। 'ਸੰਤ ਗ੍ਰਹਿਸਤੀ' ਵਿੱਚ ਸਾਧੂ ਸਿੰਘ ਕਿਸਾਨ ਨੇ ਉਸ ਅਲੋਪ ਹੋ ਰਹੀ ਪੀੜ੍ਹੀ ਤੇ ਝਾਤ ਪੁਆਈ ਜਿਹਨੂੰ 'ਨਾਮਧਾਰੀ ਦਸਤਾਰ ਦੇ ਮੇਲੇ' ਹੋਣ ਦਾ ਸਦਾ ਫ਼ਿਕਰ ਰਹਿੰਦਾ ਸੀ। ਸਰਸਵਤੀ ਸੱਭਿਅਤਾ ਅਤੇ ੪੭ ਤੋਂ ਬਾਅਦ ਦੇ ਮੁੜ ਵਸੇਬੇ ਦੇ ਅੱਖੀਂ ਡਿੱਠੇ ਸਮਾਚਾਰ ਵਧੀਆ ਲੱਗੇ। ਭਾਈ ਕਰਤਾਰ ਸਿੰਘ ਨੀਲਧਾਰੀ ਦੀ, ਸੁਵਰਨ ਸਿੰਘ ਸਨੇਹੀ ਕ੍ਰਿਤ 'ਬਾਰਾਮਾਂਹ ਭਾਈ ਚੰਦਾ ਸਿੰਘ' ਦੀ ਸਮੀਖਿਆ ਬੜੀ ਸਟੀਕ ਤੇ ਉਤਸ਼ਾਹ— ਵਰਧਕ ਸੀ। ਭਾਈ ਚੰਦਾ ਸਿੰਘ ਜੀ ਮੇਰੇ ਪੁਰਖਿਆਂ ਦੇ ਪਿੰਡ ਝੱਬਰ (ਸ਼ੇਖੂਪੁਰਾ) ਦੇ ਸਨ। ਵਰਿਆਮ ਜੀ ਦੇ ਮਾਮਾ ਜੀ ਦੇ ਗੁਜ਼ਰ ਜਾਣ ਦਾ ਵੀ ਇਸ ਵਿੱਚੋਂ ਪੜ੍ਹਿਆ।

—ਸੁਵਰਨ ਸਿੰਘ ਵਿਰਕ , *ਕਰੀਵਾਲਾ*

———

'ਮੇਰਾ ਭਰਾ ਬਲਕਾਰ ਸਿੰਘ'

ਮੈਂ ਬੁੱਢੀ ਮਾੜੀ ਕਿਸੇ ਕੰਮ ਗਿਆ ਸਾਂ ਉਥੇ ਮੈਨੂੰ ਸਾਧੂ ਸਿੰਘ ਕਿਸਾਨ ਮਿਲ ਪਿਆ। ਉਸ ਨੇ ਦੱਸਿਆ ਕਿ ਤੇਰੇ ਭਰਾ ਦਾ ਲੇਖ ਆਇਆ ਹੈ—ਵਰਿਆਮ ਦੇ ਵਿੱਚ। ਮੈਂ ਅਰਜ਼ ਕੀਤੀ ਕਿ ਮੈਨੂੰ ਓਹ ਦੇਵੋ। ਕਿਸਾਨ ਜੀ ਕਿਹਾ ਕੇ ਲੈ ਜਾਵੋ, ਪਰ ਵਾਪਸ ਕਰਨਾ ਹੋਵੇਗਾ। ਮੈਂ ਕਿਹਾ, ਤੁਹਾਡੇ ਘਰ ਹਜ਼ਾਰਾਂ 'ਵਰਿਂਆਮ, ਪਏ ਹੋਏ ਨੇ—ਇਕ ਨਾਲ ਘਾਟਾ ਪੈ ਜਾਵੇਗਾ ? ਮੇਰੇ ਕੋਲੋਂ ਕੀਮਤ ਲੈ ਲਵੋ। ਤਾਂ ਸਾਧੂ ਸਿੰਘ ਨੇ ਕਿਹਾ, ਮੈਂ ਏਹ ਵਰਿਆਮ ਕਿਸੇ ਕੀਮਤ ਤੇ ਨਹੀਂ ਦੇ ਸਕਦਾ—ਹੋਰ ਲੈ ਜਾਵੋ ਕਿਉਂਕਿ ਮੈਂ ਏਸ ਨੂੰ ਆਪਣੇ ਰਕਾਟ ਵਿੱਚ ਰੱਖਣਾ ਹੈ। ਮੈਂ ਕਿਹਾ ਕਿ ਮੈਂ ਕੋਈ ਗੱਲ ਬਲਕਾਰ ਸਿੰਘ ਬਾਰੇ ਲਿਖ ਕੇ ਭੇਜਾਂ ਤਾਂ ਵਰਿਆਮ ਛਾਪੇਗਾ ? ਸਾਧੂ ਸਿੰਘ ਨੇ ਕਿਹਾ ਜ਼ਰੂਰ ਛਾਪੇਗਾ। ਵਰਿਆਮ ਸਾਡੇ ਵਰਗਾ ਹੀ ਹੈ—ਜਰਾ ਸਿਆਣਾ ਜਾਦਾ ਹੋ ਗਿਆ ਹੈ।

ਮੈਂ ਕਿਹਾ—ਮੇਰਾ ਜੀਅ ਕਰਦਾ ਹੈ ਕਿ ਮੈਂ ਗਾਹਕ ਬਣ ਜਾਵਾਂ ਵਰਿਆਮ ਦਾ। ਪਰ ਮੇਰੇ ਡੇਰੇ ਤੇ ਡਾਕੀਆ ਨਹੀਂ ਜਾਂਦਾ ਦੂਰ ਹੋਣ ਕਰਕੇ। ਕਿਸਾਨ ਜੀ ਕਹਿਣ ਲੱਗੇ ਕਿ ਤੁਸੀਂ ਗਾਹਕ ਬਣੋ। ਤੁਹਾਡਾ ਡਾਕੀਆ ਮੈਂ ਬਣਾਂਗਾ। ਏਹ ਗੱਲ ਕੋਈ ਸਾਧਾਰਨ ਆਦਮੀ ਨਹੀਂ ਕਹਿ ਸਕਦਾ। ਮੈਂ ਉਸੇ ਵੇਲੇ (ਚੰਦਾ ਦੇ ਕੇ) ਗਾਹਕ ਬਣ ਗਿਆ।

ਜਿਹੜਾ ਵਰਿਆਮ ਮੈਨੂੰ ਸਾਧੂ ਸਿੰਘ ਨੇ ਦਿੱਤਾ ਸੀ—ਓਹ ੩੧ਵਾਂ ਸਾਲ ੨੦੦੬ ਦਾ ਸੀ। ਜਿਦ੍ਹੇ ਵਿੱਚ ਬਲਕਾਰ ਸਿੰਘ ਦੀ ਚਿੱਠੀ ਸੀ। "ਛੋਟੇ ਹੁੰਦੇ ਦਾ ਮਿੱਤਰ ਸੀ ਤੇਰਾ" ਮੈਨੂੰ ਇਹ ਚਿੱਠੀ ਪੜ੍ਹ ਕੇ ਬਹੁਤ ਪ੍ਰਾਪਤੀ ਹੋਈ ਹੈ। ਚਿੱਠੀ ਦੱਸਦੀ ਏ ਕਿ ਵਰਿਆਮ ਮੇਰਾ ਮਿੱਤਰ ਹੈ। ਚਿੱਠੀ ਦੱਸਦੀ ਏ ਕਿ ਤਰਨ ਸਿੰਘ ਵਹਿਮੀ ਮੇਰਾ ਸੱਕਾ ਮਾਸੜ ਹੈ, ਤੇ ਸਾਧੂ ਸਿੰਘ, ਬਲੀ ਸਿੰਘ, ਗੁਰਦੇਵ ਸਿੰਘ, ਗੁਰਮੁਖ ਸਿੰਘ ਹੁਰੀਂ ਏਹ ਮੇਰੀ ਸੱਕੀ ਮਾਸੀ ਦੇ ਮੁੰਡੇ ਹਨ। ਹੋ ਸਕਦੈ ਕਿ ਹੁਣ ਮੇਰਾ ਵੀ ਨੰਬਰ ਲੱਗ ਜਾਵੇ ਕਿ ਬਿਬੇਕ ਸਿੰਘ ਮੇਰਾ ਸੱਕਾ ਭਰਾ ਹੈ।

ਵਰਿਆਮ ਆਪਣੇ ਵੱਲੋਂ ਲਿਖਦਾ ਹੈ ਕਿ ਬਲਕਾਰ ਸਿੰਘ ਵਿੱਚ ਬਹੁਤ ਗੁਣ ਹਨ। ਇਹ ਗੱਲ ਬਿਲਕੁਲ ਠੀਕ ਹੈ। ਪਰ ਇਕ ਗੁਣ ਬਲਕਾਰ ਸਿੰਘ ਵਿੱਚ ਹੋਰ ਵੀ ਹੈ। ਉਹਦਾ ਕਿਸੇ ਨੂੰ ਨਹੀਂ ਪਤਾ। ਨਾ ਹੀ ਉਹ ਅੱਜ ਤੱਕ ਕਿਸੇ ਲਿਖਤ ਵਿੱਚ ਆਇਆ ਹੈ। ਉਹ ਗੁਣ ਮੈਂ ਦੱਸਦਾ ਹਾਂ। ਏਹ ਗੱਲ ਸੰਨ ਸੰਤਾਲੀ ਦੀ ਏ। ਰੌਲੇ ਪੈਣੇ ਸ਼ੁਰੂ ਹੋ ਗਏ ਸੀ। ਲੋਕਾਂ ਨੇ ਆਪਣੇ ਬਚਾਅ ਵਾਸਤੇ ਬਰਛੇ-ਕਿਰਪਾਨਾਂ ਰੱਖਣੇ ਸ਼ੁਰੂ ਕਰ ਦਿੱਤੇ ਸੀ। ਜਿਦ੍ਹੇ ਵਿੱਚ ਗਤਕਾ ਸਿੱਖਣਾ ਵੀ ਸ਼ਾਮਿਲ ਸੀ। ਸਾਡੇ ਪਿੰਡ ਵਿੱਚ ਇਕ ਮੁੰਡਾ ਸੱਤ ਫੁੱਟਾ ਜਵਾਨ 'ਬਚਨੀ, ਕਿਸੇ ਨਿਹੰਗ ਦੇ ਡੇਰੇ ਤੋਂ ਗਤਕਾ ਸਿੱਖ ਕੇ ਆਇਆ ਸੀ। ਫੇਰ ਉਹ ਸ੍ਰ. ਗੁਰਬਚਨ ਸਿੰਘ ਬਣ ਗਿਆ ਸੀ। ਆਸੇ ਪਾਸੇ ਵੀ ਖ਼ਬਰ ਫੈਲ ਗਈ ਕਿ 'ਛਾਂਡੀ' ਪਿੰਡ ਵਿੱਚ ਗਤਕਾ ਸਿਖਾਂਦੇ ਹਨ। ਨੌਜਵਾਨ ਗਤਕਾ ਖੇਡਦੇ ਸੀ। ਸਾਰਾ ਪਿੰਡ ਵੇਖਦਾ ਸੀ। ਵੇਖਣ ਵਾਲਿਆਂ ਵਿੱਚ ਬਲਕਾਰ ਸਿੰਘ ਵੀ ਹੁੰਦਾ ਸੀ।

ਸਾਡੇ ਪਿਤਾ ਸਰਦਾਰ ਸਿੰਘ ਨੇ ਬੰਦਾ ਘੱਲ ਕੇ ਹਰਨਾਮ ਸਿੰਘ ਦਾਦੂਵਾਲੀ ਵਾਲੇ ਨੂੰ ਮੰਗਾਇਆ। ਸਾਡੇ ਪਿਤਾ ਨੂੰ

ਪਤਾ ਸੀ ਕਿ ਹਰਨਾਮ ਸਿੰਘ ਬਹੁਤ ਵੱਡਾ ਗਤਕਈ ਹੈ। ਜਦੋਂ ਗਤਕੇ ਦਾ ਮੈਦਾਨ ਪੂਰਾ ਗਰਮ ਸੀ—ਕਾੜ ਕਾੜ ਡਾਂਗਾਂ ਚੱਲ ਰਹੀਆਂ ਸੀ ਤਾਂ ਪਿਤਾ ਨੇ ਹਰਨਾਮ ਸਿੰਘ ਨੂੰ ਕਿਹਾ ਕਿ ਸੰਤ ਜੀ! ਤੁਸੀਂ ਹੁਣ ਵੜੋ ਮੈਦਾਨ ਵਿੱਚ। ਵਖਾਓ ਹੱਥ ਤਾਂ ਹਰਨਾਮ ਸਿੰਘ ਨੇ ਕਿਹਾ ਕਿ ਏਥੇ ਬਲਕਾਰ ਸਿੰਘ ਖੇਡੇਗਾ। ਸਾਡੇ ਪਿਤਾ ਨੇ ਆਖਿਆ ਸੰਤ ਜੀ! ਤੁਹਾਨੂੰ ਓਸ ਮੁੰਡੇ ਨਾਲ ਖੇਡਣ ਵਾਸਤੇ ਸੱਦਿਆ ਹੈ। ਹਰਨਾਮ ਸਿੰਘ ਨੇ ਕਿਹਾ, ਸੰਤ ਜੀ! ਤੁਸੀਂ ਫ਼ਿਕਰ ਕਿਉਂ ਕਰਦੇ ਹੋ ? ਬਲਕਾਰ ਓਦੇ ਨਾਲ ਹੀ ਖੇਡੇਗਾ ? ਮੈਂ ਏਥੇ ਬੈਠਾ ਹਾਂ। ਮੇਰੇ ਤੇ ਤੁਹਾਨੂੰ ਇਤਬਾਰ ਨਹੀਂ ?

ਸੰਤ ਹਰਨਾਮ ਸਿੰਘ ਨੇ ਬਲਕਾਰ ਦੀ ਕੰਡ ਤੇ ਹੱਥ ਫੇਰ ਕੇ ਗੁਰਬਚਨ ਸਿੰਘ ਨਾਲ ਭੇੜ ਕਰਾ ਦਿੱਤਾ। ਓਹ ਦੋ ਘੜੀਆਂ ਨਜ਼ਾਰਾ ਵੇਖਣ ਵਾਲਾ ਸੀ—ਅਖ਼ੀਰ ਬਲਕਾਰ ਸਿੰਘ ਨੇ ਗੁਰਬਚਨ ਸਿੰਘ ਦੇ ਗੁੱਟ ਤੇ ਡਾਂਗ ਮਾਰੀ ਤੇ ਓਦੇ ਹੱਥੋਂ ਡਾਂਗ ਡਿੱਗ ਪਈ। ਤਾਂ ਬਲਕਾਰ ਸਿੰਘ ਖੀ ਖੀ ਕਰਕੇ ਓਦੇ ਮਗਰ ਚੜ੍ਹ ਗਿਆ। ਬਚਨਾ ਅੱਗੇ-ਅੱਗੇ ਤੇ ਬਲਕਾਰ ਪਿੱਛੇ-ਪਿੱਛੇ। ਮੈਂ ਲੋਕਾਂ ਨੂੰ ਕਹਿੰਦੇ ਸੁਣਿਆ ਸੀ ਬੱਲੇ ਓਇ— ਬਲਕਾਰੀ ਨੇ ਤਾਂ ਹੱਦ ਕਰ ਦਿੱਤੀ ਏ। ਓਦੋਂ ਲੋਕ ਬਲਕਾਰ ਸਿੰਘ ਨੂੰ ਬਲਕਾਰਾ ਜਾਂ ਬਲਕਾਰੀ ਹੀ ਕਹਿੰਦੇ ਹੁੰਦੇ ਸੀ। ਏਸ ਗੱਲ ਨੇ ਸਾਡੇ ਪਿੰਡ ਦਾ ਏਹ ਨੁਕਸਾਨ ਕੀਤਾ ਕਿ ਓਦੂੰ ਬਾਦ ਗੁਰਬਚਨ ਸਿੰਘ ਘਰੋਂ ਬਾਹਰ ਓਦੋਂ ਹੀ ਨਿਕਲਿਆ ਸੀ, ਜਦੋਂ ਪਿੰਡ ਛੱਡ ਕੇ ਨਿਕਲੇ ਸਾਂ।

ਹਰਨਾਮ ਸਿੰਘ ਨੇ ਸਾਡੇ ਪਿਤਾ ਨੂੰ ਦੱਸਿਆ ਸੀ ਕਿ ਬਲਕਾਰ ਸਿੰਘ ਨੂੰ ਚਾਰ ਬੰਦੇ ਪੈ ਜਾਣ ਤਾਂ ਇਕ ਬੰਦਾ ਵੀ ਡਾਂਗ ਮਾਰ ਜਾਵੇ ਤਾਂ ਪਿੰਡ ਛੱਡ ਜਾਵਾਂਗਾ। ਓਸ ਦੱਸਿਆ ਸੀ ਕਿ ਮੈਂ ਤੇ ਬਲਕਾਰ ਨੇ ਆਪਸ ਵਿੱਚ ਸੌਦਾ ਕੀਤਾ ਸੀ ਕਿ ਮੈਂ ਗਤਕਾ ਸਿਖਾਵਾਂਗਾ, ਏਹ ਮੈਨੂੰ ਪਾਠ ਸਿਖਾਏਗਾ।

ਬੇਸ਼ਕ ਬਲਕਾਰ ਸਿੰਘ ਨੂੰ ਪੁੱਛ ਲਵੋ। ਜੇ ਝੂਠ ਹੋਵੇ ਤਾਂ ਨਾ ਛਾਪਣਾ।

—ਵਰਿਆਮ ਵਿਚ ਸਵਰਨ ਸਿੰਘ ਵਿਰਕ ਦੀ ਲੇਖਣੀ ਦੀ ਸਿਫਤ ਕੀ ਕਰੀਏ। ਸਿਫ਼ਤਾਂ ਤਾਂ ਇਹਨਾਂ ਦੇ ਪੈਰ ਚੁੰਮਦੀਆਂ ਹਨ ਤੇ ਇਹ ਸਿਫਤਾਂ ਦੀ ਪਰਵਾਹ ਹੀ ਨਹੀਂ ਕਰਦੇ। ਇਹਨਾਂ ਬਾਰੇ ਹੋਰ ਸੋਚਾਂਗੇ। ਵਰਿਆਮ ਲਿਖਦੈ ਕਿ ਹਰ ਬੰਦੇ ਦੇ ਦਿਲ ਵਿਚ ਇਤਿਹਾਸ ਸਮੋਇਆ ਹੋਇਆ ਹੈ ਪਰ ਲੇਖਕ ਨਾ ਹੋਣ ਕਰਕੇ ਉਜਾਗਰ ਨਹੀਂ ਹੋ ਰਿਹਾ। ਇਹ ਗੱਲ ਤਾਂ ਤੁਸੀਂ ਸਿੱਧੀ ਮੈਨੂੰ ਆਖੀ ਹੈ। ਰਾਵੀਓਂ ਆਰ ਪਾਰ ਦੀ ਬੜੀ ਦਰਦਨਾਕ ਤਸਵੀਰ ਸੀ। ਇਕ ਵਾਰੀ ਜ਼ਖ਼ਮ ਤਾਜ਼ਾ ਹੋ ਗਏ ਹਨ। ਇਹ ਲੇਖ ਮੈਂ ਪਿਆਰਾ ਸਿੰਘ ਸਾਗਰ ਪੁਰ ਵਾਲੇ ਨੂੰ ਸੁਣਾਇਆ ਸੀ। ਉਸ ਦੱਸਿਆ ਸੀ ਕਿ ਓਸ ਖੋਭੇ ਵਿਚ ਮੇਰੀ ਭਰਜਾਈ ਖੁੱਭ ਗਈ ਸੀ। ਉਹਦੇ ਵਲ ਦੋ ਪੱਗਾਂ ਗੰਢ ਕੇ ਸੁਟੀਆਂ ਸੀ ਤਾਂ ਦੋ ਬੰਦਿਆਂ ਨੇ ਮਸਾਂ ਕੱਢੀ ਸੀ। ਓਥੇ ਹੋਰ ਕਈ ਬੁੱਢੀਆਂ ਬੰਦੇ ਖੁੱਭੇ ਹੋਏ ਸਨ। ਉਹਨਾਂ ਨਾਲ ਕੀ ਬੀਤੀ ਸਾਨੂੰ ਨਹੀਂ ਪਤਾ। ਓਥੇ ਮਾਵਾਂ ਪੁੱਤ ਨਹੀਂ ਸੰਭਾਲੇ ਤੇ ਪੁੱਤਾਂ ਨੇ ਮਾਵਾਂ ਨਹੀਂ ਸੰਭਾਲੀਆਂ ਸਨ।

—ਬਲਕਾਰ ਸਿੰਘ ਦਾ ਛੋਟਾ ਭਰਾ

ਬਬੇਕ ਸਿੰਘ ਬਾਜਵਾ

ਬੁਢੀ ਮਾੜੀ ਵਾਣੀ ਨਾਲੀ ਦੇ ਪੁਲ ਉਤੇ

(ਸਿਰਸਾ)

ਸਤੰਬਰ ਅੰਕ ਵਿਚ ਸਵਰਨ ਸਿੰਘ ਵਿਰਕ ਨੇ ਹਰਭਜਨ ਸਿੰਘ ਕੋਮਲ ਦੇ ਕਹਾਣੀ ਸੰਗ੍ਰਹਿ 'ਕੱਚੇ ਪੱਕੇ ਲੋਕ' ਬਾਰੇ ਵਿਸਥਾਰ ਵਿਚ ਚੰਗੀ ਜਾਣਕਾਰੀ ਦਿੱਤੀ ਹੈ। ਅਜਿਹੇ ਲੇਖ ਮੇਰੇ ਲਈ ਬੜੇ ਸਹਾਈ ਸਿੱਧ ਹੁੰਦੇ ਹਨ। ਆਪ ਸਿੱਧੇ ਹਰੇਕ ਕਹਾਣੀ ਅਤੇ ਕਹਾਣੀਕਾਰ ਤੱਕ ਪਹੁੰਚ ਕਰਨੀ ਔਖੀ ਹੁੰਦੀ ਹੈ। ਇਸ ਤਰ੍ਹਾਂ ਕਈ ਵੇਰਵੇ ਸੌਖੇ ਮਿਲ ਜਾਂਦੇ ਹਨ। ਪੰਜਾਬੀ ਕਹਾਣੀਕਾਰਾਂ ਬਾਰੇ ਖੋਜ ਕਰਦਿਆਂ ਅਜਿਹੇ ਵੇਰਵਿਆਂ ਦੀ ਬਹੁਤ ਲੋੜ ਪੈਂਦੀ ਹੈ। ਵਰਿਆਮ ਰਾਹੀਂ ਮੈਨੂੰ ਇਕ ਹੋਰ ਚੰਗਾ ਕਹਾਣੀਕਾਰ ਲੱਭ ਗਿਆ ਹੈ।

—ਡਾ. ਬਲਦੇਵ ਸਿੰਘ ਧਾਲੀਵਾਲ

ਪੰਜਾਬੀ ਯੂਨੀਵਰਸਿਟੀ, ਪਟਿਆਲਾ

ਸ. ਸਰੈਣ ਸਿੰਘ

ਸੰਤ ਸਰੈਣ ਸਿੰਘ ਜੀ ਦੇ ਅਕਾਲ ਚਲਾਣੇ ਦਾ ਸੁਣ ਕੇ ਬਹੁਤ ਦੁੱਖ ਹੋਇਆ ਹੈ ਜੀ। ਸੰਤ ਜੀ ਪੂਰਨ ਗੁਰਮੁੱਖ ਗ੍ਰਿਸਤੀ ਸੰਤ ਸਨ ਜੀ। ਆਪ ਜੀ ਦੇ ਜਦ ਵੀ ਦਰਸ਼ਨ ਕਰਨ ਦਾ ਮੌਕਾ ਮਿਲਿਆ ਤਦ 'ਹੱਥ ਕਾਰ ਵੱਲ ਚਿੱਤ ਯਾਰ ਵੱਲ' ਦੇ ਸਰੂਪ ਵਿੱਚ ਹੀ ਦਰਸ਼ਨ ਹੁੰਦੇ ਸਨ ਜੀ। ਦਾਸ ਦੀ ਸ੍ਰੀ ਸਤਿਗੁਰੂ ਜੀ ਦੇ ਪਵਿੱਤਰ ਚਰਨਾਂ 'ਚ ਅਰਦਾਸ ਹੈ ਕਿ ਉਹਨਾਂ ਦੀ ਸਾਡੇ ਤੋਂ ਵਿਛੜੀ ਰੂਹ ਨੂੰ ਆਪਣੇ ਪਵਿੱਤਰ ਚਰਨਾਂ 'ਚ ਨਿਵਾਸ ਬਖ਼ਸ਼ਣ ਜੀ ਅਤੇ ਸਾਨੂੰ ਵੀ ਉਹਨਾਂ ਜਿਹਾ ਜੀਵਨ ਜੀਉਣ ਦੀ ਜਾਚ ਅਤੇ ਉਹਨਾਂ ਦੇ ਵਿਛੋੜੇ ਨੂੰ ਸਹਿਣ ਦਾ ਬੱਲ ਬਖ਼ਸ਼ਣ ਦੀ ਕ੍ਰਿਪਾ ਕਰਨ ਜੀ।

—ਸੁਰਜੀਤ ਸਿੰਘ ਜੀਤ, *ਲੰਡਨ*

ਭੁਲ ਦੀ ਸੋਧ

ਸਤੰਬਰ ਅੰਕ ਵਿਚ ਸ. ਸਰੈਣ ਸਿੰਘ ਜੀ ਬਾਰੇ ਲੇਖ ਵਿਚ ਗ਼ਲਤੀ ਨਾਲ ਉਹਨਾਂ ਦੇ ਪਿਤਾ ਦਾ ਨਾਮ ਮਿਸਤਰੀ ਮਿਹਰ ਸਿੰਘ ਛੱਪ ਗਿਆ ਸੀ। ਸਹੀ ਨਾਮ ਮਿਸਤਰੀ ਲਾਭ ਸਿੰਘ ਹੈ— ਸੰਪਾਦਕ



ਵਿਛੜੇ ਸੱਜਣ



ਸ. ਦਇਆ ਸਿੰਘ ਮਠਾੜੂ ਜੋ ਇੰਗਲੈਂਡ ਵਿਚ ਪ੍ਰਲੋਕ ਸੁਧਾਰ ਗਏ ਹਨ।



ਇਕ ਪੁਰਾਣੀ ਤਸਵੀਰ :- ਸ. ਦਇਆ ਸਿੰਘ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਬੇਨਤੀ ਕਰਦੇ ਹੋਏ।

ਵਿਛੜੇ ਸੱਜਣ



ਬਲਵਿੰਦਰ ਸਿੰਘ
ਸੁਪੱਤਰ ਸ. ਜਸਵੰਤ ਸਿੰਘ
ਨਾਮਧਾਰੀ ਟੇਲਰਜ਼ ਦਿੱਲੀ



ਪਿੰਡ ਕਰੀਵਾਲਾ (ਸਿਰਸਾ) ਵਿਚ ਕਾਵਿ ਪੁਸਤਕ 'ਚੁੱਪ ਰਹਾਂ ਕਿ ਬੋਲਾਂ' ਦੇ ਰੀਲੀਜ਼ ਸਮਾਗਮ ਸਮੇਂ ਖੱਬੇ ਤੋਂ ਸੱਜੇ, ਕਾ. ਸੁਵਰਨ ਸਿੰਘ ਵਿਰਕ, ਕਾ. ਜਸਵੰਤ ਸਿੰਘ ਜੋਸ਼, ਸ. ਸਵਿੰਦਰ ਸਿੰਘ ਸਰਪੰਚ ਦਮਦਮਾ ਅਤੇ ਬਾਬਾ ਅਜਾਇਬ ਸਿੰਘ ਖਾਦਮ (ਲੇਖਕ)

Registered No. PB 0016 (2006-2008) MONTHLY WARIAM Ladowali Road, Jalandhar-144 001
Regd. RNI No. 26453/75
October 2006

ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ, ਕੀਤਾ
ਫੋਨ: 2222543, ਨਿਵਾਸ